ਕੌਮਾਂਤਰੀ
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 6 | Issue 27 | 05 July to 11 July 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com

## ਮਡੈਸਟੋ ਪੁਲੀਸ ਵਲੋਂ ਕੁਰਾਲੀ ਵਾਲਾ ਬਾਬਾ ਗ੍ਰਿਫ਼ਤਾਰ

**ਮਡੈਸਟੋ/ਬਿਊਰੋ ਨਿਊਜ਼ :** ਕੈਲੀਫੋਰਨੀਆ ਦੇ ਸ਼ਹਿਰ ਮਡੈਸਟੋ ਨੇੜੇ ਡੇਰਾ ਬਣਾਈ ਬੈਠੇ ਬਾਬਾ ਬਲਵਿੰਦਰ ਸਿੰਘ (ਕੁਰਾਲੀ ਵਾਲੇ) ਨੂੰ ਪੁਲੀਸ ਨੇ ਸੰਗੀਨ ਧਾਰਾਵਾਂ ਤਹਿਤ



ਗ੍ਰਿਫ਼ਤਾਰ ਕੀਤਾ ਹੈ। ਉਸ 'ਤੇ ਆਪਣੇ ਸਾਥੀ ਉਂਕਾਰ ਸਿੰਘ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਦੇਣ, ਤਾਕਤ ਦੀ ਦੁਰਵਰਤੋਂ ਕਰਕੇ ਕੁਝ ਹਥਿਆਉਣ ਦੇ ਦੋਸ਼ਾਂ ਤਹਿਤ ਸੀਪੀਸੀ (ਕੈਲੀਫੋਰਨੀਆ ਪੀਨਲ ਕੋਡ) ਦੀ ਧਾਰਾ 422 ਤੇ 518 ਅਧੀਨ ਕੇਸ ਦਰਜ ਕੀਤਾ ਗਿਆ ਹੈ। ਕੈਨੇਡਾ ਤੇ ਅਮਰੀਕਾ ਵਿਚ ਇਸ ਬਾਬੇ ਦੀ ਗ੍ਰਿਫ਼ਤਾਰੀ ਦੀ ਕਾਫ਼ੀ ਚਰਚਾ ਹੋ ਰਹੀ ਹੈ। ਕੁੱਝ ਹੋਰ ਪੀੜਤਾਂ ਵੱਲੋਂ ਵੀ ਇਸ ਬਾਬੇ ਖ਼ਿਲਾਫ਼ ਪੁਲੀਸ ਨੂੰ ਸ਼ਿਕਾਇਤਾਂ ਭੇਜੀਆਂ ਜਾ ਰਹੀਆਂ ਹਨ। ਇਸ ਬਾਬੇ ਵੱਲੋਂ ਪਿਛਲੇ ਸਾਲ ਕੈਨੇਡਾ ਵਿਚ ਆਪਣੇ ਇਕ ਸ਼ਰਧਾਲੂ ਦੇ ਘਰ ਠਹਿਰਣ ਸਮੇਂ ਕੀਤੀ ਅਸ਼ਲੀਲ ਹਰਕਤ ਬਾਰੇ ਮੁੜ ਚਰਚਾ ਛਿੜ ਗਈ ਹੈ। ਉੱਤਰੀ ਅਮਰੀਕਾ ਦੇ ਪੰਜਾਬੀ ਮੀਡੀਆ ਵਿਚ ਇਹ ਮਾਮਲਾ ਛਾਇਆ ਹੋਇਆ ਹੈ। ਪੁਲੀਸ ਨੇ ਬਾਬੇ ਦੀ ਫੋਟੋ ਅਤੇ ਉਸ ਖ਼ਿਲਾਫ਼ ਲਾਏ ਦੋਸ਼ਾਂ ਬਾਰੇ ਜਾਣਕਾਰੀ ਵੀ ਜਾਰੀ ਕੀਤੀ ਹੈ।

### ਕਾਂਗਰਸ ਸਰਕਾਰ ਦੇ 100 ਦਿਨ ਪੂਰੇ

# ਕੈਪਟਨ ਨੇ ਗਿਣਵਾਈਆਂ ਪ੍ਰਾਪਤੀਆਂ

## ਅਪਣੇ ਕੁੱਝ ਵਾਅਦਿਆਂ ਤੋਂ ਪਿੱਛੇ ਹਟੇ

### ਕਿਸਾਨਾਂ ਦੇ ਫਸਲੀ ਕਰਜ਼ੇ ਹੀ ਮਾਫ ਹੋਣਗੇ, ਕੇਬਲ ਮਾਫ਼ੀਆ ਵਿਰੁੱਧ ਅਥਾਰਟੀ ਨਹੀਂ ਬਣੇਗੀ

**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਪੱਸ਼ਟ ਕਿਹਾ ਹੈ ਕਿਸਾਨਾਂ ਦੇ ਸਿਰਫ਼ ਫਸਲੀ ਕਰਜ਼ੇ ਹੀ ਮਾਫ ਹੋਣਗੇ। ਜਦੋਂ ਕਿ ਬਾਦਲਾਂ ਦੇ ਖ਼ਾਸ ਬੰਦਿਆਂ ਦੇ ਫਾਸਟ ਵੇਅ ਕੇਬਲ ਨੈਟਵਰਕ ਵਲੋਂ ਕਥਿੱਤ ਤੌਰ ਉੱਤੇ ਕੀਤੀਆਂ ਕਰੋੜਾਂ ਰੁਪਈਆਂ ਦੀਆਂ ਧਾਂਦਲੀਆਂ ਬਾਰੇ ਕੈਪਟਨ ਨੇ ਅਸਿੱਧੇ ਰੂਪ ਵਿੱਚ ਮਾਲਕਾਂ ਦਾ ਪੱਖ ਲੈਂਦਿਆਂ ਕਿਹਾ ਕਿ ਕੇਬਲ ਮਾਫ਼ੀਆ ਵਿਰੁੱਧ ਅਥਾਰਟੀ ਨਹੀਂ ਬਣੇਗੀ।

ਕਾਂਗਰਸ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਮੰਗਲਵਾਰ ਨੂੰ ਇੱਥੇ ਆਪਣੀ ਪ੍ਰਾਪਤੀਆਂ ਨੂੰ ਮੀਡੀਆ 'ਚ ਰੱਖਦਿਆਂ ਜਿੱਥੇ ਪ੍ਰਾਪਤੀਆਂ ਗਿਣਵਾਈਆਂ, ਉਥੇ ਉਹ ਚੋਣਾਂ ਦੌਰਾਨ ਕੀਤੇ ਅਪਣੇ ਕੁੱਝ ਵਾਅਦਿਆਂ ਤੋਂ ਪਿੱਛੇ ਵੀ ਹਟ ਗਏ। ਪੰਜਾਬ ਵਿੱਚ ਇੱਕ ਕੇਬਲ ਨੈੱਟਵਰਕ ਅਤੇ ਮੀਡੀਆ ਚੈਨਲ ਦੀ ਸਰਦਾਰੀ ਹੋਣ ਕਾਰਨ ਇੱਕ ਪਾਸੜ ਖ਼ਬਰਾਂ ਦੇ ਰੁਝਾਨ ਸਬੰਧੀ ਇੱਕ ਸਵਾਲ ਦਾ

**ਬਾਕੀ ਸਫ਼ਾ 30 'ਤੇ**



# ਭਾਰਤ ਤੇ ਇਜ਼ਰਾਈਲ ਵਿਚਾਲੇ ਬਣ ਗਿਐ ਤਕੜਾ ਗੱਠਜੋੜ

- ਤਲ ਅਵੀਵ ਪੁੱਜਣ 'ਤੇ ਨਰਿੰਦਰ ਮੋਦੀ ਦਾ ਭਰਵਾਂ ਸਵਾਗਤ
- ਸਾਡੇ ਰਿਸ਼ਤੇ ਆਸਮਾਨ ਤੋਂ ਵੀ ਉੱਚੇ, ਵਰ੍ਹਿਆਂ ਲੰਮੀ ਉਡੀਕ..: ਨੇਤਨਯਾਹੂ

**ਤਲ ਅਵੀਵ/ਬਿਊਰੋ ਨਿਊਜ਼ :**
ਵਿਸ਼ਵ ਭਰ ਵਿੱਚ ਨਵੀਂ ਰਾਜਸੀ ਸਫ਼ਬੰਦੀਆਂ ਦੌਰਾਨ ਭਾਰਤ ਤੇ ਇਜ਼ਰਾਈਲ ਵਿਚਾਲੇ ਤਕੜਾ ਗੱਠਜੋੜ ਬਣ ਗਿਐ ਜਿਹੜਾ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਤਲ ਅਵੀਵ ਉੱਤੇ ਪੁੱਜਣ ਕੀਤੇ ਭਰਵੇਂ ਸਵਾਗਤ ਤੋਂ ਸਪੱਸ਼ਟ ਸਾਹਮਣੇ ਆਉਂਦਾ ਹੈ

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਇਜ਼ਰਾਈਲ ਦੀ ਧਰਤੀ 'ਤੇ ਕਦਮ ਰੱਖਦਿਆਂ ਹੀ ਇਜ਼ਰਾਈਲੀ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਜਦੋਂ ਹਿੰਦੀ 'ਚ ਕਿਹਾ, "ਤੁਹਾਡਾ ਸਵਾਗਤ ਹੈ ਮੇਰੇ ਦੋਸਤ', ਉਦੋਂ ਸਿਆਸੀ ਮਾਹਰਾਂ ਵਲੋਂ ਅੰਦਾਜ਼ਾ ਲਗਾਇਆ ਗਿਆ ਕਿ ਕਿਵੇਂ ਯਹੂਦੀਆਂ ਦਾ ਇਹ ਦੇਸ਼ ਚਾਵਾਂ ਨਾਲ ਕਿਸੇ ਭਾਰਤੀ ਪ੍ਰਧਾਨ ਮੰਤਰੀ ਦਾ 70 ਸਾਲਾਂ ਤੋਂ ਇੰਤਜ਼ਾਰ ਕਰ ਰਿਹਾ ਸੀ। ਬੇਨ ਗੁਰਿਅਨ

**ਬਾਕੀ ਸਫ਼ਾ 30 'ਤੇ**



### ਤੁਹਾਡਾ ਸਵਾਗਤ ਹੈ, ਮੇਰੇ ਦੋਸਤ...

ਸਵਾਗਤ ਹੈ, ਮੇਰੇ ਦੋਸਤ... ਇਹ ਦੌਰਾ ਬਹੁਤ ਇਤਿਹਾਸਕ ਹੈ। ਅਸੀਂ ਭਾਰਤ ਨਾਲ ਬਹੁਤ ਪਿਆਰ ਕਰਦੇ ਹਾਂ। ਤੁਸੀਂ ਦੁਨੀਆਂ ਦਾ ਮਹਾਨ ਲੀਡਰ ਹੋ। ਮੈਨੂੰ ਯਾਦ ਹੈ ਕਿ ਸਾਡੀ ਪਹਿਲੀ ਮੁਲਾਕਾਤ 'ਚ ਤੁਸੀਂ ਕਿਹਾ ਸੀ ਕਿ ਭਾਰਤ-ਇਜ਼ਰਾਇਲ ਦੇ ਰਿਸ਼ਤੇ ਆਸਮਾਨ ਦੀ ਉੱਚਾਈ ਜਿੰਨੇ ਮਜ਼ਬੂਤ ਹਨ। ਪਰ ਅੱਜ ਮੈਂ ਕਹਿੰਦਾ ਹਾਂ ਕਿ ਇਹ ਰਿਸ਼ਤਾ ਆਸਮਾਨ ਤੋਂ ਵੀ ਉੱਚਾ ਹੈ। ਅਸੀਂ ਪੁਲਾੜ ਤਕ ਸਾਂਝੇਦਾਰੀ ਕਰ ਰਹੇ ਹਾਂ।

**- ਬੇਂਜਾਮਿਨ ਨੇਤਨਯਾਹੂ, ਇਜ਼ਰਾਈਲੀ ਪ੍ਰਧਾਨ ਮੰਤਰੀ**

### ਮੇਰੀ ਖੁਸ਼ਕਿਸਮਤੀ ਹੈ ...

ਮੈਨੂੰ ਇੱਥੇ ਆਉਣ 'ਤੇ ਖੁਸ਼ੀ ਹੈ। ਮੈਂ ਏਅਰਪੋਰਟ 'ਤੇ ਅਗਵਾਈ ਕਰਨ ਆਏ ਆਪਣੇ ਦੋਸਤ ਪ੍ਰਧਾਨ ਮੰਤਰੀ ਨੇਤਨਯਾਹੂ ਦਾ ਧੰਨਵਾਦੀ ਹਾਂ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ਇਜ਼ਰਾਈਲ ਦੀ ਯਾਤਰਾ ਕਰਨ ਵਾਲਾ ਮੈਂ ਪਹਿਲਾਂ ਭਾਰਤੀ ਪ੍ਰਧਾਨ ਮੰਤਰੀ ਹਾਂ। ਸਾਨੂੰ ਅਤਿਵਾਦ ਦੇ ਸਾਂਝੇ ਖਤਰਿਆਂ ਤੋਂ ਆਪਣੇ ਸਮਾਜ ਨੂੰ ਸੁਰੱਖਿਅਤ ਕਰਨਾ ਹੋਵੇਗਾ। ਸਾਡੀ ਸਭਿਅਤਾ ਪੁਰਾਣੀ ਹੈ, ਪਰ ਦੇਸ਼ ਨੌਜਵਾਨ ਹੈ। ਸਾਡੇ ਕੋਲ ਹੋਣਹਾਰ ਅਤੇ ਯੋਗ ਨੌਜਵਾਨ ਹਨ, ਜੋ ਸਾਡੀ ਮੁੱਖ ਤਾਕਤ ਹਨ। ਇਸ ਲਈ ਇਕੱਠਿਆਂ ਚਲਣ ਦਾ ਇਹ ਸਫ਼ਰ ਸਾਰੇ ਹਿੱਤ 'ਚ ਹੋਵੇਗਾ।

**- ਨਰਿੰਦਰ ਮੋਦੀ, ਭਾਰਤੀ ਪ੍ਰਧਾਨ ਮੰਤਰੀ**

### ਫੁੱਲ ਦਾ ਨਾਂ ਮੋਦੀ' ਰੱਖਿਆ

ਇਜ਼ਰਾਈਲ 'ਚ ਤੇਜ਼ੀ ਨਾਲ ਵਧਣ ਵਾਲੇ ਗੁਲਦਾਊਦੀ ਨੂੰ ਮੋਦੀ ਦਾ ਨਾਂ ਦਿੱਤਾ ਗਿਆ ਹੈ। ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਇਸ ਯਹੂਦੀ ਰਾਸ਼ਟਰ ਦੀ ਪਹਿਲੀ ਯਾਤਰਾ ਦੇ ਮੌਕੇ 'ਤੇ ਇਜ਼ਰਾਈਲ ਵੱਲੋਂ ਇਹ ਸਨਮਾਨ ਦਿੱਤਾ ਗਿਆ।

## ਮਹਾਰਾਜਾ ਦਲੀਪ ਸਿੰਘ ਭਾਰਤੀ ਆਜ਼ਾਦੀ ਸੰਗਰਾਮ ਦਾ ਅਣਗੌਲਿਆ ਨਾਇਕ : ਸਤਿੰਦਰ ਸਰਤਾਜ

### 'ਦੀ ਬਲੈਕ ਪ੍ਰਿੰਸ' ਦਾ ਗਾਣਾ ਵਾਰ' ਰਿਲੀਜ਼



**ਅੰਮ੍ਰਿਤਸਰ/ਬਿਊਰੋ ਨਿਊਜ਼ :** ਸੂਫ਼ੀ ਅਤੇ ਲੋਕ ਗਾਇਕ ਤੋਂ ਅਦਾਕਾਰ ਬਣੇ ਸਤਿੰਦਰ ਸਰਤਾਜ ਨੇ ਇੱਥੇ ਹਰੀ ਸਿੰਘ ਨਲਵਾ ਦੀ ਵਾਰ' ਰਿਲੀਜ਼ ਕਰਨ ਮੌਕੇ ਕਿਹਾ ਕਿ ਮਹਾਰਾਜਾ ਦਲੀਪ ਸਿੰਘ, ਜਿਨ੍ਹਾਂ ਨੂੰ ਪਰਥਸ਼ਾਇਰ ਦਾ ਬਲੈਕ ਪ੍ਰਿੰਸ ਵੀ ਕਿਹਾ ਜਾਂਦਾ ਹੈ, ਭਾਰਤ ਦੇ ਆਜ਼ਾਦੀ ਅੰਦੋਲਨ ਦਾ ਅਣਗੌਲਿਆ ਨਾਇਕ ਹੈ। ਉਨ੍ਹਾਂ ਕਿਹਾ ਕਿ ਇਹ ਬੜੀ ਬਦਕਿਸਮਤੀ ਹੈ ਕਿ ਮਹਾਰਾਜਾ ਦਲੀਪ ਸਿੰਘ ਨੇ ਆਜ਼ਾਦੀ ਸੰਗਰਾਮ ਦੀ ਨੀਂਹ ਰੱਖੀ ਸੀ, ਪਰ ਇਸ ਯੋਧੇ ਨੂੰ ਨਾਇਕ ਵਜੋਂ ਕਦੇ ਮਾਨਤਾ ਨਹੀਂ ਦਿੱਤੀ ਗਈ। ਸਰਤਾਜ ਦੇ ਅਭਿਨੈ ਵਾਲੀ ਦੀ ਬਲੈਕ ਪ੍ਰਿੰਸ' ਭਾਰਤ ਵਿਚ 21 ਜੁਲਾਈ ਨੂੰ ਰਿਲੀਜ਼ ਹੋਣ ਜਾ ਰਹੀ ਹੈ।

**ਬਾਕੀ ਸਫ਼ਾ 30 'ਤੇ**

For Advertisements in Quomantry Amritsar Times Please Call :
Jai Singh
510-677-2777













IN CINEMAS
JULY 21st
ENGLISH | PUNJABI | HINDI
BASED ON THE TRUE STORY OF
MAHARAJA DULEEP SINGH
THE BLACK PRINCE
A FILM BY KAVI RAZ
A FILM BY KAVI RAZ "THE BLACK PRINCE" STARRING SATINDER SARTAAJ JASON FLEMYNG AMANDA ROOT SOPHIE STEVENS RUP MAGON AND SHABANA AZMI MUSIC BY GEORGE KALLIS
SONGS MUSIC BY PREM & HARDEEP EDITED BY HEIDI SCHARFE JULY 21ST DIRECTOR OF PHOTOGRAPHY AARON C. SMITH WRITTEN AND DIRECTED BY KAVI RAZ
PG-13 PARENTS STRONGLY CAUTIONED
Some Material May Be Inappropriate for Children Under 13
CROSSOVER
brillstein entertainment partners
FAITH. BETRAYAL. HOPE.
ACI
UNISYS
STERLING

# ਸਿੱਖ 'ਦਾ ਬਲੈਕ ਪ੍ਰਿੰਸ' ਫਿਲਮ ਨੂੰ ਗਲੇ ਲਗਾਉਣ : ਸ਼ਬਾਨਾ ਆਜ਼ਮੀ

**ਲੰਡਨ/ਬਿਊਰੋ ਨਿਊਜ਼:** ਅੱਜ ਕਲ੍ਹ ਇੱਥੇ ਇਕ ਫਿਲਮ ਦੀ ਸ਼ੂਟਿੰਗ ਉਤੇ ਆਏ ਹੋਏ ਬਾਲੀਵੁੱਡ ਦੀ ਬਹੁਤ ਹੀ ਸਤਿਕਾਰਯੋਗ ਅਤੇ ਮੰਨੀ-ਪ੍ਰਮੰਨੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਮਹਾਰਾਜਾ ਦਲੀਪ ਸਿੰਘ ਦੀ ਜਿੰਦੇ ਆਧਾਰਤ ਬਣੀ ਫਿਲਮ 'ਦਾ ਬਲੈਕ ਪ੍ਰਿੰਸ' ਬਾਰੇ ਗੱਲਬਾਤ ਕਰਦੇ ਹੋਏ ਕਿਹਾ ਕਿ ਸਿੱਖਾਂ ਨੂੰ ਇਹ ਫਿਲਮ ਤਾਂ ਗਲੇ ਨਾਲ ਲਗਾ ਕੇ ਅਪਨਾਉਣੀ ਚਾਹੀਦੀ ਹੈ। ਉਨ੍ਹਾਂ ਨੇ ਕਿਹਾ ਕਿ ਮੈਂ ਫਿਲਮ ਦੀ ਸਕਰਿਪਟ ਤਾਂ ਚਾਹੇ ਪੜ੍ਹੀ ਸੀ ਪਰ ਪਰਦੇ ਤੇ ਸਕਰਿਪਟ ਨੂੰ ਹੂ-ਬ-ਹੂ ਡਾਇਰੈਕਟਰ ਪੇਸ਼ ਕਰ ਸਕਿਆ ਹੈ ਕਿ ਨਹੀਂ ਵੀ ਬਹੁਤ ਵੱਡਾ ਚੈਲੇਜ ਹੁੰਦਾ ਹੈ।

21 ਜੁਲਾਈ ਨੂੰ ਵਿਸ਼ਵ ਭਰ ਵਿੱਚ ਰਿਲੀਜ ਹੋਣ ਜਾ ਰਹੀ ਅਤੇ ਕਈ ਕੌਮਾਂਤਰੀ ਇਨਾਮ ਜਿੱਤ ਚੁੱਕੀ ਫਿਲਮ 'ਦਾ ਬਲੈਕ ਪ੍ਰਿੰਸ' ਸਬੰਧੀ ਗੱਲਬਾਤ ਕਰਦਿਆਂ ਸ਼ਬਾਨਾ ਨੇ ਦਸਿਆ ਕਿ ਉਨ੍ਹਾਂ ਨੇ ਪੂਰੀ ਫਿਲਮ ਕੱਲ੍ਹ ਹੀ ਦੇਖੀ ਹੈ ਅਤੇ 'ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਸਿੱਖਾਂ ਵੱਲੋਂ ਭਾਰਤ ਦੀ ਆਜ਼ਾਦੀ ਵਿਚ ਪਾਏ ਇਸ ਯੋਗਦਾਰ ਬਾਰੇ ਕਿਸੇ ਨੂੰ ਵੀ ਪਤਾ ਨਹੀਂ। ਸਿੱਖਾਂ ਵੱਲੋਂ ਆਜ਼ਾਦੀ ਦੌਰਾਨ ਪਾਏ 1915 ਤੋਂ ਬਾਅਦ ਦੇ ਸਮੇਂ ਬਾਰੇ ਤਾਂ ਗੱਲ ਹੁੰਦੀ ਹੈ ਪਰ 1880ਵਿਆਂ ਵਿਚ ਅਨੇਕਾਂ ਹੀ ਸਿੱਖ ਜੇਲ੍ਹਾ ਵਿਚ ਗਏ, ਮਾਰੇ ਗਏ ਜਾਂ ਕਾਲੇਪਾਨੀ ਦੀ ਜ਼ਲਾਵਤਨੀ ਸਹਿਣੀ ਪਈ ਬਾਰੇ ਭਾਰਤ ਦੇ ਇਤਿਹਾਸ ਦੀ ਕਿਸੇ ਕਿਤਾਬ ਵਿਚ ਸ਼ਾਇਦ ਨਹੀਂ ਮਿਲਦਾ।


'ਦ ਬਲੈਕ ਪ੍ਰਿੰਸ' ਫਿਲਮ ਦੀ ਇੰਗਲੈਂਡ ਵਿੱਚ ਸ਼ੂਟਿੰਗ ਦੇ ਮੌਕੇ ਸ਼ਬਾਨਾ ਆਜ਼ਮੀ ਦੀ ਇੱਕ ਯਾਦਗਾਰੀ ਤਸਵੀਰ।

ਸ਼ਬਾਨਾ ਆਜ਼ਮੀ ਨੇ ਜਿੱਥੇ ਸਿੱਖਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਮੰਗ ਵੀ ਕੀਤੀ ਕਿ ਭਾਰਤ ਦੇ ਇਤਿਹਾਸ ਵਿਚ ਇਹ ਚੈਪਟਰ ਵੀ ਲਿਖਿਆ ਜਾਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਬਹੁਤ ਖੁਸ਼ ਹਾਂ ਅਤੇ ਸ਼ੁਕਰਗੁਜਾਰ ਵੀ ਹਾਂ ਕਿ ਪ੍ਰੋਡਿਊਸਰਾਂ ਨੇ ਪੂਰੀ ਤਨਦੇਹੀ ਨਾਲ ਇਹ ਭੁੱਲਿਆ ਇਤਿਹਾਸ ਸਾਡੇ ਸਾਹਮਣੇ ਲਿਆਉਣ ਦੇ ਇਲਾਵਾ ਇਕ ਚੈਲੇਜ ਵੀ ਖੜ੍ਹਾ ਕੀਤਾ ਹੈ। ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੈ ਕਿ ਮੇਰੀ ਇਹ ਪਹਿਲੀ ਫਿਲਮ ਹੈ ਜਿਸ ਵਿਚ ਮੈਂ ਪੰਜਾਬੀ ਬੋਲੀ ਹੈ ਅਤੇ ਇਕ ਮਹਾਨ ਔਰਤ ਮਹਾਰਾਣੀ ਜਿੰਦਾਂ ਦਾ ਕਿਰਦਾਰ ਨਿਭਾਉਣ ਦਾ ਮੌਕਾ ਮਿਲਿਆ ਹੈ। ਉਨ੍ਹਾਂ ਕਿਹਾ ਕਿ ਸਿਰਫ ਸਿੱਖ ਹੀ ਨਹੀਂ ਸਗੋਂ ਸਾਰੇ ਭਾਰਤੀਆਂ ਨੂੰ ਇਹ ਫਿਲਮ ਦੇਖ ਕੇ ਮਹਾਰਾਜਾ ਦਲੀਪ ਸਿੰਘ ਵੱਲੋਂ ਕੀਤੇ ਇਸ ਸੰਘਰਸ਼ ਦੀ ਪ੍ਰੋੜਤਾ ਕਰਨੀ ਚਾਹੀਦੀ ਹੈ।






## ਡਾਕਟਰ ਗੁਰਮੀਤ ਸਿੰਘ ਔਲਖ ਨੂੰ ਸ਼ਰਧਾਜਲੀਆਂ

### ਭਾਈ ਰਾਮ ਸਿੰਘ ਵਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਤੇ ਸਮੁੱਚੀ ਸੰਗਤ ਦੀ ਤਰਫੋਂ ਡਾਕਟਰ ਔਲਖ ਦੇ ਪਰਿਵਾਰ ਦਾ ਸਨਮਾਨ



**ਫਰੀਮਾਂਟ/ਬਿਊਰੋ ਨਿਊਜ਼:** ਮਰਹੂਮ ਖਾਲਿਸਤਾਨੀ ਆਗੂ ਅਤੇ ਕੌਂਸਲ ਆਫ਼ ਖਾਲਿਸਤਾਨ ਦੇ ਪ੍ਰਧਾਨ ਡਾਕਟਰ ਗੁਰਮੀਤ ਸਿੰਘ ਔਲਖ, ਜਿਹੜੇ ਕੁਝ ਦਿਨ ਪਹਿਲਾਂ ਪਰਿਵਾਰ ਨੂੰ ਅਤੇ ਸਮੁੱਚੀ ਸਿੱਖ ਕੌਮ ਨੂੰ ਸਦੀਵੀਂ ਬੇਛੋੜਾ ਦੇ ਗਏ ਸਨ, ਉਨ੍ਹਾਂ ਦੇ ਪੰਜ ਭੂਤਕ ਸਰੀਰ ਨੂੰ ਵਰਜੀਨੀਆ ਵਿਚ ਲੰਘੇ ਸ਼ਨਿਚਰਵਾਰ 1 ਜੁਲਾਈ 2017 ਨੂੰ ਅਗਨ ਭੇਂਟ ਕੀਤਾ ਗਿਆ। ਇਸ ਮੌਕੇ ਸ਼ਰਧਾਂਜਲੀ ਸਮਾਗਮ 'ਚ ਵੱਖੋ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਪੰਥਕ ਬੁਲਾਰਿਆਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਗਏ। ਉਥੇ ਕੈਲੀਫੋਰਨੀਆ ਦੇ ਪ੍ਰਸਿੱਧ ਸ਼ਹੀਦਾਂ ਨੂੰ ਸਮਰਪਿਤ ਗੁਰਦੁਆਰਾ ਸਾਹਿਬ ਫਰੀਮਾਂਟ ਵੱਲੋਂ ਭਾਈ ਰਾਮ ਸਿੰਘ ਨੇ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਜਿਸ ਤਰੀਕੇ ਨਾਲ ਸੰਨ 1984 ਤੋਂ ਬਾਅਦ ਆਪਣੇ ਕੈਰੀਅਰ ਦੀ ਪ੍ਰਵਾਹ ਨਾ ਕਰਦਿਆਂ,

**ਬਾਕੀ ਸਫ਼ਾ 32 'ਤੇ**





SAVE $2500
ON DIESEL PER TRUCK WITH
ONE CALL!
10¢
TRANS-ALLIANCE
KHALSA
FUEL CARD
1243 6756 7698 3421
TRANS EXPRESS
DISCOUNT PER GALLON
✓ No more Pre-Paid Cards
✓ Get Rid of Bank Wires
✓ Low Transaction Fee
MORE: SAVINGS.
SAVE
$40
OIL CHANGE AND
ANY SYNTHETIC BOX
CHANGE SERVICE.
We Proudly Feature: Mobil Delvac
TA TRUCK SERVICE
MORE: BAYS. EXPERTISE. SOLUTIONS.
MORE: EXPERTISE.
To Get You Rolling.
Highly-trained ASE and
TIA-certified technicians.
All major tire brands serviced roadside.
TA TRUCK SERVICE
ROADSQUAD
YOU BREAK DOWN. WE SHOW UP.
844-698-1923
NEW PHONE NUMBER JUST FOR TRANS-ALLIANCE MEMBERS!
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਖਾਲਿਸਤਾਨ ਦੇ "ਰਾਸ਼ਟਰਪਤੀ" ਵਜੋਂ ਜਾਣੇ ਜਾਂਦੇ ਡਾ. ਗੁਰਮੀਤ ਸਿੰਘ ਸਿੰਘ ਔਲਖ ਦੇ ਅਰਦਾਸ ਸਮਾਗਮ ਗੁਰਦੁਆਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਸੰਪੰਨ








**ਮਿਲਪੀਟਸ/ਬਿਊਰੋ ਨਿਊਜ਼:** ਕੌਂਸਲ ਆਫ ਖਾਲਿਸਤਾਨ ਦੇ "ਰਾਸ਼ਟਰਪਤੀ" ਵਜੋਂ ਜਾਣੇ ਜਾਂਦੇ ਡਾ. ਗੁਰਮੀਤ ਸਿੰਘ ਸਿੰਘ ਔਲਖ ਦੇ ਨਮਿਤ ਅਰਦਾਸ ਸਮਾਗਮ ਗੁਰਦੁਆਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ ਵਿਖੇ ਕਰਵਾਏ ਗਏ ਜਿਸ ਵਿੱਚ ਅਮਰੀਕਾ ਵਿਖੇ ਰਹਿ ਰਹੇ ਵੱਖ-ਵੱਖ ਸਿੱਖ ਵਿਦਵਾਨਾਂ ਅਤੇ ਸ਼ਹੀਦਾਂ ਦੇ ਪਰਿਵਾਰਾਂ ਦੇ ਮੈਂਬਰਾਂ ਨੇ ਸ਼ਮੂਲੀਅਤ ਕੀਤੀ। ਜ਼ਿਕਰਯੋਗ ਹੈ ਕਿ ਡਾ. ਗੁਰਮੀਤ ਸਿੰਘ ਸਿੰਘ ਔਲਖ ਪਿਛਲੇ ਕਾਫ਼ੀ ਸਮੇਂ ਤੋਂ ਕੈਂਸਰ ਦੀ ਬਿਮਾਰੀ ਨਾਲ ਪੀੜਤ ਸਨ ਅਤੇ ਜ਼ੇਰੇ ਇਲਾਜ਼ ਸਨ, ਉਨ੍ਹਾਂ ਦਾ 21 ਜੂਨ 2017 ਨੂੰ ਅਮਰੀਕਾ ਵਿੱਚ ਉਨ੍ਹਾਂ ਦੇ ਗ੍ਰਹਿ ਵਿਖੇ ਦੇਹਾਂਤ ਹੋ ਗਿਆ ਸੀ। ਉਨ੍ਹਾਂ ਦੇ ਇਸ ਦੁਨੀਆਂ ਨੂੰ ਅਲਵਿਦਾ ਕਹਿਣ ਤੋਂ ਬਾਅਦ ਪੰਥ ਨੂੰ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

ਸਮਾਗਮਾਂ ਦੀ ਸ਼ੁਰੂਆਤ ਸ੍ਰੀ ਸੁਖਮਨੀ ਸਾਹਿਬ ਦੇ ਗੁਰਬਾਣੀ ਪ੍ਰਵਾਹ ਨਾਲ ਸ਼ੁਰੂ ਹੋਈ ਤੇ ਗੁਰੂ ਕੀ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਦੀ ਸਮਾਪਤੀ ਤੋਂ ਬਾਅਦ ਵਿਸ਼ੇਸ਼ ਸਮਾਗਮ ਵਿੱਚ ਸ਼ਾਮਿਲ ਹੋਏ ਬੁਲਾਰਿਆਂ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ ਜਿਨ੍ਹਾਂ ਵਿੱਚ ਡਾ. ਹਰਿੰਦਰ ਸਿੰਘ, ਟਰਲਕ ਗੁਰੂ ਘਰ ਤੋਂ ਸ. ਸੰਦੀਪ ਸਿੰਘ ਜੈਂਟੀ, ਪੰਜਾਬ ਤੋਂ ਆਏ ਹੋਏ ਨਾਮਵਰ ਪੱਤਰਕਾਰ ਸੁਰਿੰਦਰ ਸਿੰਘ, ਨਜਾਇਜ਼ ਤੌਰ ਉੱਤੇ ਜੇਲ੍ਹਾਂ ਵਿਚ ਡੱਕੇ ਸਿੱਖਾਂ ਦੀ ਰਿਹਾਈ ਲਈ ਲੰਮੀ ਭੁੱਖ ਹੜਤਾਲ ਤੇ ਬੈਠੇ ਬਾਪੂ ਸੂਰਤ ਦੇ ਫਰਜੰਦ ਭਾਈ ਰਵਿੰਦਰ ਸਿੰਘ ਗੋਗੀ, ਗੁਰਦੁਆਰਾ ਐਲਸੋਬਰਾਂਟੇ ਦੇ ਸਾਬਕਾ ਸਕੱਤਰ ਭਾਈ ਸੁਰਿੰਦਰਜੀਤ ਸਿੰਘ ਬਾਜਵਾ ਅਤੇ ਖਾਲਿਸਤਾਨ ਦੇ ਸ਼ਹੀਦਾਂ ਦੇ ਪਰਿਵਾਰਾਂ ਵੱਲੋਂ ਬਲਵਿੰਦਰਪਾਲ ਸਿੰਘ ਖਾਲਸਾ ਮੁਖ ਤੌਰ 'ਤੇ ਹਾਜ਼ਰ ਸਨ।

ਪਹੁੰਚੇ ਸਾਰੇ ਬੁਲਾਰਿਆਂ ਨੇ ਜਿੱਥੇ ਡਾ. ਗੁਰਮੀਤ ਸਿੰਘ ਔਲਖ ਵਲੋਂ ਖਾਲਿਸਤਾਨ ਦੀ ਪ੍ਰਾਪਤੀ ਦੇ ਸੰਘਰਸ਼ ਵਿਚ ਪਾਏ ਗਏ ਯੋਗਦਾਨ ਦੀ ਜਿਥੇ ਸ਼ਲਾਘਾ ਕੀਤੀ, ਉਥੇ ਸਮੁੱਚੇ ਪੰਥ ਨੂੰ ਇਕ ਆਜ਼ਾਦ ਰਾਸ਼ਟਰ ਦੀ ਪ੍ਰਾਪਤੀ ਤੱਕ ਇੱਕ ਹੋ ਕੇ ਸੰਘਰਸ਼ ਜਾਰੀ ਰੱਖਣ ਦੀ ਅਪੀਲ ਕਰਦਿਆਂ ਡਾ. ਔਲਖ ਦੀ ਮਿਹਨਤ ਅਤੇ ਸਿਰੜ ਕੋਲੋਂ ਪ੍ਰੇਰਣਾ ਲੈਣ ਦੀ ਬੇਨਤੀ ਵੀ ਕੀਤੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੋਆਰਡੀਨੇਟਰ ਡਾ. ਪ੍ਰਿਤਪਾਲ ਸਿੰਘ ਨੇ ਮਰਹੂਮ ਡਾ: ਔਲਖ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਵਿਸ਼ੇਸ਼ ਅਰਦਾਸ ਸਮਾਗਮ ਉਤੇ ਪਹੁੰਚੀਆਂ ਸੰਗਤਾਂ ਤੇ ਸਾਰੇ ਬੁਲਾਰਿਆਂ ਦੇ ਆਉਣ ਅਤੇ ਕੀਮਤੀ ਵਿਚਾਰ ਸੰਗਤਾਂ ਨਾਲ ਸਾਂਝੇ ਕਰਨ ਲਈ ਧੰਨਵਾਦ ਕੀਤਾ। ਗੁਰਦੁਆਰੇ ਦੇ ਸੇਵਾਦਾਰ ਭਾਈ ਜਸਵੰਤ ਸਿੰਘ ਵਲੋਂ ਸਟੇਜ ਸਕੱਤਰ ਦੀ ਸੇਵਾ ਨਿਭਾਈ ਗਈ। ਸਮੂਹ ਬੁਲਾਰਿਆਂ ਤੇ ਪ੍ਰਬੰਧਕਾਂ ਵਲੋਂ ਪੇਸ਼ੇਵਰ ਖੋਜੀ ਪੱਤਰਕਾਰ ਸੁਰਿੰਦਰ ਸਿੰਘ ਨੂੰ ਸਨਮਾਨਤ ਕੀਤਾ ਗਿਆ ਅਤੇ ਮੁੱਖ ਗਰੰਥੀ ਭਾਈ ਸਾਹਿਬ ਵਲੋਂ ਡਾ. ਗੁਰਮੀਤ ਸਿੰਘ ਔਲਖ ਦੀ ਯਾਦ ਨੂੰ ਸਮਰਪਤ ਅਰਦਾਸ ਕੀਤੀ ਗਈ।

## ਸਿੱਖ ਵਿਦਿਆਰਥੀ ਜੇ.ਜੇ. ਕਪੂਰ ਨੇ ਕੌਮੀ ਭਾਸ਼ਣ ਮੁਕਾਬਲਾ ਜਿੱਤਿਆ



**ਵਾਸ਼ਿੰਗਟਨ/ਬਿਊਰੋ ਨਿਊਜ਼ :** ਸਿੱਖ-ਅਮੈਰਿਕਨ ਵਿਦਿਆਰਥੀ ਨੇ ਇਸ ਸਾਲ ਦਾ ਕੌਮੀ ਭਾਸ਼ਣ ਤੇ ਬਹਿਸ ਮੁਕਾਬਲਾ ਜਿੱਤ ਲਿਆ ਹੈ। ਇਸ ਮੁਕਾਬਲੇ ਨੂੰ ਦੇਸ਼ ਵਿੱਚ ਹਾਈ ਸਕੂਲਾਂ ਦਾ ਸਭ ਤੋਂ ਅਹਿਮ ਮੁਕਾਬਲਾ ਮੰਨਿਆ ਜਾਂਦਾ ਹੈ। ਸਿੱਖ ਵਿਦਿਆਰਥੀ ਜੇਜੇ ਕਪੂਰ ਨੇ ਇਕ ਸਮਾਜਿਕ ਮੁੱਦੇ ਉਤੇ 'ਲੈਟ'ਸ ਡਾਂਸ' ਸਿਰਲੇਖ ਵਾਲੀ ਪ੍ਰੇਰਣਾਦਾਇਕ ਤਕਰੀਰ ਖ਼ੁਦ ਲਿਖੀ ਸੀ।

ਵੈਸਟ ਡੇਜ਼ ਮੋਇਨੀਜ਼ ਕਮਿਊਨਿਟੀ ਸਕੂਲਜ਼ ਦੀ ਰਿਪੋਰਟ ਮੁਤਾਬਕ ਉਸ ਨੇ ਭਾਸ਼ਣ, ਜਿਸ ਨੇ ਮੌਲਿਕ ਤਕਰੀਰ ਸ਼੍ਰੇਣੀ ਵਿੱਚ ਮੁਕਾਬਲਾ ਜਿੱਤਿਆ, ਦੀ ਸ਼ੁਰੂਆਤ ਬਾਲੀਵੁੱਡ ਡਾਂਸ ਨਾਲ ਕੀਤੀ ਅਤੇ ਉਸ ਨੇ ਤਕਰੀਰ ਇਕ ਸਿੱਖ ਅਮੈਰਿਕਨ ਨੌਜਵਾਨ ਵਜੋਂ ਆਪਣੇ ਤਜਰਬਿਆਂ ਨਾਲ ਰੰਗੀ ਹੋਈ ਸੀ। ਉਸ ਨੇ ਮੁਕਾਬਲੇ ਦੇ ਸੈਮੀ ਫਾਈਨਲ ਅਤੇ ਫਾਈਨਲ ਗੇੜਾਂ ਵਿੱਚ ਸਿਖ਼ਰਲਾ ਸਥਾਨ ਹਾਸਲ ਕਰਕੇ

ਬਾਕੀ ਸਫ਼ਾ 32 'ਤੇ

## ਸਿੱਖ ਸੰਘਰਸ਼ ਦੇ ਹਮਦਰਦ ਬਾਪੂ ਆਸਾ ਸਿੰਘ ਦਾ 99 ਸਾਲ ਦੀ ਉਮਰ 'ਚ ਅਕਾਲ ਚਲਾਣਾ



**ਹੁਸ਼ਿਆਰਪੁਰ/ਸਿੱਖ ਸਿਆਸਤ ਬਿਊਰੋ:** ਬਾਪੂ ਆਸਾ ਸਿੰਘ, ਜੋ ਕਿ ਸਾਰੀ ਜ਼ਿੰਦਗੀ ਸਿੱਖ ਸੰਘਰਸ਼ ਦੇ ਹਮਾਇਤੀ ਰਹੇ, 99 ਸਾਲ ਦੀ ਉਮਰ 'ਚ ਅਕਾਲ ਚਲਾਣਾ ਕਰ ਗਏ। ਬਾਪੂ ਆਸਾ ਸਿੰਘ ਦਾ ਅੰਤਮ ਸੰਸਕਾਰ ਸ਼ਨਿਚਰਵਾਰ ਪਹਿਲੀ ਜੁਲਾਈ) ਨੂੰ ਉਨ੍ਹਾਂ ਦੇ ਜੱਦੀ ਪਿੰਡ ਵਡਾਲਾ ਮਾਹੀ, ਨੇੜੇ ਸ਼ਾਮ ਚੁਰਾਸੀ, ਹੁਸ਼ਿਆਰਪੁਰ 'ਚ ਕੀਤਾ ਗਿਆ। ਬਾਪੂ ਆਸਾ ਸਿੰਘ ਉਨ੍ਹਾਂ ਸਿੱਖਾਂ ਵਿਚੋਂ ਇਕ ਸਨ ਜਿਨ੍ਹਾਂ ਨੂੰ ਬਹੁਚਰਚਿਤ ਲੁਧਿਆਣਾ ਬੈਂਕ ਡਕੈਤੀ (1987) 'ਚ ਟਾਡਾ ਅਧੀਨ 2012 'ਚ 10 ਸਾਲ ਦੀ ਸਜ਼ਾ ਹੋਈ ਸੀ। ਬਾਪੂ ਆਸਾ ਸਿੰਘ ਨੂੰ 10 ਜਨਵਰੀ, 2017 'ਚ ਸੁਪਰੀਮ ਕੋਰਟ ਨੇ ਬਰੀ ਕਰ ਦਿੱਤਾ ਸੀ।


CIS CALIFORNIA IMMIGRATION SERVICES
(Registered & Bonded)



- FAMILY IMMIGRATION
- GREEN CARD PETITION
- CITIZENSHIP
- OCI CARD / INDIAN PASSPORT
- BUSINESS / VISITOR VISA
- H-1 B VISA PETITION
- STUDENT VISA
- RELIGIOUS VISA
- LEGAL SERVICES



Rosy (Kanwal) Kaur
Immigration Consultant / LDA

CALL FOR FREE INITIAL CONSULTATION !
Ph: 510-573-3666, 408-422-8585

Fremont Office
4127 Bay Street, Suite 5
www.caials.com

Tracy Office
95 W. 11th Street, Suite 205
rosy@caials.com



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸ਼ੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS



Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544



B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!



Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਬੇ ਏਰੀਆ ਵਿਖੇ ਧਾਰਮਿਕ ਕਵੀ ਦਰਬਾਰ ਸਜਾਇਆ



**ਮਿਲਪੀਟਸ/ਬਿਊਰੋ ਨਿਊਜ਼:** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਗੁਰਦੁਆਰਾ ਸਿੰਘ ਸਭਾ ਬੇ ਏਰੀਆ ਮਿਲਪੀਟਸ (Gurdwara Sahib Singh Sabha- Bay Area, 680 E. Calaveras Blvd Milpitas CA-950 35) ਵਿਖੇ ਸਜਾਏ ਹਫ਼ਤਾਵਾਰੀ ਦੀਵਾਨਾਂ ਵਿਚ ਵਿਸ਼ੇਸ਼ ਤੌਰ ਤੇ ਬੜੀ ਸ਼ਰਧਾ ਭਾਵਨਾ ਨਾਲ ਸ੍ਰੀ ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ ਗਿਆ। ਪ੍ਰਮਿੰਦਰ ਸਿੰਘ ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਸੰਖਿਪਤ ਗੁਰੂ ਇਤਿਹਾਸ ਵਿਚ ਦਸਿਆ ਗਿਆ ਕਿ ਗੁਰੂ ਜੀ ਨੇ "ਜਉ ਤਉ ਪ੍ਰੇਮ ਖੇਲਣ ਕਾ ਚਾਉ।। ਸਿਰੁ ਧਰਿ ਤਲੀ ਗਲੀ ਮੇਰੀ ਆਉ।।" ਦੇ ਨਿਸਚੇ ਨੂੰ ਦ੍ਰਿੜ ਕਰ ਵਿਖਾਇਆ ਕਿ ਜੋ ਕੁਛ ਵੀ ਹੋਏ ਸਹੋ, ਭਾਣਾ ਮੰਨੋ ਪਰ ਅਸੂਲ ਨਾ ਛਡੋ। ਜ਼ਾਲਮ ਅਤੇ ਜ਼ੁਲਮ ਦਾ ਨਾਸ ਕਰੋ। ਗੁਰੂ ਜੀ ਨੇ ਸੰਗਤ ਨੂੰ ਉਪਦੇਸ਼ ਮਾਤਰ ਹੀ ਨਹੀਂ ਦਸਿਆ ਸਗੋਂ ਪੀੜਾ ਕਸ਼ਟ ਆਪ ਸਹਿ ਕੇ ਸਿੱਖਿਆ ਦਿੱਤੀ ਹੈ। ਉਨ੍ਹਾਂ ਸਿੱਖ ਇਤਿਹਾਸ ਵਿਚ ਸ਼ਹੀਦਾਂ ਦੇ ਸਿਰਤਾਜ਼ ਵਜੋਂ ਫ਼ਖਰ ਸਨਮਾਨ ਪ੍ਰਾਪਤ ਕੀਤਾ ਹੈ। ਧਾਰਮਿਕ ਕਵੀ ਦਰਬਾਰ ਵਿਚ ਗੁਰਦਿਆਲ ਸਿੰਘ ਨੂਰਪੁਰੀ, ਤਰਸੇਮ ਸਿੰਘ ਸੁੰਮਨ, ਜਸਦੀਪ ਸਿੰਘ ਫਰੀਮੌਂਟ, ਮਹਿੰਦਰ ਸਿੰਘ ਰਾਜਪੂਤ ਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਸ਼ਾਮਲ ਹੋਏ। ਪ੍ਰਬੰਧਕਾਂ ਵੱਲੋਂ ਪ੍ਰੋਗਰਾਮ ਦੀ ਸ਼ਲਾਘਾ ਕਰਦਿਆਂ ਕਵੀਆਂ ਦਾ ਸਿਰੋਪਾਉ ਦੀ ਬਖਸ਼ਿਸ਼ ਨਾਲ ਸਨਮਾਨ ਕੀਤਾ ਗਿਆ। ਪ੍ਰੋਗਰਾਮ ਵਿਚ ਸ਼ਾਮਲ ਹੋਣ ਲਈ ਸੰਪਰਕ ਕਰੋ 510-415-9377 ਜਾਂ 408-528-4489 ਹੈ।

# ਪੰਜਾਬੀ ਨੌਜਵਾਨ ਦੀ ਚਚੇਰੇ ਭਰਾ ਵੱਲੋਂ ਹੱਤਿਆ

**ਨਿਊਯਾਰਕ/ਬਿਊਰੋ ਨਿਊਜ਼:** ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਇਕ ਨੌਜਵਾਨ ਸ਼ਰਨਜੀਤ ਸਿੰਘ ਦਾ ਉਸ ਦੇ ਚਚੇਰੇ ਭਰਾ ਨੇ ਕਤਲ ਕਰ ਦਿੱਤਾ। ਮ੍ਰਿਤਕ ਸ਼ਰਨਜੀਤ ਸਿੰਘ (26 ਸਾਲ) ਦਸੂਹਾ ਤਹਿਸੀਲ ਦੇ ਆਲਮਪੁਰ ਪਿੰਡ ਨਾਲ ਸਬੰਧ ਰੱਖਦਾ ਸੀ ਅਤੇ ਸੰਨ 2013 ਵਿੱਚ ਅਮਰੀਕਾ ਪੁੱਜਾ ਸੀ। ਉਹ ਕਾਰ ਡਰਾਈਵਰ ਵਜੋਂ ਕੰਮ ਕਰਦਾ ਸੀ। ਉਸਦੇ ਪਿਤਾ ਕੁਲਦੀਪ ਸਿੰਘ, ਮਾਂ ਸੁਰਜੀਤ ਕੌਰ ਤੇ ਵੱਡਾ ਭਰਾ ਪ੍ਰਿੰਸ ਪਿੱਛੇ ਪਿੰਡ ਰਹਿੰਦੇ ਹਨ। ਪੁਲੀਸ ਨੇ ਕਤਲ ਦੇ ਮੁਲਜ਼ਮ ਲਵਦੀਪ ਸਿੰਘ (24 ਸਾਲ) ਨੂੰ ਗ੍ਰਿਫ਼ਤਾਰ ਕਰਕੇ ਉਸ ਖ਼ਿਲਾਫ਼ ਕਤਲ ਅਤੇ ਗ਼ੈਰਕਾਨੂੰਨੀ ਹਥਿਆਰ ਰੱਖਣ ਦੀਆਂ ਧਾਰਾਵਾਂ ਤਹਿਤ ਦੋਸ਼ ਆਇਦ ਕੀਤੇ ਹਨ। ਦੋਸ਼ ਸਾਬਤ ਹੋਣ ਦੀ ਸੂਰਤ 'ਚ ਮੁਲਜ਼ਮ ਨੂੰ 25 ਸਾਲ ਜੇਲ੍ਹ 'ਚ ਕੱਟਣੇ ਹੋਣਗੇ। ਲਵਦੀਪ ਸਿੰਘ ਦੇ ਮਾਪੇ ਅਮਰੀਕਾ ਰਹਿੰਦੇ ਮਾਪੇ ਪਿੱਛੇ ਜਿਹੇ ਪੰਜਾਬ ਵਾਪਸ ਮੁੜ ਗਏ ਸਨ। ਇਸ ਲਈ ਤਿੰਨੇ ਚਚੇਰੇ ਭਰਾ ਇਕੱਠੇ ਰਹਿ ਰਹੇ ਸਨ।



ਕਤਲ ਦੀ ਇਹ ਵਾਰਦਾਤ 26 ਜੂਨ ਨੂੰ ਤੜਕੇ ਨਿਊਯਾਰਕ ਸਿਟੀ ਦੇ ਬੋਰੋਹ ਕੁਈਨਜ਼ ਸਥਿਤ ਅਪਾਰਟਮੈਂਟ 'ਚ ਵਾਪਰੀ। ਪੁਲੀਸ ਮੁਤਾਬਕ ਲਵਦੀਪ ਸਿੰਘ ਨੇ ਸ਼ਰਨਜੀਤ ਸਿੰਘ ਦੀ ਧੌਣ ਤੇ ਧੜ 'ਤੇ ਚਾਕੂ ਨਾਲ ਵਾਰ ਕੀਤੇ। ਮੁਲਜ਼ਮ ਨੇ ਪੁਲੀਸ ਕੋਲ ਮੰਨਿਆ ਹੈ ਕਿ ਉਸ ਨੇ ਆਪਣੇ ਚਚੇਰੇ ਭਰਾ ਅਤੇ ਕਮਰੇ 'ਚ ਨਾਲ ਰਹਿੰਦੇ ਸ਼ਰਨਜੀਤ 'ਤੇ ਬੇਰਹਿਮੀ ਨਾਲ ਹਮਲਾ ਕੀਤਾ ਹੈ। ਅਪਰਾਧਿਕ ਸ਼ਿਕਾਇਤ ਦੇ ਅਧਾਰ 'ਤੇ ਮੁਲਜ਼ਮ ਨੂੰ ਮੰਗਲਵਾਰ ਨੂੰ ਕੁਈਨਜ਼ ਦੀ ਅਪਰਾਧਿਕ ਅਦਾਲਤ 'ਚ ਪੇਸ਼ ਕੀਤਾ ਗਿਆ ਸੀ। ਸ਼ਰਨਜੀਤ, ਇਥੇ ਡਰਾਈਵਰ ਵਜੋਂ ਕੰਮ ਕਰਦਾ ਸੀ ਤੇ ਸਾਲ 2013 ਵਿੱਚ ਅਮਰੀਕਾ ਆਇਆ ਸੀ। ਉਸ ਦੇ ਮਾਤਾ ਪਿਤਾ ਭਾਰਤ ਵਿੱਚ ਰਹਿੰਦੇ ਹਨ। ਪੁਲੀਸ ਮੁਤਾਬਕ ਕਤਲ ਦੇ ਅਸਲ ਕਾਰਨਾਂ ਬਾਰੇ ਅਜੇ ਕੁਝ ਪਤਾ ਨਹੀਂ ਲੱਗਾ।

# ਪੀ ਸੀ ਐਸ ਸੈਕਰਾਮੈਂਟੋ ਤੀਆਂ ਦਾ ਮੇਲਾ 6 ਅਗਸਤ ਨੂੰ

**ਸੈਕਰਾਮੈਂਟੋ/ਬਿਊਰੋ ਨਿਊਜ਼:** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵੱਲੋਂ ਇਸ ਸਾਲ ਤੀਆਂ ਦਾ ਮੇਲਾ 6 ਅਗਸਤ ਐਤਵਾਰ ਨੂੰ ਬਾਅਦ ਦੁਪਹਿਰ 1:00 ਵਜੇ ਲੂਥਰ ਬੁਰਬੈਂਕ ਹਾਈ ਸਕੂਲ (Luther Burbank High School 3500 Floron Rd Sacramento CA 95823) ਸੈਕਰਾਮੈਂਟੋ ਵਿਖੇ ਹੋ ਰਿਹਾ ਹੈ। ਪੀ ਸੀ ਐਸ ਵੱਲੋਂ ਇਹ 18ਵਾਂ ਤੀਆਂ ਦਾ ਮੇਲਾ ਹੈ ਜਿਸ ਵਿਚ ਪਿਛਲੇ ਸਾਲਾ ਦੀ ਤਰ੍ਹਾਂ ਗਿੱਧਾ, ਭੰਗੜਾ, ਡਾਂਸ, ਸਕਿੱਟ, ਲਾਈਵ ਬੋਲੀਆਂ ਪੇਸ਼ ਕੀਤੀਆਂ ਜਾਣਗੀਆਂ। ਇਸ ਮੇਲੇ ਦੀ ਕੋਈ ਟਿਕਟ ਨਹੀਂ ਹੈ। ਹਰ ਇਕ ਉਮਰ ਦੀ ਲੇਡੀਜ਼ ਹਿੱਸਾ ਲੈਣ ਲਈ ਖੁੱਲਾ ਸੱਦਾ ਹੈ। ਮੇਲੇ 'ਚ ਕਪੜਿਆਂ ਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ। ਮੇਲੇ ਵਿਚ ਭਾਗ ਲੈਣ ਲਈ ਅਤੇ ਸਟਾਲ ਲਾਉਣ ਲਈ ਮਨਦੀਪ ਫਰਵਾਲਾ- 916-212-1826, ਪਰਦੀਪ ਪੂਨੀ- 916-308-7889 ਅਤੇ ਬਲਦੇਵ ਕੌਰ - 916-996-2010 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਵਰਨਣਯੋਗ ਹੈ ਕਿ ਇਸ ਜਥੇਬੰਦੀ ਵਲੋਂ ਪਿਛਲੇ 28 ਸਾਲ ਤੋਂ ਹਰ ਸਾਲ ਵਿਸਾਖੀ ਮੇਲਾ ਤੇ ਤੀਆਂ ਦਾ ਮੇਲਾ ਕੀਤੇ ਜਾਂਦੇ ਹਨ।

# ਸਾਬਕਾ ਪਤਨੀ ਅਤੇ ਉਸਦੇ ਪਤੀ ਦਾ ਕਾਤਲ ਸਾਯੰਤਨ ਘੋਸ਼ ਮੈਕਸੀਕੋ ਦੀ ਸਰਹੱਦ ਤੋਂ ਕਾਬੂ

**ਹਿਊਸਟਨ/ਬਿਊਰੋ ਨਿਊਜ਼:** ਅਮਰੀਕਾ 'ਚ ਰਹਿਣ ਵਾਲੇ ਸਾਯੰਤਨ ਘੋਸ਼ ਨਾਂਅ ਦੇ ਇਕ ਭਾਰਤੀ-ਅਮਰੀਕੀ ਨੇ ਆਪਣੀ ਸਾਬਕਾ ਪਤਨੀ ਤੇ ਉਸ ਦੇ ਪਤੀ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਹੈ. ਜਦੋਂ ਘੋਸ਼ (41 ਸਾਲ) ਨੇ ਉਨ੍ਹਾਂ ਨੂੰ ਗੋਲੀ ਮਾਰੀ ਤਾਂ ਦੋਵੇਂ ਆਪਣੇ ਘਰ 'ਚ ਮੌਜੂਦ ਸਨ। ਪੁਲਿਸ ਨੇ ਘੋਸ਼ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਗ਼ ਗੈਲਵੇਸਟਨ ਕਾਊਂਟੀ ਡਿਸਟ੍ਰਿਕਟ ਦੇ ਅਟਾਰਨੀ ਆਫ਼ਿਸ ਮੁਤਾਬਿਕ ਘੋਸ਼ ਨੂੰ ਨਿਊ ਮੈਕਸੀਕੋ 'ਚ ਸਰਹੱਦੀ



ਚੌਂਕ ਪੁਆਇੰਟ 'ਤੇ ਵੀਰਵਾਰ ਨੂੰ ਗ੍ਰਿਫ਼ਤਾਰ ਕੀਤਾ ਗਿਆ ਗ਼ ਘੋਸ਼ ਨੇ ਬੁੱਧਵਾਰ ਰਾਤ ਕਰੀਬ 9:00 ਵਜੇ ਮੇਹਿਲ ਰਿਜ ਲੇਨ ਦੇ 700 ਬਲਾਕ 'ਚ ਘਟਨਾ ਨੂੰ ਅੰਜਾਮ ਦਿੱਤਾ। ਲੀਗ ਸਿਟੀ ਪੁਲਿਸ ਮੁਤਾਬਿਕ 43 ਸਾਲਾ ਕਲੇਰੇਂਸ ਵੇਨ ਹੈਰਿਸ-2 ਦੀ ਲਾਸ਼ ਘਰ ਦੀ ਗੈਲਰੀ 'ਚ ਮਿਲੀ। ਉਸ ਨੂੰ ਕਈ ਗੋਲੀਆਂ ਮਾਰੀਆਂ ਗਈਆਂ ਸਨ। 36 ਸਾਲਾ ਅਮਾਂਡਾ ਹੈਰਿਸ ਜ਼ਖ਼ਮੀ ਹਾਲਤ 'ਚ ਮਿਲੀ, ਜਿਸ ਨੂੰ ਦੋ ਗੋਲੀਆਂ ਲੱਗੀਆਂ ਸਨ। ਉਸ ਨੂੰ ਹਸਪਤਾਲ ਦਾਖਲ ਕਰਵਾਇਆ ਗਿਆ, ਜਿੱਥੇ ਇਲਾਜ ਦੌਰਾਨ ਉਸ ਦੀ ਵੀ ਮੌਤ ਹੋ ਗਈ। ਪੁਲਿਸ ਨੇ ਦੱਸਿਆ ਕਿ ਦੋਸ਼ੀ ਅਮਾਂਡਾ ਦੇ ਘਰ ਪਾਰਟੀ 'ਚ ਸ਼ਾਮਿਲ ਹੋਣ ਲਈ ਆਇਆ ਸੀ, ਪਰ ਕਿਸੇ ਗੱਲ ਨੂੰ ਲੈ ਕੇ ਉਨ੍ਹਾਂ ਵਿਚਾਲੇ ਝਗੜਾ ਹੋ ਗਿਆ। ਇਸ ਦੇ ਬਾਅਦ ਘੋਸ਼ ਨੇ ਅਮਾਂਡਾ ਤੇ ਉਸ ਦੇ ਪਤੀ 'ਤੇ ਗੋਲੀਆਂ ਚਲਾ ਦਿੱਤੀਆਂ।

# "ਕਿੰਨੀ ਸੋਹਣੀ ਹੈ ਤੂੰ, ਉਰ੍ਹਾਂ ਆ..."

## ਆਇਰਲੈਂਡ ਦੀ ਪੱਤਰਕਾਰਾ ਦੇ ਹੁਸਨ 'ਤੇ ਲੱਟੂ ਹੋਏ ਟਰੰਪ



**ਵਾਸ਼ਿੰਗਟਨ/ਬਿਊਰੋ ਨਿਊਜ਼:** ਹਾਲ ਹੀ ਵਿਚ ਵ੍ਹਾਈਟ ਹਾਊਸ ਵਿਚ ਹੋਇਆ ਇਕ ਅਨੋਖਾ ਵਾਕਿਆ ਸਾਹਮਣੇ ਆਇਆ। ਜਾਣਕਾਰੀ ਅਨੁਸਾਰ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਆਇਰਲੈਂਡ ਦੀ ਇਕ ਪੱਤਰਕਾਰਾ ਦੀ ਸੁੰਦਰਤਾ 'ਤੇ ਇੰਨੇ ਕਾਇਲ ਹੋ ਗਏ ਕਿ ਉਸ ਨੂੰ ਕੋਲ ਬੁਲਾਉਣ ਤੋਂ ਬਿਨ੍ਹਾਂ ਨਾ ਰਹਿ ਸਕੇ ਗ਼ ਏਨਾਂ ਹੀ ਨਹੀਂ ਟਰੰਪ ਨੇ ਉਸ ਪੱਤਰਕਾਰਾ ਦੀ ਮਲਿਕਾ-ਏ-ਹੁਸਨ ਦੀ ਤਰ੍ਹਾਂ ਸ਼ਲਾਘਾ ਕਰਦਿਆਂ ਆਇਰਲੈਂਡ ਦੇ ਪ੍ਰਧਾਨ ਮੰਤਰੀ ਲਿਓ ਵਰਾਡਕਰ ਦਾ ਫੋਨ ਵੀ ਹੋਲਡ 'ਤੇ ਰੱਖ ਛੱਡਿਆ।

# ਅਮਰੀਕਾ ਵਲੋਂ ਭਾਰਤੀ ਪੁਲੀਸ ਅਧਿਕਾਰੀ ਨੂੰ ਇਨਾਮ ਐਵਾਰਡ

**ਵਾਸ਼ਿੰਗਟਨ/ਬਿਊਰੋ ਨਿਊਜ਼:** ਭਾਰਤੀ ਪੁਲੀਸ ਅਧਿਕਾਰੀ ਨੇ ਅਮਰੀਕੀ ਸਰਕਾਰ ਦਾ 2017 ਦਾ ਟਰੈਫਿਕਿੰਗ ਇਨ ਪਰਸਨਜ਼ ਹੀਰੋ ਐਵਾਰਡ ਜਿੱਤਿਆ ਹੈ। ਅਮਰੀਕਾ ਦੇ ਵਿਦੇਸ਼ ਮੰਤਰਾਲੇ ਵੱਲੋਂ ਇਸ ਸਾਲ ਦੇ ਅੱਠ ਜੇਤੂਆਂ ਦੀ ਜਾਰੀ ਸੂਚੀ ਵਿੱਚ ਮਹੇਸ਼ ਮੁਰਲੀਧਰ ਭਾਗਵਤ ਦਾ ਨਾਂ ਸ਼ਾਮਲ ਹੈ। ਉਸ ਨੂੰ ਇਹ ਇਨਾਮ ਭਾਰਤ ਵਿੱਚ ਮਨੁੱਖੀ ਤਸਕਰੀ ਰੋਕਣ ਲਈ ਨਿਭਾਈ ਭੂਮਿਕਾ ਅਤੇ ਕੇਸਾਂ ਦੀ ਜਾਂਚ ਲਈ ਨਵੇਂ ਤਰੀਕੇ ਅਪਨਾਉਣ ਲਈ ਦਿੱਤਾ ਗਿਆ। ਇਹ ਐਵਾਰਡ ਸਮਾਰੋਹ ਮੰਗਲਵਾਰ ਨੂੰ ਵਾਸ਼ਿੰਗਟਨ ਵਿੱਚ ਹੋਇਆ, ਜਿਸ ਵਿੱਚ ਭਾਗਵਤ (48 ਸਾਲ) ਹਾਜ਼ਰ ਨਹੀਂ ਸੀ। ਤਿਲੰਗਾਨਾ ਰਾਜ ਦੇ ਦੱਖਣੀ ਜ਼ਿਲ੍ਹੇ ਰਚਾਕੋਂਡਾ ਦੇ ਪੁਲੀਸ ਮੁਖੀ ਭਾਗਵਤ ਨੇ ਕਿਹਾ ਕਿ ਇਹ ਐਵਾਰਡ ਉਸ ਵੱਲੋਂ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਲੜੀ ਜਾ ਰਹੀ ਲੜਾਈ ਨੂੰ ਮਾਨਤਾ ਹੈ। ਉਨ੍ਹਾਂ 2004 ਵਿੱਚ ਤਸਕਰੀ ਦੇ ਆਪਣੇ ਪਹਿਲੇ ਕੇਸ ਤੋਂ ਹੁਣ ਤੱਕ ਲੰਮਾ ਸਫ਼ਰ ਤੈਅ ਕੀਤਾ ਹੈ। ਭਾਗਵਤ ਨੇ ਕਿਹਾ ਕਿ ਉਸ ਨੂੰ ਇਹ ਜਾਣ ਕੇ ਧੱਕਾ ਲੱਗਿਆ ਕਿ ਵੇਸਵਾਗਮਨੀ ਲਈ



ਇਸ ਸ਼ਹਿਰ ਤੋਂ ਲੜਕੀਆਂ ਦੀ ਤਸਕਰੀ ਵਾਸਤੇ ਸਕੂਲ ਬੱਸਾਂ ਦੀ ਵਰਤੋਂ ਕੀਤੀ ਜਾ ਰਹੀ ਸੀ। ਇਹ ਉਸ ਦਾ ਪਹਿਲਾ ਕੇਸ ਸੀ। ਪੁਲੀਸ ਵਿੱਚ ਆਉਣ ਤੋਂ ਪਹਿਲਾਂ ਸਿਵਲ ਇੰਜਨੀਅਰ ਵਜੋਂ ਕੰਮ ਕਰ ਚੁੱਕੇ ਭਾਗਵਤ ਨੂੰ ਇਕ ਸਾਲ ਤੋਂ ਘੱਟ ਸਮੇਂ ਵਿੱਚ 25 ਚਕਲੇ ਬੰਦ ਕਰਵਾਉਣ ਦਾ ਸਿਹਰਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਰਾਜ ਤੇ ਕੌਮੀ ਸਰਹੱਦਾਂ ਉਤੇ ਗਤੀਵਿਧੀਆਂ ਚਲਾਉਣ ਵਾਲੇ ਤਸਕਰਾਂ ਨੂੰ ਦੋਸ਼ੀ ਠਹਿਰਾਉਣਾ ਅੱਜ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਸਾਹਮਣੇ ਵੱਡੀ ਚੁਣੌਤੀ ਹੈ।

# ਅਤਿਵਾਦ ਬਾਰੇ ਭਾਰਤ-ਅਮਰੀਕਾ ਦੇ ਸਾਂਝੇ ਬਿਆਨ ਤੋਂ ਔਖਾ ਹੈ ਪਾਕਿਸਤਾਨ

**ਇਸਲਾਮਾਬਾਦ/ਬਿਊਰੋ ਨਿਊਜ਼:** ਪਾਕਿਸਤਾਨ ਨੇ ਸਰਹੱਦ ਪਾਰਲੇ ਅਤਿਵਾਦ ਦੀ ਲਗਾਮ ਕੱਸਣ ਦੀ ਨਸੀਹਤ ਦੇਣ ਵਾਲੇ ਭਾਰਤ-ਅਮਰੀਕਾ ਦੇ ਸਾਂਝੇ ਬਿਆਨ ਦੀ ਨਿਖੇਧੀ ਕੀਤੀ ਹੈ। ਪਾਕਿ ਨੇ ਕਿਹਾ ਕਿ ਇਸ ਨਾਲ ਫੌਜੀ ਪੰਗੇਬਾਜ਼ੀ' ਦੀਆਂ ਭਾਰਤੀ ਕੋਸ਼ਿਸ਼ਾਂ ਨੂੰ ਉਤਸ਼ਾਹ ਮਿਲੇਗਾ ਅਤੇ ਦੱਖਣੀ ਏਸ਼ੀਆ ਵਿੱਚ ਸਥਾਈ ਸ਼ਾਂਤੀ ਦੀਆਂ ਕੋਸ਼ਿਸ਼ਾਂ ਬੇਅਸਰ ਹੋਣਗੀਆਂ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਵਾਸ਼ਿੰਗਟਨ ਵਿੱਚ ਰਾਸ਼ਟਰਪਤੀ ਡੌਨਲਡ ਟਰੰਪ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਿਚਾਲੇ ਹੋਈ ਮੁਲਾਕਾਤ ਭਾਰਤ ਨੂੰ ਆਪਣੀਆਂ ਨੀਤੀਆਂ ਤੋਂ ਹੋੜਨ ਵਿੱਚ ਨਾਕਾਮ ਰਹੀ। ਇਸ ਵਿੱਚ ਕਿਹਾ ਗਿਆ ਕਿ ਸਾਂਝਾ ਬਿਆਨ ਦੱਖਣੀ ਏਸ਼ੀਆ ਖ਼ਿੱਤੇ ਵਿੱਚ ਰਣਨੀਤਕ ਸਥਿਰਤਾ ਅਤੇ ਸਥਾਈ ਸ਼ਾਂਤੀ ਦਾ ਮੰਤਵ ਹਾਸਲ ਕਰਨ ਪੱਖੋਂ ਪੂਰੀ ਤਰ੍ਹਾਂ ਬੇਕਾਰ ਹੈ। ਬੀਤੀ ਰਾਤ ਜਾਰੀ ਪਾਕਿ ਵਿਦੇਸ਼ ਮੰਤਰਾਲੇ ਦੇ ਬਿਆਨ ਵਿੱਚ ਕਿਹਾ ਗਿਆ ਕਿ ਖ਼ਿੱਤੇ ਵਿੱਚ ਤਣਾਅ ਅਤੇ ਅਸਥਿਰਤਾ ਦੇ ਮੁੱਖ ਕਾਰਨਾਂ ਦੇ ਹੱਲ ਵੱਲ ਧਿਆਨ ਨਾ ਦੇਣ ਕਾਰਨ ਮੋਦੀ-ਟਰੰਪ ਦੇ ਬਿਆਨ ਨਾਲ ਪਹਿਲਾਂ ਤੋਂ ਤਣਾਅਪੂਰਨ ਹਾਲਾਤ ਹੋਰ ਗੁੰਝਲਦਾਰ ਹੋਣਗੇ।

# ਅਮਰੀਕਾ ਵਲੋਂ ਆਲਮੀ ਦਹਿਸ਼ਤਗਰਦ ਐਲਾਨੇ ਸਲਾਹੁਦੀਨ ਨੇ ਭਾਰਤ 'ਚ ਦਹਿਸ਼ਤੀ ਹਮਲਿਆਂ ਦੀ ਗੱਲ ਕਬੂਲੀ

**ਇਸਲਾਮਾਬਾਦ/ਬਿਊਰੋ ਨਿਊਜ਼ :** ਅਮਰੀਕਾ ਵੱਲੋਂ ਕੁਝ ਦਿਨ ਪਹਿਲਾਂ ਆਲਮੀ ਦਹਿਸ਼ਤਗਰਦ ਨਾਮਜ਼ਦ ਕੀਤੇ ਗਏ ਸੱਯਦ ਸਲਾਹੁਦੀਨ ਨੇ ਇੱਕ ਟੀਵੀ ਚੈਨਲ ਦੇ ਇੰਟਰਵਿਊ ਵਿਚ ਕਬੂਲ ਕੀਤਾ ਹੈ ਕਿ ਉਸ ਦੀ ਜਥੇਬੰਦੀ ਹਿਜ਼ਬੁਲ ਮੁਜਾਹਿਦੀਨ ਵੱਲੋਂ ਭਾਰਤ 'ਚ ਦਹਿਸ਼ਤੀ ਹਮਲੇ ਕੀਤੇ ਗਏ ਹਨ। ਮਕਬੂਜ਼ਾ ਕਸ਼ਮੀਰ ਵਿਚੋਂ ਆਪਣੀਆਂ ਸਰਗਰਮੀਆਂ ਚਲਾਉਣ ਵਾਲੇ ਸਲਾਹੁਦੀਨ ਨੇ ਪਾਕਿਸਤਾਨੀ ਚੈਨਲ 'ਜੀਓ ਟੀਵੀ' ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਉਹ 'ਭਾਰਤ ਵਿਚ ਕਿਸੇ ਵੀ ਸਮੇਂ, ਕਿਸੇ ਵੀ ਥਾਂ 'ਤੇ ਹਮਲੇ' ਕਰ ਸਕਦਾ ਹੈ। ਚੈਨਲ ਨਾਲ ਇੰਟਰਵਿਊ ਦੌਰਾਨ ਉਸ ਨੇ ਕਿਹਾ ਕਿ ਦਹਿਸ਼ਤੀ ਹਮਲਿਆਂ ਲਈ ਹਥਿਆਰ ਉਸ ਨੂੰ ਪਾਕਿਸਤਾਨ ਵਿਚ ਆਸਾਨੀ ਨਾਲ ਮਿਲ ਜਾਂਦੇ ਹਨ। ਜ਼ਿਕਰਯੋਗ ਹੈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਦੌਰੇ ਤੋਂ ਐਨ ਪਹਿਲਾਂ ਟਰੰਪ ਪ੍ਰਸ਼ਾਸਨ ਨੇ 71 ਵਰ੍ਹਿਆਂ ਦੇ ਦਹਿਸ਼ਤੀ ਆਗੂ ਸਲਾਹੁਦੀਨ ਨੂੰ ਆਲਮੀ ਦਹਿਸ਼ਤਗਰਦ ਨਾਮਜ਼ਦ ਕਰ ਦਿੱਤਾ ਸੀ। ਪਾਕਿਸਤਾਨ ਨੇ ਸਲਾਹੁਦੀਨ ਦੀ ਹਮਾਇਤ ਕਰਦਿਆਂ ਕਿਹਾ ਸੀ ਕਿ ਅਮਰੀਕਾ ਦਾ ਇਹ ਕਦਮ ਬੇਇਨਸਾਫ਼ੀ ਵਾਲਾ ਹੈ ਕਿਉਂਕਿ ਕਸ਼ਮੀਰੀਆਂ ਦੇ ਸਵੈ ਨਿਰਣੇ ਦੇ ਹੱਕਾਂ ਦੀ ਹਮਾਇਤ ਕਰਨ ਵਾਲਿਆਂ ਨੂੰ ਦਹਿਸ਼ਤਗਰਦ ਆਖਣਾ ਸਹੀ ਨਹੀਂ ਹੈ। ਸਲਾਹੁਦੀਨ ਦਾ ਨਾਮ

ਬਾਕੀ ਸਫ਼ਾ 32 'ਤੇ

# 6 ਮੁਸਲਿਮ ਦੇਸ਼ਾਂ ਦੇ ਵਸਨੀਕਾਂ ਨੂੰ ਵੀਜ਼ਾ ਸਬੰਧੀ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ/ਬਿਊਰੋ ਨਿਊਜ਼:** ਅਮਰੀਕਾ ਦੇ ਟਰੰਪ ਪ੍ਰਸ਼ਾਸਨ ਨੇ 6 ਮੁਸਲਿਮ ਦੇਸ਼ਾਂ ਦੇ ਬਿਨੈਕਾਰਾਂ ਅਤੇ ਸ਼ਰਨਾਰਥੀਆਂ ਲਈ ਨਵੇਂ ਮਾਪਦੰਡ ਤਿਆਰ ਕੀਤੇ ਹਨ ਗ਼ ਹੁਣ ਇਨ੍ਹਾਂ 6 ਦੇਸ਼ਾਂ ਦੇ ਲੋਕਾਂ ਨੂੰ ਅਮਰੀਕਾ ਦੀ ਯਾਤਰਾ ਕਰਨ ਲਈ ਅਮਰੀਕਾ ਨਾਲ ਪਰਿਵਾਰਿਕ ਜਾਂ ਵਪਾਰਕ ਸਬੰਧਾਂ ਦੀ ਜ਼ਰੂਰਤ ਹੋਵੇਗੀ ਗ਼ ਪ੍ਰਸ਼ਾਸਨ ਦਾ ਇਹ ਨਵਾਂ ਕਦਮ ਸੁਪਰੀਮ ਕੋਰਟ ਵੱਲੋਂ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸ਼ਾਸਕੀ ਆਦੇਸ਼ ਨੂੰ ਅੰਸ਼ਿਕ ਤੌਰ 'ਤੇ ਬਹਾਲ ਕਰਨ ਤੋਂ ਬਾਅਦ ਆਇਆ ਹੈ, ਜਿਸ ਨੂੰ ਮੁਸਲਮਾਨਾਂ 'ਤੇ ਪਾਬੰਦੀ ਦੇ ਤੌਰ 'ਤੇ ਵੇਖਿਆ ਜਾ ਰਿਹਾ ਸੀ ਅਤੇ ਉਸ ਦੀ ਆਲੋਚਨਾ ਕੀਤੀ ਜਾ ਰਹੀ ਸੀ। ਅਮਰੀਕੀ ਦੂਤ ਘਰਾਂ ਨੂੰ ਬੁੱਧਵਾਰ ਨੂੰ ਭੇਜੇ ਗਏ ਨਵੇਂ ਨਿਰਦੇਸ਼ਾਂ ਅਨੁਸਾਰ 6 ਦੇਸ਼ਾਂ ਦੇ ਬਿਨੈਕਾਰਾਂ ਨੂੰ ਅਮਰੀਕਾ 'ਚ ਆਪਣੇ ਮਾਤਾ-ਪਿਤਾ, ਬੱਚੇ, ਪਤੀ-ਪਤਨੀ, ਬਾਲਗ ਬੇਟਾ ਜਾਂ ਬੇਟੀ, ਜਵਾਈ, ਨੂੰਹ ਜਾਂ ਭਰਾ-ਭੈਣ ਦੇ ਨਾਲ ਆਪਣੇ ਸਬੰਧਾਂ ਦੇ ਸਬੂਤ ਦੇਣੇ ਹੋਣਗੇ ਗ਼ ਵਿਦੇਸ਼ ਮੰਤਰਾਲੇ ਦੇ ਕੇਬਲ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਨਵੇਂ ਦਿਸ਼ਾ- ਨਿਰਦੇਸ਼ਾਂ ਅਨੁਸਾਰ ਦਾਦਾ-ਦਾਦੀ, ਪੋਤੇ-ਪੋਤੀਆਂ, ਚਾਚਾ, ਭਾਣਜਾ-ਭਾਣਜੀ, ਭਤੀਜਾ-ਭਤੀਜੀ, ਦੇਰ-ਦਰਾਣੀ, ਜੇਠ-ਜਿਠਾਣੀ, ਸਾਲਾ ਅਤੇ ਉਸ ਦੀ ਪਤਨੀ, ਮੰਗੇਤਰ ਜਾਂ ਹੋਰ ਮੈਂਬਰਾਂ ਨੂੰ ਨਜ਼ਦੀਕੀ ਸਬੰਧ ਵਾਲਾ ਨਹੀਂ ਮੰਨਿਆਂ ਜਾਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

# ਭਾਰਤੀ ਦੇ ਟੀਵੀ ਚੈਨਲ ਫਾਸੀਵਾਦੀ ਤਾਕਤਾਂ ਦੇ ਝੋਲੀ-ਚੁੱਕ: ਗਿਲਾਨੀ

**ਸਿੱਖ ਸਿਆਸਤ ਬਿਊਰੋ**, ਸ੍ਰੀਨਗਰ/ਬਿਊਰੋ ਨਿਊਜ਼: ਪੱਖਪਾਤ ਪੂਰਨ ਖ਼ਬਰਾਂ, ਨਕਾਰਾਤਮਕ ਮੁਹਿੰਮ ਅਤੇ ਕਸ਼ਮੀਰੀ ਲੋਕਾਂ ਦੇ ਖਿਲਾਫ ਮੰਦ ਭਾਵਨਾ ਅਧੀਨ ਭਰਮ ਫੈਲਾਉਣ ਵਾਲਾ ਪ੍ਰਚਾਰ ਕਰਨ ਲਈ ਭਾਰਤੀ ਇਲੈਕਟ੍ਰਾਨਿਕ ਮੀਡੀਆ ਦੀ ਨਿੰਦਾ ਕਰਦੇ ਹੋਏ ਸੱਈਅਦ ਅਲੀ ਸ਼ਾਹ ਗਿਲਾਨੀ ਨੇ ਕਿਹਾ, "ਇਹ ਫਾਸ਼ੀਵਾਦੀ ਮਾਨਸਿਕਤਾ ਲਈ ਬਦਨਾਮ ਤਾਕਤਾਂ ਦੀ ਨੁਮਾਇੰਦਗੀ ਕਰ ਰਹੇ ਹਨ।" ਸ਼ੁੱਕਰਵਾਰ ਨੂੰ ਭਾਰਤੀ ਮੀਡੀਆ ਚੈਨਲਾਂ ਦੀ ਗੱਲ ਕਰਦੇ ਹੋਏ, ਖਾਸ ਤੌਰ 'ਤੇ ਗਣਰਾਜ ਟੀਵੀ, ਟਾਈਮਸ ਨਾਓ, ਦਾ ਨਿਉਜ਼, ਆਜ ਤਕ, ਇੰਡੀਆ ਟੂਡੇ ਅਤੇ ਇੰਡੀਆ ਟੀਵੀ ਮੱਛੀ ਬਜ਼ਾਰ ਵਾਂਗ ਦਿਖਦੇ ਹਨ।




ਗਿਲਾਨੀ ਨੇ ਕਿਹਾ, "ਸਮਝਦਾਰ ਅਤੇ ਨਿਮਰਤਾ ਰੱਖਣ ਵਾਲੇ ਲੋਕ ਅਜਿਹੇ ਚੈਨਲਾਂ ਦੀਆਂ ਪਾਗਲ ਕਰਨ ਵਾਲੀਆਂ ਘਟੀਆ ਰਿਪੋਰਟਾਂ ਦੇਖਣੀਆਂ ਪੰਸਦ ਨਹੀਂ ਕਰਦੇ।" ਗਿਲਾਨੀ ਨੇ ਕਿਹਾ ਕਸ਼ਮੀਰੀਆਂ ਦੀ ਭਾਰਤੀ ਲੋਕਾਂ ਜਾਂ ਉਨ੍ਹਾਂ ਦੇ ਵਿਸ਼ਵਾਸ ਅਕੀਦੇ ਨਾਲ ਕੋਈ ਦੁਸ਼ਮਣੀ ਨਹੀਂ ਹੈ, ਪਰ ਅਸੀਂ ਉਮੀਦ ਕਰਦੇ ਹਾਂ ਕਿ ਮਨੁੱਖਤਾ ਦੇ ਆਧਾਰ 'ਤੇ ਭਾਰਤੀ ਉਪ ਮਹਾਂਦੀਪ ਦੇ ਲੋਕਾਂ ਨੂੰ ਸਾਡੀ ਖੁਦਮੁਖਤਿਆਰੀ ਦੇ ਹੱਕ ਦੀ ਹਮਾਇਤ ਕਰਨੀ ਚਾਹੀਦੀ ਹੈ।

ਭਾਰਤੀ ਮੀਡੀਆ ਦਾ ਹਵਾਲਾ ਦਿੰਦੇ ਹੋਏ ਗਿਲਾਨੀ ਨੇ ਕਿਹਾ ਕਿ ਉਨ੍ਹਾਂ ਨੇ ਨੈਤਿਕਤਾ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ ਹਨ।

ਇਨ੍ਹਾਂ ਮੀਡੀਆ ਚੈਨਲਾਂ ਦਾ ਜ਼ਿਕਰ ਕਰਦੇ ਹੋਏ ਗਿਲਾਨੀ ਨੇ ਕਿਹਾ ਕਿ ਇਹ (ਭਾਰਤੀ ਮੀਡੀਆ) ਗਾਬਲਸ ਸਿਧਾਂਤ ਦਾ ਪਾਲਣ ਕਰ ਰਹੇ ਹਨ ਜਿਸ ਮੁਤਾਬਕ ਅਜ਼ਾਦੀ ਦੀ ਲਹਿਰ ਨੂੰ ਬਦਨਾਮ ਅਤੇ ਅਪਮਾਨਤ ਕਰਨ ਲਈ ਮੀਡੀਆ ਵਲੋਂ ਨਕਲੀ ਅਤੇ ਮਨੋਕਲਪਤ ਕਹਾਣੀਆਂ ਪ੍ਰਸਾਰਤ ਕੀਤੀਆਂ ਜਾ ਰਹੀਆਂ ਹਨ।

ਇਨ੍ਹਾਂ ਚੈਨਲਾਂ ਦੇ ਐਂਕਰ ਪੇਸ਼ੇਵਰ ਨਹੀਂ ਹਨ ਬਲਕਿ ਗ੍ਰਹਿ ਮੰਤਰਾਲੇ ਦੇ ਬੁਲਾਰੇ ਵਾਂਗ ਕੰਮ ਕਰ ਰਹੇ ਹਨ। ਇਸਨੂੰ "ਮੀਡੀਆ ਦਹਿਸ਼ਤਗਰਦੀ" ਦੱਸਦੇ ਹੋਏ ਗਿਲਾਨੀ ਨੇ ਕਿਹਾ ਕਿ ਇਹ ਐਂਕਰ ਆਪਣੇ ਪੇਸ਼ੇ ਨਾਲ ਕੋਈ ਨਿਆਂ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਭਾਰਤ ਇਕ "ਫਾਸੀਵਾਦੀ ਦੇਸ਼" ਦੇ ਰੂਪ 'ਚ ਉਭਰ ਰਿਹਾ ਹੈ। ਅਤੇ ਇਸ ਵਿਚ ਇਹ ਪੱਖਪਾਤੀ ਮੀਡੀਆ ਆਪਣਾ ਘਟੀਆ ਰੋਲ ਨਿਭਾਅ ਰਿਹਾ ਹੈ।

# ਸਿਖਸ ਫਾਰ ਜਸਟਿਸ ਵਲੋਂ ਭਾਜਪਾ ਨੂੰ ਚਿਤਾਵਨੀ

## *ਰਿਫਰੈਂਡਮ-2020 ਦੇ ਪੋਸਟਰ ਲਾਹੇ ਤਾਂ ਨਤੀਜੇ ਭੁਗਤਣੇ ਪੈਣਗੇ : ਅਟਾਰਨੀ ਪੰਨੂ*

**ਵਾਸ਼ਿੰਗਟਨ/ਬਿਊਰੋ ਨਿਊਜ਼:**
ਭਾਜਪਾ ਦੀਆਂ ਧਮਕੀਆਂ ਦਾ ਗੰਭੀਰ ਨੋਟਿਸ ਲੈਂਦਿਆਂ ਸਿਖਸ ਫਾਰ ਜਸਟਿਸ ਨੇ ਕਿਹਾ ਕਿ ਚਿਤਾਵਨੀ ਦਿੱਤੀ ਹੈ ਕਿ ਜੇਕਰ ਭਾਜਪਾਈਆਂ ਨੇ 'ਰਿਫਰੈਂਡਮ 2020' ਦੇ ਬੋਰਡ ਲਾਹੇ ਜਿਨ੍ਹਾਂ 'ਤੇ ਸ੍ਰੀ ਅਕਾਲ ਤਖਤ ਸਾਹਿਬ ਅਤੇ ਸ਼ਹੀਦ ਸੰਤ ਭਿੰਡਰਾਂਵਾਲਿਆਂ ਦੀਆਂ ਆਦਮ ਕਦ ਤਸਵੀਰਾਂ ਹਨ, ਭਗਵੀਂ ਪਾਰਟੀ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

ਸਿਖਸ ਫਾਰ ਜਸਟਿਸ ਨੇ ਪੰਜਾਬ ਦੀ ਆਜ਼ਾਦੀ ਲਈ ਸ਼ਾਂਤੀਪੂਰਨ ਰਿਫਰੈਂਡਮ ਦੀ ਵਚਨਬੱਧਤਾ ਪ੍ਰਗਟਾਈ ਹੈ। ਖਾਲਿਸਤਾਨ ਦੀ ਸਥਾਪਨੀ ਵਾਸਤੇ ਪੰਜਾਬ ਦੀ ਆਜ਼ਾਦੀ ਲਈ ਡਟਵੀਂ ਪੈਰਵਾਈ ਕਰਦੀ ਅਮਰੀਕਾ ਸਥਿਤ ਮਨੁੱਖੀ ਅਧਿਕਾਰ ਸੰਗਠਨ ਸਿਖਸ ਫਾਰ ਜਸਟਿਸ ਨੇ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਭਾਜਪਾ ਮੁੜ ਹਿੰਦੂ ਪੱਤਾ ਖੇਡ ਰਹੀ ਹੈ ਕਿਉਂਕਿ ਉਹ ਪੰਜਾਬ ਵਿਚ ਚੋਣਾਂ ਅਤੇ ਆਪਣਾ ਆਧਾਰ ਦੋਵੇਂ ਹਾਰ ਚੁਕੀ ਹੈ। ਬਿਆਨ ਵਿਚ ਕਿਹਾ ਕਿ ਅਸੀਂ ਭਾਜਪਾ ਨੂੰ ਆਪਣੇ ਸਿਆਸੀ ਮਨਸੂਬਿਆਂ ਵਿਚ ਕਾਮਯਾਬ ਨਹੀਂ ਹੋਣ ਦਿਆਂਗੇ ਅਤੇ ਰਿਫਰੈਂਡਮ 2020 ਦੇ ਬੋਰਡ ਕਿਸੇ ਵੀ ਹਾਲਤ ਵਿਚ ਉਤਾਰਨ ਨਹੀਂ ਦਿਆਂਗੇ।




ਸਿਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤਵੰਤ ਸਿੰਘ ਪੰਨੂ ਨੇ ਕਿਹਾ ਕਿ ਭਾਜਪਾ ਵਲੋਂ ਰਿਫਰੈਂਡਮ-2020 ਦੇ ਬੋਰਡ ਹਟਾਉਣ ਅਤੇ ਆਜ਼ਾਦੀ ਲਈ ਸ਼ਾਂਤੀਪੂਰਨ ਅਤੇ ਜਮਹੂਰੀ ਲਹਿਰ ਨੂੰ ਰੋਕਣ ਦੀ ਕਿਸੇ ਵੀ ਕੋਸ਼ਿਸ਼ ਨਾਲ ਬਰਾਬਰ ਦੀ ਤਾਕਤ ਨਾਲ ਨਜਿਠਿਆ ਜਾਵੇਗਾ। ਅਟਾਰਨੀ ਪੰਨੂ ਨੇ ਕਿਹਾ ਅਸੀ ਸਿੱਖ ਰਾਸ਼ਟਰਵਾਦੀ ਵਖਰਾ ਸਿਖ ਰਾਜ ਖਾਲਿਸਤਾਨ ਕਾਇਮ ਕਰਨ ਲਈ ਪੰਜਾਬ ਵਿਚ ਰਿਫਰੈਂਡਮ ਵਾਸਤੇ ਸ਼ਾਂਤੀਪੂਰਨ ਲਹਿਰ ਚਲਾ ਰਹੇ ਹਾਂ ਅਤੇ ਜੇਕਰ ਭਾਰਤੀ ਸੁਰਖਿਆ ਬਲਾਂ ਨੇ 1990 ਵਿਆਂ ਦੀ ਤਰਾਂ ਸਿੱਖਾਂ 'ਤੇ ਇਕ ਵਾਰ ਫਿਰ ਹਿੰਸਾ ਕੀਤੀ ਤਾਂ ਅਸੀਂ ਆਪਣੇ ਨਿਸ਼ਾਨੇ ਦੀ ਪ੍ਰਾਪਤੀ ਲਈ ਵਿਦੇਸ਼ਾਂ ਦਾ ਸਮਰਥਨ ਹਾਸਿਲ ਕਰਨੋਂ ਪਿਛੇ ਨਹੀਂ ਰਹਾਂਗੇ।

**ਪੱਤਰਕਾਰ ਹੁਸਨ ਲੜੋਆ ਬੰਗਾ ਦੀ ਰਿਪੋਰਟ ਅਨੁਸਾਰ** : ਅਟਾਰਨੀ ਪੰਨੂ ਨੇ ਦਲੀਲ ਦਿੱਤੀ ਕਿ ਇੰਗਲੈਂਡ ਅਤੇ ਕੈਨੇਡਾ ਵਰਗੇ ਜਮਹੂਰੀ ਦੇਸ਼ ਪ੍ਰਭੁਸੱਤਾ ਦੇ ਸਵਾਲ 'ਤੇ ਰਿਫਰੈਂਡਮ ਦੀ ਇਜਾਜਤ ਦਿੰਦੇ ਹਨ ਅਤੇ ਉਹ ਆਜ਼ਾਦੀ ਦੀ ਆਵਾਜ਼ ਨੂੰ ਦਬਾਉਣ ਲਈ ਗੋਲੀ ਦੀ ਵਰਤੋਂ ਨਹੀਂ ਕਰਦੇ ਜਿਵੇਂ ਕਿ ਭਾਰਤ ਪੰਜਾਬ ਦੇ ਲੋਕਾਂ ਨਾਲ ਕਰ ਰਿਹਾ ਹੈ। ਇਹ ਐਲਾਨ ਕਰਦਿਆਂ ਕਿ ਪੰਜਾਬ ਵਿਚ ਰਿਫਰੈਂਡਮ 2020' ਨੂੰ ਨਿਊਯਾਰਕ ਸਥਿਤ ਸਿੱਖ ਮਨੁੱਖੀ ਅਧਿਕਾਰ ਸੰਗਠਨਾਂ ਦੇ ਕੇਂਦਰੀ ਦਫਤਰ ਤੋਂ ਚਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਤਹਿਤ ਪੰਜਾਬ ਦੇ ਲੋਕਾਂ ਨੂੰ ਇਕ ਗੱਲ 'ਤੇ ਆਪਣੀ ਰਾਇ ਪ੍ਰਗਟਾਉਣ ਲਈ ਕਿਹਾ ਜਾਵੇਗਾ ਕਿ 'ਮੈਂ ਭਾਰਤੀ ਕਬਜੇਵਾਲੇ ਪੰਜਾਬ ਵਿਚ ਇਕ ਆਜ਼ਾਦ ਤੇ ਪ੍ਰਭੁਸੱਤਾ ਪ੍ਰਾਪਤ ਦੇਸ਼ ਸਥਾਪਿਤ ਕਰਨ ਦੀ ਇੱਛਾ ਰੱਖਦਾ ਹਾਂ ਇਸ ਆਧਾਰ 'ਤੇ ਕਿ ਸਿੱਖ ਪੰਜਾਬ ਦੇ ਮੂਲ ਵਾਸੀ ਹਨ , ਉਨਾਂ ਦੀ ਆਪਣੀ ਇਤਿਹਾਸਕ ਮਾਤਭੂਮੀ ਹੈ, ਵੱਖਰਾ ਧਰਮ ਹੈ ਅਤੇ ਇਸ ਨੂੰ ਖੁਦਮੁਖਤਿਆਰੀ ਦਾ ਅਧਿਕਾਰ ਹੈ।'

ਰਿਫਰੈਂਡਮ-2020 ਨੂੰ ਆਜ਼ਾਦੀ ਅਤੇ ਅਸਰ ਰਸੂਖ ਵਾਲੇ ਸੰਗਠਨਾਂ ਵਲੋਂ ਚਲਾਇਆ ਜਾਵੇਗਾ ਅਤੇ ਇਸ ਦੀ ਨਿਗਰਾਨੀ ਕੌਮਾਂਤਰੀ ਐਨ ਜੀ ਓਜ਼ ਅਤੇ ਮਨੁੱਖੀ ਅਧਿਕਾਰ ਕਾਰਕੁੰਨਾਂ ਵਲੋਂ ਕੀਤੀ ਜਾਵੇਗੀ।

ਅਟਾਰਨੀ ਪੰਨੂ ਨੇ ਕਿਹਾ ਕਿ ਸਾਲ 2020 ਵਿਚ ਪੰਜਾਬ ਸੂਬੇ ਤੋਂ ਇਲਾਵਾ ਉਤਰੀ ਅਮਰੀਕਾ, ਯੂਰਪ, ਆਸਟਰੇਲੀਆ, ਨਿਊਜ਼ੀਲੈਂਡ, ਮਲੇਸ਼ੀਆ, ਫਿਲਪੀਨ, ਸਿੰਗਾਪੁਰ, ਕੀਨੀਆ ਅਤੇ ਮੱਧ ਪੂਰਬ ਦੇਸ਼ਾਂ ਦੇ ਪ੍ਰਮੁੱਖ ਸਹਿਰਾਂ ਵਿਚ ਵੀ ਪੋਲਿੰਗ ਕਰਵਾਈ ਜਾਵੇਗੀ।

ਵਰਨਣਯੋਗ ਹੈ ਕਿ 1990ਵਿਆਂ ਵਿਚ ਸਿਖ ਰਾਸ਼ਟਰਵਾਦੀਆਂ ਨੇ ਖਾਲਿਸਤਾਨ ਲਈ ਹਥਿਆਰਬੰਦ ਲਹਿਰ ਸ਼ੁਰੂ ਕੀਤੀ ਸੀ ਪਰ ਬਗਾਵਤ ਵਿਰੋਧੀ ਅਪਰੇਸ਼ਨਾਂ ਦੇ ਨਾਂਅ 'ਤੇ ਭਾਰਤੀ ਸੁਰਖਿਆ ਬਲਾਂ ਵਲੋਂ ਸੈਂਕੜੇ ਹਜ਼ਾਰਾਂ ਦੀ ਗਿਣਤੀ ਵਿਚ ਸਿਖ ਕਾਰਕੁੰਨਾਂ ਨੂੰ ਫਰਜ਼ੀ ਮੁਕਾਬਲਿਆਂ ਵਿਚ ਮਾਰ ਮੁਕਾ ਦਿੱਤਾ ਗਿਆ ਸੀ।

LAW OFFICE OF
PARDEEP S. GREWAL
ਪ੍ਰਦੀਪ ਸਿੰਘ ਗਰੇਵਾਲ
Bankruptcy
Immigration • Divorce
ਬੈਂਕਰਪਸੀ
ਚੈਪਟਰ 7 ਅਤੇ 13 (ਨਿੱਜੀ ਅਤੇ ਬਿਜਨਸ)
ਇਮੀਗ੍ਰੇਸ਼ਨ ਲਾਅ
9th ਸਰਕਟ ਅਪੀਲ, ਬੀ ਆਈ ਏ ਅਪੀਲ,
ਡਿਪੋਰਟੇਸ਼ਨ/ਰਿਮੂਵਲ ਕੇਸ, ਵੀਜ਼ਾ ਪਟੀਸ਼ਨ, ਗਰੀਨ ਕਾਰਡ
ਪਰਿਵਾਰਕ ਕਾਨੂੰਨ
ਤਲਾਕ



Pardeep S. Grewal
Attorney At Law

Bankruptcy
- Chapter 7 & 13 Bankruptcy
- Protect Your Assets- Home, Etc..
- Start Fresh- Clear

Family Law • Divorce

Immigration Law
- Deportation Cases- BIA Appeals
- Ninth Circuit Appeals
- Adjustment of Status (Green Card)
- Visa Petitions, NVC

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਰੂਰਤ ਲਈ ਕਾਲ ਕਰੋ
510.889.1999
email : info@pardeeplaw.com
20980 REDWOOD ROAD, SUITE 240 • CASTRO VALLEY CA 94546

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568



GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ 4:00 ਵਜੇ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



# ਸ਼ਹੀਦ ਬਾਬਾ ਬੰਦਾ ਸਿੰਘ ਬਹਾਦਰ ਜੀ ਦਾ ਸ਼ਹੀਦੀ ਦਿਹਾੜਾ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮਨਾਇਆ





**ਸ਼ਿਕਾਗੋ/ਮੱਖਣ ਸਿੰਘ ਕਲੇਰ:** ਸਿੱਖ ਕੌਮ ਦੇ ਮਹਾਨ ਸ਼ਹੀਦ ਤੇ ਸਿੱਖ ਰਾਜ ਸਥਾਪਤ ਕਰਨ ਵਾਲੇ ਮਹਾਨ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ ਦਾ ਸ਼ਹੀਦੀ ਦਿਹਾੜਾ ਇਥੋਂ ਦੇ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਮਨਾਇਆ ਗਿਆ। 25 ਜੂਨ ਐਤਵਾਰ ਨੂੰ ਸਵੇਰ ਵੇਲੇ ਸ਼੍ਰੀ ਆਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ । ਉਪਰੰਤ ਗੁਰਦੁਆਰਾ ਸਾਹਿਬ ਦੇ ਕੀਰਤਨੀਏ ਭਾਈ ਰਾਜਿੰਦਰ ਸਿੰਘ ਜਲੰਧਰ ਵਾਲਿਆਂ ਦੇ ਜਥੇ ਵਲੋਂ ਕੀਰਤਨ ਕੀਤਾ ਗਿਆ। ਹੈੱਡ ਗ੍ਰੰਥੀ ਭਾਈ ਪਰਮਿੰਦਰਜੀਤ ਸਿੰਘ ਨੇ ਕਥਾ ਰਾਹੀਂ ਹਾਜਰੀ ਲਗਵਾਈ । ਇੰਡਿਆਨਾ ਤੋਂ ਪਹੁੰਚੇ ਭਾਈ ਅਜੀਤ ਸਿੰਘ ਜੱਬਲਪੁਰ ਵਾਲਿਆਂ ਦੇ ਜਥੇ ਨੇ ਕੀਰਤਨ ਰਾਹੀਂ ਆਪਣੀ ਹਾਜਰੀ ਲਗਵਾਈ। ਇਸ ਸ਼ਹੀਦੀ ਸਮਾਗਮ ਵਿਚ ਸੰਗਤਾਂ ਅਤੇ ਪ੍ਰਬੰਧਕਾਂ ਦੇ ਵਿਸ਼ੇਸ਼ ਸੱਦੇ ਤੇ ਪਹੁੰਚੇ ਭਾਈ ਸਾਹਿਬ ਸਿੰਘ ਜੀ ਕਨੇਡਾ ਵਾਲਿਆਂ ਨੇ ਬੁੱਧਵਾਰ ਤੋਂ ਲੈ ਕੇ ਐਤਵਾਰ ਤੱਕ ਸੰਗਤਾਂ ਨੂੰ ਕਥਾ ਰਾਹੀਂ ਗੁਰ ਸ਼ਬਦ ਦੀ ਵਿਚਾਰ ਤੇ ਸਿੱਖ ਇਤਿਹਾਸ ਅਤੇ ਬਾਬਾ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਤੇ ਸ਼ਹੀਦੀ ਤਕ ਦਾ ਇਤਿਹਾਸ ਸਰਵਣ ਕਰਵਾਇਆ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵਲੋਂ ਭਾਈ ਸਾਹਿਬ ਨੂੰ ਗੁਰੂ ਘਰ ਦੀ ਬਖਸ਼ਸ਼ ਸਿਰਪਾਉ ਦੇ ਕੇ ਸਨਮਾਨਿਤ ਕੀਤਾ ਗਿਆ ਤੇ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਗਿਆ। ਸਟੇਜ ਦੀ ਸੇਵਾ ਹਰਜੀਤ ਸਿੰਘ ਗਿੱਲ ਵਲੋਂ ਨਿਭਾਈ ਗਈ . ਉਨਾਂ ਭਾਈ ਸਾਹਿਬ ਸਿੰਘ ਜੀ ਨੂੰ ਅਗਲੇਰੇ ਸਮੇਂ ਵਿਚ ਪੈਲਾਟਾਈਨ ਗੁਰਦੁਆਰਾ ਸਾਹਿਬ ਵਿਖੇ ਆਉਣ ਲਈ ਬੇਨਤੀ ਕੀਤੀ ਜਿਸ ਨੂੰ ਭਾਈ ਸਾਹਿਬ ਵਲੋਂ ਸਵੀਕਾਰ ਕੀਤਾ ਗਿਆ।

# ਮੰਗਲ ਹਠੂਰ ਦੀ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਲੋਕ ਅਰਪਿਤ



ਪੁਸਤਕ ਲੋਕ ਅਰਪਣ ਕਰਨ ਸਮੇਂ ਮੰਗਲ ਹਠੂਰ ਪਤਵੰਤੇ ਸੱਜਣਾਂ ਨਾਲ।

**ਫਰਿਜ਼ਨੋ/ਕੁਲਵੰਤ ਉੱਭੀ ਧਾਲੀਆਂ/ਨੀਟਾ ਮਾਛੀਕੇ:** ਪੰਜਾਬੀ ਸੱਭਿਆਚਾਰ ਅੰਦਰ ਸਾਫ-ਸੁਥਰੀ ਗੀਤਕਾਰੀ ਅਤੇ ਵਾਰਤਕ ਦੇ ਸਮੁੰਦਰ ਮੰਗਲ ਹਠੂਰ ਹੁਣ ਕਿਸੇ ਪਹਿਚਾਣ ਦੇ ਮੁਥਾਜ਼ ਨਹੀਂ। ਪੰਜਾਬੀ ਗੀਤਕਾਰੀ ਵਿੱਚ ਪਿਛਲੇ ਤਿੰਨ ਦਹਾਕਿਆਂ ਤੋਂ ਸਾਫ਼ ਸੁਥਰੀ ਗੀਤਕਾਰੀ ਜ਼ਰੀਏ ਪੰਜਾਬੀ ਮਾਂ ਬੋਲੀ ਦੀ ਸੇਵਾ ਕਰਦੇ ਆ ਰਹੇ ਹਨ। ਇਸ ਦੇ ਨਾਲ-ਨਾਲ ਉਨ੍ਹਾਂ ਵਾਰਤਕ ਵੀ ਬੜੀ ਸਫਲਤਾ ਨਾਲ ਲਿਖੀ ਹੈ। ਉਨ੍ਹਾਂ ਦੀਆਂ ਹੁਣ ਤੱਕ ਤਕਰੀਬਨ 10 ਕਿਤਾਬਾਂ ਪੰਜਾਬੀ ਮਾਂ ਬੋਲੀ ਦੇ ਵਿਹੜੇ ਦਾ ਸਿੰਬਣ ਚੁਕੀਆਂ ਹਨ। ਉਨ੍ਹਾਂ ਦੀ ਗਿਆਰਾਵੀਂ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਫਰਿਜਨੋ ਵਿਖੇ ਇੰਡੀਅਨ ਅਵਨ ਰੈਸਟੋਰੈਂਟ ਦੇ ਹਾਲ ਵਿੱਚ ਭਾਰੀ ਇਕੱਠ ਦੌਰਾਨ ਲੋਕ ਅਰਪਿਤ ਕੀਤੀ ਗਈ। ਇਸ ਮੌਕੇ ਫਰਿਜ਼ਨੋ ਇਲਾਕੇ ਦੀਆਂ ਬਹੁਤ ਸਾਰੀਆਂ ਸਾਹਿੱਤਕ ਸਖਸ਼ੀਅਤਾਂ ਨੇ ਸ਼ਿਰਕਤ ਕਰਕੇ ਇਸ ਪ੍ਰੋਗਰਾਮ ਨੂੰ ਚਾਰ ਚੰਨ ਲਾਏ। ਇਸ ਮੌਕੇ ਮੰਗਲ ਹਠੂਰ ਨੇ ਆਪਣੀ ਨਵੇਂ-ਪੁਰਾਣੇ ਗੀਤਾਂ ਅਤੇ ਮਿਆਰੀ ਸ਼ਾਇਰੋ-ਸ਼ਾਇਰੀ ਰਾਹੀਂ ਚੰਗਾ ਸਮਾਂ ਬੰਨਿਆ। ਇਸ ਮੌਕੇ ਸ਼ਾਇਰ ਸੁੱਖੀ ਧਾਲੀਵਾਲ, ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਦਿਲਦਾਰ ਗਰੁੱਪ ਦੇ ਗਾਇਕ ਅਵਤਾਰ ਗਰੇਵਾਲ, ਅਦਾਕਾਰ ਅਤੇ ਗਾਇਕ ਸੁਰਜੀਤ ਸਿੰਘ ਮਾਛੀਵਾੜਾ, ਕਵੀ ਗੈਰੀ ਢੇਸੀ, ਰੇਡੀਓ ਹੋਸ਼ਟ ਅਤੇ ਕਵੀਸ਼ਰ ਮਨਜੀਤ ਸਿੰਘ ਪੱਤੜ ਸਮੇਤ ਬਹੁਤ ਸਾਰੇ ਸਾਹਿੱਤ ਪ੍ਰੇਮੀਆਂ ਨੇ ਗੀਤ ਅਤੇ ਕਵਿਤਾਵਾਂ ਪੇਸ਼ ਕਰਕੇ ਸਰੋਤਿਆਂ ਦੀ ਵਾਹਵਾ ਖੱਟੀ। ਇਸੇ ਦੌਰਾਨ ਡਾ. ਅਰਜਨ ਸਿੰਘ ਜੋਸ਼ਨ, ਡਾ. ਮਲਕੀਤ ਸਿੰਘ ਕਿੰਗਰਾ, ਨਾਜਰ ਸਿੰਘ ਸਹੋਤਾ, ਗੁਰਿੰਦਰਜੀਤ ਸਿੰਘ, ਕੁਲਵੰਤ ਧਾਲੀਆਂ, ਅਵਤਾਰ ਗਿੱਲ, ਪਾਲ ਕੈਲੇ, ਸਵਰਨ ਸਿੱਧੂ, ਸਤਨਾਮ ਬੱਲ, ਮਹਿੰਦਰ ਸਿੰਘ ਕੰਡਾ, ਪਿੰਦਾ ਚੀਮਾ, ਸਤਵੀਰ ਹੀਰ, ਜਸਵੰਤ ਮਹਿੰਮੀ, ਪ੍ਰਮੋਧ ਲੋਈ, ਜਸਵੀਰ ਸਰਾਏ, ਕਾਲਾ ਸਿੱਧੂ, ਮਾਸਟਰ ਦਿਲਬਾਰਾ ਸਿੰਘ ਧਾਲੀਵਾਲ, ਹਰਜੀਤ ਗਰੇਵਾਲ, ਰਣਮੇਘ ਢੇਸੀ, ਡਾ. ਸਿਮਰਜੀਤ ਧਾਲੀਵਾਲ, ਅਮਰਜੀਤ ਸਿੰਘ ਦੌਧਰ ਸਮੇਤ ਹੋਰ ਬਹੁਤ ਸਾਰੇ ਸੱਜਣਾਂ ਨੇ ਵੀ ਮੰਗਲ ਨੂੰ ਉਨ੍ਹਾਂ ਦੀ ਨਵੀਂ ਕਿਤਾਬ ਲਈ ਵਧਾਈਆਂ ਦਿੱਤੀਆ ਤੇ ਸਾਫ਼-ਸੁਥਰੀ ਗੀਤਕਾਰੀ ਲਈ ਮੰਗਲ ਦੀ ਪ੍ਰਸੰਸਾ ਕੀਤੀ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜੁਗਰਾਜ ਸਿੰਘ ਦੌਧਰ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸਟੇਜ ਸੰਚਾਲਨ ਪੱਤਰਕਾਰ ਨੀਟਾ ਮਾਛੀਕੇ ਨੇ ਬਾਖੂਬੀ ਸ਼ਾਇਰਾਨਾ ਅੰਦਾਜ਼ ਵਿੱਚ ਕੀਤਾ। ਅੰਤ ਅਮਿੱਟ ਪੈੜ੍ਹਾਂ ਛੱਡਦਾ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ।

# ਸਵਿੱਸ ਬੈਂਕਾਂ 'ਚ ਜਮ੍ਹਾ ਭਾਰਤ ਦਾ 'ਕਾਲਾ ਧਨ' ਹੋਇਆ ਗਾਇਬ

**ਜ਼ਿਊਰਿਖ/ਨਵੀਂ ਦਿੱਲੀ/ਬਿਊਰੋ ਨਿਊਜ਼ :** ਸਵਿੱਸ ਬੈਂਕਾਂ ਵਿੱਚ ਜਮ੍ਹਾਂ ਧਨ ਦੇ ਮਾਮਲੇ ਵਿੱਚ ਭਾਰਤ 88ਵੇਂ ਸਥਾਨ 'ਤੇ ਖਿਸਕ ਗਿਆ ਹੈ ਜਦੋਂ ਕਿ ਇੰਗਲੈਂਡ ਹਾਲੇ ਵੀ ਸਿਖ਼ਰਲੇ ਸਥਾਨ ਉਤੇ ਹੈ। ਸਵਿੱਟਜ਼ਰਲੈਂਡ ਦੀਆਂ ਬੈਂਕਾਂ ਵਿੱਚ ਅਧਿਕਾਰਤ ਤੌਰ 'ਤੇ ਪਿਆ ਭਾਰਤੀਆਂ ਦਾ ਧਨ ਸਵਿੱਸ ਬੈਂਕਿੰਗ ਸਿਸਟਮ ਵਿੱਚ ਵਿਦੇਸ਼ੀ ਗਾਹਕਾਂ ਦੇ ਕੁੱਲ ਧਨ ਦਾ ਮਹਿਜ਼ 0.04 ਫ਼ੀਸਦ ਬਣਦਾ ਹੈ। ਇਹ ਅੰਕੜੇ ਸਵਿੱਸ ਨੈਸ਼ਨਲ ਬੈਂਕ (ਐਸਐਨਬੀ) ਵੱਲੋਂ ਅਧਿਐਨ ਬਾਅਦ 2016 ਦੇ ਅੰਤ ਵਿੱਚ ਜਾਰੀ ਕੀਤੇ ਗਏ ਹਨ। ਇਸ ਰਾਸ਼ੀ ਨੂੰ ਐਸਐਨਬੀ ਨੇ ਸਵਿੱਸ ਬੈਂਕਾਂ ਦੀ ਗਾਹਕਾਂ ਪ੍ਰਤੀ 'ਦੇਣਦਾਰੀ' ਦੱਸਦਿਆਂ ਕਿਹਾ ਕਿ ਇਹ ਅੰਕੜੇ ਸਵਿੱਸ ਅਧਿਕਾਰੀਆਂ ਵੱਲੋਂ ਨਸ਼ਰ ਕੀਤੇ ਗਏ ਹਨ ਅਤੇ ਇਹ ਭਾਰਤ ਵਿਚ ਕਾਲੇ ਧਨ ਦੇ ਮੁੱਦੇ ਉਤੇ ਛਿੜੀ ਬਹਿਸ ਮੁਤਾਬਕ ਵੱਡੀ ਰਾਸ਼ੀ ਜਮ੍ਹਾਂ ਹੋਣ ਵੱਲ ਸੰਕੇਤ ਨਹੀਂ ਕਰਦੇ। ਐਸਐਨਬੀ ਦੇ ਅਧਿਕਾਰਤ ਅੰਕੜਿਆਂ ਵਿੱਚ



ਭਾਰਤ ਤੋਂ ਜਮ੍ਹਾਂ ਹੋਈ ਰਾਸ਼ੀ ਹੀ ਸ਼ਾਮਲ ਹੈ। ਭਾਰਤੀਆਂ ਤੇ ਐਨਆਰਆਈਜ਼ ਵੱਲੋਂ ਹੋਰ ਮੁਲਕਾਂ ਤੋਂ ਸਵਿੱਸ ਬੈਂਕਾਂ ਵਿਚ ਰਾਸ਼ੀ ਜਮ੍ਹਾਂ ਕਰਾਈ ਹੋ ਸਕਦੀ ਹੈ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਸਵਿਟਜ਼ਰਲੈਂਡ ਦੀਆਂ ਬੈਂਕਾਂ ਦੇ ਗੁਪਤਤਾ ਵਾਲੀ ਨਿਯਮ ਖ਼ਿਲਾਫ਼ ਆਲਮੀ ਪੱਧਰ ਉਤੇ ਮੁਹਿੰਮ ਛਿੜਨ ਬਾਅਦ ਸਵਿੱਸ ਬੈਂਕਾਂ ਵਿੱਚ ਪਿਆ ਕਾਲਾ ਧਨ ਭਾਰਤੀਆਂ ਨੇ ਹੋਰ ਥਾਈਂ ਤਬਦੀਲ ਕਰ ਦਿੱਤਾ ਹੋਵੇ। ਸਵਿੱਸ ਬੈਂਕਾਂ ਨੇ ਕਿਹਾ ਕਿ ਕਾਲੇ ਧਨ ਉਤੇ ਨਜ਼ਰ ਰੱਖਣ ਦੇ ਯਤਨਾਂ ਦੌਰਾਨ ਸਿੰਗਾਪੁਰ ਤੇ ਹਾਂਗਕਾਂਗ ਵਰਗੇ ਹੋਰ ਕੌਮਾਂਤਰੀ ਵਿੱਤੀ ਕੇਂਦਰਾਂ ਮੁਕਾਬਲੇ ਭਾਰਤੀਆਂ ਨੇ 'ਬਹੁਤ ਥੋੜ੍ਹਾ ਧਨ ਜਮ੍ਹਾਂ' ਕਰਾਇਆ ਹੈ। ਸਵਿੱਸ ਬੈਂਕਾਂ ਵਿੱਚ ਵਿਸ਼ਵ ਭਰ ਦੇ ਵਿਦੇਸ਼ੀ ਗਾਹਕਾਂ ਵੱਲੋਂ ਜਮ੍ਹਾਂ ਕਰਾਏ ਕੁੱਲ ਧਨ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। 2016 ਦੌਰਾਨ ਇਹ 1.41 ਟ੍ਰਿਲੀਅਨ ਸਵਿੱਸ ਫਰੈਂਕ ਤੋਂ ਵਧ ਕੇ 1.42 ਟ੍ਰਿਲੀਅਨ ਫਰੈਂਕ ਹੋ ਗਿਆ। ਸਵਿੱਸ ਬੈਂਕਾਂ ਵਿੱਚ ਧਨ ਜਮ੍ਹਾਂ ਕਰਾਉਣ ਵਾਲੇ ਮੁਲਕਾਂ 'ਚੋਂ ਯੂਕੇ 359 ਅਰਬ ਫਰੈਂਕ ਨਾਲ ਸਿਖ਼ਰਲੇ ਸਥਾਨ ਉਤੇ ਹੈ, ਇਹ ਕੁੱਲ ਜਮ੍ਹਾਂ ਵਿਦੇਸ਼ੀ ਧਨ ਦਾ 25 ਫ਼ੀਸਦ ਤੋਂ ਵੱਧ ਬਣਦਾ ਹੈ। ਇਸ ਸੂਚੀ ਵਿੱਚ 177 ਅਰਬ ਫਰੈਂਕ ਨਾਲ ਅਮਰੀਕਾ ਦਾ ਦੂਜਾ ਸਥਾਨ ਹੈ। ਸਵਿੱਸ ਬੈਂਕਾਂ ਵਿੱਚ ਭਾਰਤੀਆਂ ਦੇ ਤਕਰੀਬਨ 4500 ਕਰੋੜ ਰੁਪਏ ਜਮ੍ਹਾਂ ਹਨ ਅਤੇ ਉਹ 88ਵੇਂ ਸਥਾਨ ਉਤੇ ਹੈ। 1.4 ਅਰਬ ਫਰੈਂਕ ਨਾਲ ਪਾਕਿਸਤਾਨ ਇਸ ਸੂਚੀ ਵਿੱਚ 71ਵੇਂ ਸਥਾਨ ਉਤੇ ਹੈ।

## ਭਾਰਤ ਦਾ 37ਵੇਂ ਸਥਾਨ ਤੋਂ ਡਿੱਗਣ ਦਾ ਸਫ਼ਰ

ਸਾਲ 2015 ਵਿੱਚ ਭਾਰਤ 75ਵੇਂ ਸਥਾਨ ਉਤੇ ਸੀ ਅਤੇ ਇਸ ਤੋਂ ਇਕ ਸਾਲ ਪਹਿਲਾਂ ਉਹ 61ਵੇਂ ਸਥਾਨ ਉਤੇ ਸੀ। 2007 ਤਕ ਭਾਰਤ ਸਵਿੱਸ ਬੈਂਕਾਂ ਵਿੱਚ ਧਨ ਦੇ ਮਾਮਲੇ ਵਿਚ ਟੌਪ-50 ਮੁਲਕਾਂ ਵਿੱਚ ਸ਼ਾਮਲ ਰਿਹਾ ਹੈ। 2004 ਵਿੱਚ 37ਵਾਂ ਸਥਾਨ ਭਾਰਤ ਦੀ ਸਭ ਤੋਂ ਉੱਚੀ ਰੈਂਕਿੰਗ ਸੀ। ਕਾਲੇ ਧਨ ਉਤੇ ਸ਼ਿਕੰਜਾ ਕੱਸਣ ਲਈ ਹਾਲ ਹੀ ਵਿੱਚ ਭਾਰਤ ਤੇ ਸਵਿਟਜ਼ਰਲੈਂਡ ਦਰਮਿਆਨ ਆਟੋਮੈਟਿਕ ਸੂਚਨਾ ਸਾਂਝੀ ਕਰਨ ਬਾਰੇ ਨਵੀਂ ਰੂਪ-ਰੇਖਾ ਉਲੀਕੀ ਗਈ ਹੈ ਅਤੇ ਇਸ ਬਾਅਦ ਹੀ ਭਾਰਤ ਦਾ ਧਨ ਘਟਣ ਲੱਗਾ ਹੈ।


CAPITAL ACCOUNTING & TAX SERVICES

HELPING PEOPLE FOR THEIR TRUCKING NEEDS

(IRP) Plates-48 States-Same Day

ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।

ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ

- ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
- ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

Same Day Plates Same Day Plates Same Day Plates



Kuldeep Singh Kang



Sewa Singh Bhinder

ਸੱਤ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services



CALIFORNIA DMV LIV. # 40524

PH : 530-669-5780 Fax : 530-669-5775

Cell : 530-908-9386 Cell : 530-405-6020

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।

825 East Street, Suite 110 Woodland, CA 95776



CAPITAL SERVICES

Capital services

ਸਾਰੀਆਂ ਸੇਵਾਵਾਂ ਇਕੋ ਥਾਂ

- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ



ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ

ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ

Call, Banga (916) 427-4321, Fax (916) 258-0441

Email : sacramento99@yahoo.co, website: capitalservices.us

# ਅੰਗਰੇਜ਼ੀ ਅਖਬਾਰ ਦੇ ਕਾਮਿਕ 'ਚ ਸਿੱਖ ਫੌਜੀ ਨੂੰ ਸਿਗਰਟ ਪੀਂਦਿਆਂ ਵਿਖਾਏ ਜਾਣ ਦੇ ਵਿਰੁਧ ਸਿੱਖਾਂ 'ਚ ਭਾਰੀ ਰੋਹ



ਅੰਗਰੇਜ਼ੀ ਅਖਬਾਰ ਦੇ ਕਾਮਿਕ ਸੀਰੀਅਲ ਦਾ ਸਕਰੀਨ ਸ਼ਾਟ

**ਅੰਮ੍ਰਿਤਸਰ/ਨਰਿੰਦਰ ਪਾਲ ਸਿੰਘ:** ਸਿੱਖੀ ਸਰੂਪ, ਸਿੱਖ ਸਿਧਾਤਾਂ ਉਪਰ ਕੀਤੇ ਜਾ ਰਹੇ ਨਿਰੰਤਰ ਹਮਲਿਆਂ ਦਾ ਇੱਕ ਮਾਮਲਾ ਨਿੱਬੜਦਾ ਨਹੀਂ ਕਿ ਹੋਰ ਨਵੀਂ ਚੁਣੌਤੀ ਬਣ ਕੇ ਸਾਹਮਣੇ ਆ ਜਾਂਦੀ ਹੈ। ਇਸ ਵਾਰ ਅੰਗਰੇਜ਼ੀ ਦੇ ਇੱਕ ਨਾਮਵਰ ਅਖ਼ਬਾਰ ਨੇ ਫੌਜੀ ਵਰਦੀ ਵਿਚ ਇਕ ਸਿੱਖ ਕਿਰਦਾਰ ਨੂੰ ਸਿਗਰਟ ਪੀਂਦਿਆਂ ਵਿਖਾਇਆ ਗਿਆ ਹੈ। ਜਿਥੇ ਅਖਬਾਰ ਦੀ ਇਸ ਹਰਕਤ ਨੇ ਦੁਨੀਆ ਭਰ ਵਿਚ ਬੈਠੇ ਸਿੱਖ ਹਿਰਦੇ ਵਲੂੰਧਰ ਦਿੱਤੇ ਹਨ ਉਥੇ ਸਿੱਖਾਂ ਦੀ ਤਰਜਮਾਨੀ ਕਰਨ ਦਾ ਦਾਅਵਾ ਕਰਨ ਵਾਲੀ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਖ਼ਬਰ ਤੋਂ ਹਾਲੇ ਤਕ ਅਣਜਾਣ ਹੈ।

ਸਿੱਖਾਂ ਨਾਲ ਸਬੰਧਤ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਵਟਾਂਦਰੇ ਲਈ ਇਕ ਪਲੇਟਫਾਰਮ ਵਜੋਂ ਜਾਣੀ ਜਾਂਦੀ ਲਰਨਿੰਗ ਜ਼ੋਨ' ਨਾਮੀ ਸੰਸਥਾ ਨੇ ਹਿੰਦੁਸਤਾਨ ਅਖਬਾਰ (Hindustan) ਦੇ 2 ਜੁਲਾਈ (ਐਤਵਾਰ) ਦੀ ਇਸ ਹਰਕਤ ਬਾਰੇ ਜਾਣਕਾਰੀ ਦੇ ਕੇ ਸਿੱਖ ਸੰਗਤਾਂ ਨੂੰ ਹਲੂਣਾ ਦਿੱਤਾ। ਅਖਬਾਰ ਦੇ ਦਿੱਲੀ ਐਡੀਸ਼ਨ ਨਾਲ ਨੱਥੀ ਕੀਤੇ ਗਏ 4 ਪੰਨਿਆਂ ਦੇ ਸਪੈਸ਼ਲ ਕਾਮਿਕ ਸੀਰੀਅਲ ਏ ਜੈਂਟਲਮੈਨਜ਼ ਵੇਜਰ' ਦਾ ਜਿਕਰ ਕਰਦਿਆਂ ਦੱਸਿਆ ਗਿਆ ਹੈ ਕਿ ਇਹ ਕਾਮਿਕ ਇੱਕ ਕਾਲਪਨਿਕ ਕਹਾਣੀ 'ਤੇ ਨਿਰਧਾਰਤ ਹੈ ਜਿਸਦੀ ਕਹਾਣੀ ਅਖਬਾਰ ਦੀ ਬਰੰਚ ਟੀਮ ਦੇ ਆਰੀਆ ਰਾਜ ਗੈਂਦ ਨੇ ਲਿਖੀ ਹੈ। ਕਹਾਣੀ ਸੰਨ 1910 ਦੇ ਨਾਲ ਜੁੜੀ ਕਿਸੇ ਕਾਲਪਨਿਕ ਕਹਾਣੀ 'ਤੇ ਆਧਾਰਤ ਹੈ ਅਤੇ ਇਸ ਨੂੰ ਤਸਵੀਰੀ ਵਿਆਖਿਆ ਵਿਵੇਕ ਸ਼ਿੰਦੇ ਨੇ ਦਿੱਤੀ ਹੈ। ਕਾਮਿਕ ਦਾ ਮੁੱਖ ਪਾਤਰ ਕੋਈ ਮਹਾਰਾਜਾ ਸਿਕੰਦਰ ਸਿੰਘ ਨਾਮੀ ਵਰਦੀਧਾਰੀ ਫੌਜੀ ਵਿਖਾਇਆ ਗਿਆ ਹੈ। ਅਖਬਾਰ ਦੇ ਪੰਨਾ ਨੰਬਰ 16 'ਤੇ ਇਸ ਕਾਮਿਕ ਦਾ ਹਿੱਸਾ ਉਲੀਕਦਿਆਂ ਇਸ ਸਿਕੰਦਰ ਸਿੰਘ ਨੂੰ ਸਿਗਰਟ ਪੀਂਦਾ ਵਿਖਾਇਆ ਗਿਆ ਹੈ। ਸਵਾਲ ਇਹੀ ਹੈ ਕਿ ਆਖਿਰ ਪੂਰੇ ਹਿੰਦੁਸਤਾਨ ਵਿੱਚ ਕਈ ਦਰਜਨ ਐਡੀਸ਼ਨਾਂ ਤੇ ਲੱਖਾਂ ਦੀ ਗਿਣਤੀ ਵਿੱਚ ਪਾਠਕਾਂ ਤੀਕ ਪੁਜਣ ਵਾਲੀ ਅਖਬਾਰ ਦੀ ਟੀਮ ਨੇ ਇਸ ਵਿਸ਼ੇਸ਼ ਕਾਮਿਕ ਦੀ ਕਹਾਣੀ ਘੜਦਿਆਂ ਸਿੱਖ ਸਰੂਪ ਵਿੱਚ ਦਰਸਾਏ ਪਾਤਰ ਨੂੰ ਹੀ ਸਿੱਖ ਸਿਧਾਂਤ ਵਿਰੋਧੀ ਰੂਪ ਵਿੱਚ ਕਿਉਂ ਸਿਰਜਿਆ? ਸਵਾਲ ਤਾਂ ਇਹ ਵੀ ਹੈ ਕੀ ਹਿੰਦੁਸਤਾਨ ਅੰਦਰ ਲਾਗੂ ਕੀਤੇ ਜਾ ਰਹੇ ਘੱਟਗਿਣਤੀ ਕੌਮਾਂ ਵਿਰੋਧੀ ਰਵਈਏ ਨੂੰ ਪ੍ਰਚਾਰਨ ਤੇ ਪ੍ਰਸਾਰਨ ਲਈ ਪ੍ਰਿੰਟ ਮੀਡੀਆ ਦਾ ਸਹਾਰਾ ਵੀ ਲਿਆ ਜਾਣਾ ਸ਼ੁਰੂ ਕਰ ਦਿੱਤਾ ਗਿਆ ਹੈ?

# ਇਤਿਹਾਸ ਦੇ ਪੰਨਿਆਂ ਵਿੱਚੋਂ ਅਣਗੌਲੀ ਕਰ ਦਿੱਤੀ ਗਈ ਮੁਲਾਕਾਤ ਨੂੰ ਦਰਸਾਉਂਦੀ ਹੈ ਨਵੀਂ ਫਿਲਮ ਭਗਤ ਸਿੰਘ

## *ਫਿਲਮ ਦੀ ਕਹਾਣੀ ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ 'ਤੇ ਅਧਾਰਤ ਹੈ: ਨਿਰਦੇਸ਼ਕ ਪਰਦੀਪ ਸਿੰਘ*






ਮੋਹਾਲੀ/ਬਿਊਰੋ ਨਿਊਜ਼: ਪੰਜ ਤੀਰ ਰਿਕਾਰਡਸ ਵੱਲੋਂ ਬੀਤੇ ਦਿਨੀਂ ਜਾਰੀ ਕੀਤੀ ਗਈ ਛੋਟੀ ਫਿਲਮ "ਭਗਤ ਸਿੰਘ" ਇਤਿਹਾਸ ਦੇ ਪੰਨਿਆਂ ਵਿੱਚੋਂ ਅਣਗੌਲੀ ਕਰ ਦਿੱਤੀ ਗਈ ਮੁਲਾਕਾਤ 'ਤੇ ਚਾਨਣ ਪਾਉਂਦੀ ਹੈ। ਇਹ ਮੁਲਾਕਾਤ ਸ਼ਹੀਦ ਭਗਤ ਸਿੰਘ ਅਤੇ ਗਦਰੀ ਇਨਕਲਾਬੀ ਤੇ ਪੰਥ ਦੀ ਉਸ ਵੇਲੇ ਦੀ ਸਿਰਮੌਰ ਸਖਸ਼ੀਅਤ ਭਾਈ ਰਣਧੀਰ ਸਿੰਘ ਦਰਮਿਆਨ 4 ਅਕਤੂਬਰ, 1930 ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਹੋਈ ਸੀ ਜਿਸ ਦੇ ਵੇਰਵੇ ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ ਵਿੱਚ ਅੰਕਤ ਹਨ। ਭਾਈ ਰਣਧੀਰ ਸਿੰਘ ਪੰਜਾਬ ਵਿਚਲੇ ਗਦਰ ਲਹਿਰ ਦੇ ਪ੍ਰਮੁੱਖ ਆਗੂਆਂ ਵਿੱਚੋਂ ਸਨ ਤੇ ਉਨ੍ਹਾਂ ਨੂੰ ਬਰਤਾਨਵੀ ਰਾਜ ਦੀਆਂ ਜੜ੍ਹਾਂ ਪੁੱਟਣ ਦੀ ਕੋਸ਼ਿਸ਼ ਕਰਨ ਬਦਲੇ ਅੰਗਰੇਜ਼ ਹਕੂਮਤ ਨੇ ਉਮਰ ਕੈਦ ਦੀ ਸਜਾ ਸੁਣਾਈ ਸੀ। ਜਦੋਂ ਭਗਤ ਸਿੰਘ ਤੇ ਉਸਦੇ ਸਾਥਆਂ ਦੀ ਗ੍ਰਿਫਤਾਰੀ ਹੋਈ ਤੇ ਉਨ੍ਹਾਂ ਨੂੰ ਕੇਂਦਰੀ ਜੇਲ੍ਹ ਲਾਹੌਰ ਵਿੱਚ ਕੈਦ ਕੀਤਾ ਗਿਆ ਤਾਂ ਉਸ ਵੇਲੇ ਭਾਈ ਰਣਧੀਰ ਸਿੰਘ ਵੀ ਕੇਂਦਰੀ ਜੇਲ੍ਹ ਵਿੱਚ ਕੈਦ ਸਨ। ਭਗਤ ਸਿੰਘ ਦੀ ਭਾਈ ਸਾਹਿਬ ਨਾਲ ਮੁਲਾਕਾਤ ਉਨ੍ਹਾਂ ਦੀ ਰਿਹਾਈ ਵੇਲੇ ਕਰਵਾਈ ਗਈ ਸੀ।

ਇਸ ਮੁਲਾਕਾਤ ਦੇ ਜੋ ਵੇਰਵੇ ਭਾਈ ਰਣਧੀਰ ਸਿੰਘ ਨੇ ਆਪਣੀਆਂ ਜੇਲ੍ਹ ਚਿੱਠੀਆਂ ਵਿੱਚ ਅੰਕਤ ਕੀਤੇ ਹਨ ਉਨ੍ਹਾਂ ਤੋਂ ਅਜੋਕੀ ਪੀੜੀ ਅਣਜਾਣ ਹੈ ਕਿਉਂਕਿ ਬਾਅਦ ਵਿੱਚ ਇਤਿਹਾਸਕਾਰਾਂ ਨੇ ਭਾਰਤੀ ਰਾਸ਼ਟਰਵਾਦ ਦੇ ਅਸਰ ਹੇਠ ਭਗਤ ਸਿੰਘ ਦੀ ਜੋ ਸਖਸ਼ੀਅਤ ਉਸਾਰੀ ਉਹ ਇਸ ਮੁਲਾਕਾਤ ਦੇ ਵੇਰਵਿਆਂ ਨੂੰ ਨਸ਼ਰ ਕਰਕੇ ਨਹੀਂ ਸੀ ਹੋ ਸਕਦੀ। ਫਿਲਮ ਦੇ ਨਿਰਦੇਸ਼ਕਾਂ ਪਰਦੀਪ ਸਿੰਘ ਅਤੇ ਜਸਬੀਰ ਸਿੰਘ ਨੇ ਗੱਲਬਾਤ ਦੌਰਾਨ ਕਿਹਾ ਕਿ ਉਨ੍ਹਾਂ ਦੀ ਫਿਲਮ ਇਤਿਹਾਸ ਦੇ ਠੋਸ ਤੱਥਾਂ ਦੇ ਹਵਾਲੇ ਨਾਲ ਬਣਾਈ ਗਈ ਹੈ। ਉਨ੍ਹਾਂ ਕਿਹਾ ਕਿ ਭਾਈ ਰਣਧੀਰ ਸਿੰਘ ਦੇ ਸਾਹਮਣੇ ਸ਼ਹੀਦ ਭਗਤ ਸਿੰਘ ਨੇ ਜੋ ਇਕਬਾਲ ਕੀਤੇ ਸਨ ਉਨ੍ਹਾਂ ਦਾ ਆਮ ਇਤਿਹਾਸਕਾਰ ਹੁਣ ਜ਼ਿਕਰ ਤੱਕ ਨਹੀਂ ਕਰਦੇ ਤੇ ਇਹ ਫਿਲਮ ਉਸ ਪੱਖ ਨੂੰ ਨਸ਼ਰ ਕਰਦੀ ਹੈ। ਅਮਰੀਕਾ ਵਿੱਚ ਸਿੱਖ ਨੈਟ ਵੱਲੋਂ ਕਰਵਾਏ ਜਾਂਦੇ ਸਲਾਨਾ ਫਿਲਮ ਮੇਲੇ ਵਿਚ ਦੋ ਵਾਰ ਅੱਵਲ ਰਹਿਣ ਵਾਲੀਆਂ ਫਿਲਮਾਂ ਦਾ ਨਿਰਦੇਸ਼ਨ ਕਰ ਚੁੱਕੇ ਨੌਜਵਾਨ ਫਿਲਮ ਨਿਰਦੇਸ਼ਕ ਪਰਦੀਪ ਸਿੰਘ ਨੇ ਕਿਹਾ: "ਅਸੀਂ ਫਿਲਮ ਦੀ ਕਾਹਣੀ ਨੂੰ ਭਾਈ ਰਣਧੀਰ ਸਿੰਘ ਦੀਆਂ ਜੇਲ੍ਹ ਚਿੱਠੀਆਂ ਦੇ ਅਧਾਰ 'ਤੇ ਤਿਆਰ ਕੀਤਾ ਸੀ ਅਤੇ ਇਹ ਧਿਆਨ ਰੱਖਿਆ ਹੈ ਤੱਥ ਜਿਸ ਰੂਪ ਵਿਚ ਇਤਿਹਾਸ ਵਿਚ ਦਰਜ਼ ਹਨ ਉਵੇਂ ਹੀ ਫਿਲਮਾਏ ਜਾਣ"।

ਦਰਸ਼ਕ ਇਸ ਫਿਲਮ ਨੂੰ ਪੰਜ ਤੀਰ ਰਿਕਾਰਡਸ ਦੇ ਯੂ-ਟਿਊਬ ਉੱਤੇ ਵੇਖ ਸਕਦੇ ਹਨ ਜਿੱਥੇ ਕਿ ਹੁਣ ਤੱਕ ਇਹ ਫਿਲਮ 22 ਹਜ਼ਾਰ ਤੋਂ ਵੱਧ ਵਾਰ ਵੇਖੀ ਜਾ ਚੁੱਕੀ ਹੈ।

# ਰਾਸ਼ਟਰਪਤੀ ਲਈ ਰਾਮ ਨਾਥ ਕੋਵਿੰਦ ਬਣੇ ਬੈਂਸ ਭਰਾਵਾਂ ਦੀ ਪਸੰਦ

**ਲੁਧਿਆਣਾ/ਬਿਊਰੋ ਨਿਊਜ਼ :** ਭਾਜਪਾ ਦੇ ਸੂਬਾ ਪ੍ਰਧਾਨ ਵਿਜੈ ਸਾਂਪਲਾ ਐਨਡੀਏ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰਾਮ ਨਾਥ ਕੋਵਿੰਦ ਲਈ ਵੋਟਾਂ ਮੰਗਣ ਬਾਬਤ ਲੋਕ ਇਨਸਾਫ਼ ਪਾਰਟੀ ਦੇ ਮੁਖੀ ਵਿਧਾਇਕ ਸਿਮਰਜੀਤ ਸਿੰਘ ਬੈਂਸ ਤੇ ਬਲਵਿੰਦਰ ਸਿੰਘ ਬੈਂਸ ਦੇ ਘਰ ਪੁੱਜੇ। ਉਨ੍ਹਾਂ ਨੇ ਇੱਕ ਘੰਟਾ ਬੈਂਸ ਭਰਾਵਾਂ ਨਾਲ ਬੰਦ ਕਮਰਾ ਮੀਟਿੰਗ ਕੀਤੀ। ਇਸ ਮਗਰੋਂ ਬੈਂਸ ਭਰਾਵਾਂ ਨੇ ਐਲਾਨ ਕੀਤਾ ਕਿ ਉਹ ਰਾਮ ਨਾਥ ਕੋਵਿੰਦ



ਲੁਧਿਆਣਾ 'ਚ ਬੈਂਸ ਭਰਾਵਾਂ ਨੂੰ ਮਿਲਦੇ ਹੋਏ ਵਿਜੇ ਸਾਂਪਲਾ

ਨੂੰ ਹੀ ਸਮਰਥਨ ਦੇਣਗੇ। ਬੰਦ ਕਮਰਾ ਮੀਟਿੰਗ ਮਗਰੋਂ ਮੀਡੀਆ ਨਾਲ ਗੱਲਬਾਤ ਕਰਦਿਆਂ ਲੋਕ ਇਨਸਾਫ਼ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਕਿਹਾ ਕਿ ਉਨ੍ਹਾਂ ਦੋਵਾਂ ਭਰਾਵਾਂ ਨੇ ਆਪਣੀਆਂ ਵੋਟਾਂ ਐਨਡੀਏ ਉਮੀਦਵਾਰ ਨੂੰ ਦੇਣ ਦਾ ਵਾਅਦਾ ਕੀਤਾ ਹੈ। ਇਸ ਬਾਬਤ ਭਾਜਪਾ ਦੇ ਸੂਬਾ ਪ੍ਰਧਾਨ ਤੇ ਕੇਂਦਰੀ ਮੰਤਰੀ ਵਿਜੈ ਸਾਂਪਲਾ ਉਨ੍ਹਾਂ ਕੋਲ ਆਏ ਸਨ। ਉਨ੍ਹਾਂ ਨੇ ਮੀਟਿੰਗ ਦੌਰਾਨ ਰਾਸ਼ਟਰਪਤੀ ਤੇ ਉਪ ਰਾਸ਼ਟਰਪਤੀ ਅਹੁਦੇ ਦੇ ਐਨਡੀਏ ਉਮੀਦਵਾਰ ਲਈ ਸਮਰਥਨ ਮੰਗਿਆ ਹੈ ਤੇ ਲੋਕ ਇਨਸਾਫ਼

ਬਾਕੀ ਸਫ਼ਾ 32 'ਤੇ

# ਸਿਆਸੀ ਰੰਜ਼ਿਸ਼ ਤੋਂ ਉਪਰ ਉਠ ਕੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨਾ ਚਾਹੁੰਦਾਂ : ਕੈਪਟਨ

## *ਕੇਬਲ ਮਾਫ਼ੀਏ ਬਾਰੇ ਨਵਜੋਤ ਸਿੰਘ ਸਿੱਧੂ ਦੇ ਬਿਆਨ ਬਾਰੇ ਕੀਤੀ ਗੋਲ-ਮੋਲ ਗੱਲ*

**ਚੰਡੀਗੜ੍ਹ/ਬਿਊਰੋ ਨਿਊਜ਼ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਿਆਸੀ ਰੰਜਿਸ਼ ਤੋਂ ਉਪਰ ਉੱਠ ਕੇ ਪੰਜਾਬ ਨੂੰ ਮੁੜ ਪੈਰਾਂ ਸਿਰ ਕਰਨਾ ਚਾਹੁੰਦੇ ਹਨ ਤਾਂ ਜੋ ਸੂਬੇ ਨੂੰ ਇਕ ਵਾਰ ਫਿਰ ਵਿਕਾਸ ਦੇ ਰਾਹ ਪਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਸਿਆਸੀ ਰੰਜਿਸ਼ ਤਹਿਤ ਕਾਰਵਾਈ ਨਹੀਂ ਹੋਵੇਗੀ। ਇਹ ਸਮਾਂ ਇਸ ਸਭ ਕਾਸੇ ਤੋਂ ਉਪਰ ਉੱਠਣ ਦਾ ਹੈ। ਆਪਣੀ ਪਾਰਟੀ ਦੇ ਵਿਧਾਇਕਾਂ ਤੇ ਇਥੋਂ ਤਕ ਕੇ ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਵੱਲੋਂ ਜਾਂਚ ਸ਼ੁਰੂ ਕਰਨ ਤੇ ਸ਼੍ਰੋਮਣੀ ਅਕਾਲੀ ਦਲ ਦੇ ਚੋਟੀ ਦੇ ਆਗੂਆਂ ਨੂੰ ਗ੍ਰਿਫ਼ਤਾਰ ਕਰਨ ਦੀ ਵਾਰ ਵਾਰ ਦੁਹਾਈ ਦਿੱਤੇ ਜਾਣ ਦੇ ਬਾਵਜੂਦ ਮੁੱਖ ਮੰਤਰੀ ਨੇ ਕੋਈ ਕਦਮ ਨਹੀਂ ਚੁੱਕਿਆ।

ਅਕਾਲੀ ਦਲ ਦੇ ਪ੍ਰਧਾਨ ਦੀ ਰਾਜਸੀ ਸਰਪ੍ਰਸਤੀ ਦਾ ਨਿੱਘ ਮਾਣਨ ਵਾਲੀ ਇਕ ਕੇਬਲ ਕੰਪਨੀ ਵੱਲੋਂ 684 ਕਰੋੜ ਰੁਪਏ ਨਾ ਤਾਰੇ ਜਾਣ ਦੇ ਮਾਮਲੇ ਵਿੱਚ ਵਿਜੀਲੈਂਸ ਜਾਂਚ ਦਾ ਹੁਕਮ ਦੇਣ ਬਾਰੇ ਸਵਾਲ ਉਤੇ ਮੁੱਖ ਮੰਤਰੀ ਨੇ ਕਿਹਾ, 'ਇਸ ਤੋਂ ਪਹਿਲਾਂ ਅਸੀਂ ਬਦਲਾਖੋਰੀ ਦੀ ਕਾਰਵਾਈ ਕਾਫ਼ੀ ਦੇਖ ਚੁੱਕੇ ਹਾਂ। ਇਸ ਵਿਚੋਂ ਕੁੱਝ ਨਹੀਂ ਨਿਕਲਦਾ। ਇਨ੍ਹਾਂ ਮੁੱਦਿਆਂ 'ਤੇ ਸਮਾਂ ਕਿਉਂ ਬਰਬਾਦ ਕਰਨਾ ਜਦੋਂ ਇਸ ਤੋਂ ਕਿਤੇ ਵੱਧ ਜ਼ਰੂਰੀ ਸੂਬੇ ਦੀ ਆਰਥਿਕਤਾ ਨੂੰ ਮੁੜ ਪੈਰਾਂ ਸਿਰ ਕਰਨ ਅਤੇ ਸੂਬੇ ਨੂੰ ਵਿਕਾਸ ਵੱਲ ਲਿਜਾਣ ਦੇ ਕੰਮ ਹਨ।' ਨਵਜੋਤ ਸਿੱਧੂ ਨੇ ਦੋਸ਼ ਲਾਇਆ ਸੀ ਕਿ ਅਕਾਲੀ-ਭਾਜਪਾ ਦੇ ਦਸ ਸਾਲਾਂ ਦੇ ਰਾਜ ਵਿੱਚ ਇਸ ਕੰਪਨੀ ਦੀ ਕੇਬਲ ਨੈੱਟਵਰਕ ਉਤੇ ਸਰਦਾਰੀ ਕਾਇਮ ਕੀਤੀ ਗਈ ਅਤੇ ਇਸ ਕੋਲੋਂ ਕੋਈ ਸਰਕਾਰੀ ਫੀਸ ਨਹੀਂ ਉਗਰਾਹੀ ਗਈ। ਨਵਜੋਤ ਸਿੱਧੂ ਨੇ ਆਪਣੇ ਵਿਭਾਗ ਨੂੰ ਇਸ ਕੇਬਲ ਕੰਪਨੀ ਤੇ ਇਸ ਦੇ ਅਪਰੇਟਰਾਂ ਤੋਂ ਸਰਕਾਰੀ ਰਾਸ਼ੀ ਉਗਰਾਹੁਣ ਦਾ ਆਦੇਸ਼ ਦਿੰਦਿਆਂ ਮੁੱਖ ਮੰਤਰੀ ਨੂੰ ਇਸ ਮਾਮਲੇ ਦੀ ਵਿਜੀਲੈਂਸ ਜਾਂਚ ਕਰਾਉਣ ਲਈ ਕਿਹਾ ਸੀ। ਕਾਂਗਰਸੀ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਵੀ ਕਥਿਤ ਤੌਰ 'ਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਇਕ ਸੀਨੀਅਰ ਅਕਾਲੀ ਆਗੂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਸੀ।

ਕੈਪਟਨ ਅਮਰਿੰਦਰ ਨੇ ਕਿਹਾ, 'ਨਵਜੋਤ ਸਿੰਘ ਸਿੱਧੂ ਵੱਲੋਂ ਜਾਰੀ ਬਿਆਨ ਮੈਂ ਕੇਵਲ ਅਖ਼ਬਾਰਾਂ ਵਿੱਚ ਪੜ੍ਹੇ ਹਨ। ਮੈਂ ਪਹਿਲਾਂ ਹੀ ਸਥਾਨਕ ਸਰਕਾਰਾਂ ਵਿਭਾਗ ਦੇ ਵਧੀਕ ਮੁੱਖ ਸਕੱਤਰ ਨੂੰ ਇਕ ਕੰਪਨੀ ਵੱਲੋਂ ਕੀਤੀਆਂ ਬੇਨਿਯਮੀਆਂ ਦੀ ਜਾਂਚ ਬਾਰੇ ਕਹਿ ਚੁੱਕਾ ਹਾਂ। ਭਾਵੇਂ ਬਦਲਾਖੋਰੀ ਤਹਿਤ ਕਾਰਵਾਈ ਨਹੀਂ ਹੋਣੀ ਚਾਹੀਦੀ ਪਰ ਜੇਕਰ ਸਰਕਾਰ ਦਾ ਬਕਾਇਆ ਖੜ੍ਹਾ ਹੈ ਤਾਂ ਵਿਭਾਗ ਨੂੰ ਕਾਰਵਾਈ ਕਰਨੀ ਚਾਹੀਦੀ ਹੈ।' ਪੰਜਾਬ ਵਿੱਚ ਇਹ ਵੀ ਅਫ਼ਵਾਹ ਹੈ ਕਿ ਬਾਦਲਾਂ ਨਾਲ ਸਮਝੌਤਾ ਹੋ ਗਿਆ ਹੈ, ਜਿਸ ਕਾਰਨ ਮੁੱਖ ਮੰਤਰੀ ਵੱਲੋਂ ਉਨ੍ਹਾਂ ਖ਼ਿਲਾਫ਼ ਕਾਰਵਾਈ ਨਹੀਂ ਕੀਤੀ ਜਾ ਰਹੀ। ਦੱਸਣਯੋਗ ਹੈ ਕਿ ਸਾਲ 2002 ਵਿੱਚ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ ਤਾਂ ਉਨ੍ਹਾਂ ਨੇ ਬਾਦਲਾਂ ਖ਼ਿਲਾਫ਼ ਪੜਤਾਲ ਦਾ ਹੁਕਮ ਦਿੱਤਾ ਸੀ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਸ ਦੇ ਪੁੱਤਰ ਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਬਾਅਦ ਵਿੱਚ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ ਸੀ। ਇਸੇ ਤਰ੍ਹਾਂ 2007 ਵਿੱਚ ਸੱਤਾ ਵਿੱਚ ਆਉਣ ਬਾਅਦ ਬਾਦਲਾਂ ਨੇ ਕੈਪਟਨ ਅਮਰਿੰਦਰ ਸਿੰਘ ਖ਼ਿਲਾਫ਼ ਜਾਂਚ ਦਾ ਆਦੇਸ਼ ਦਿੱਤਾ ਸੀ।

# ਅਕਾਲੀਆਂ ਨਾਲ ਗੰਢਤੁਪ ਕਰਕੇ ਕੈਪਟਨ ਸੱਤਾ 'ਚ ਆਏ : ਭਗਵੰਤ ਮਾਨ

**ਚੰਡੀਗੜ੍ਹ/ਬਿਊਰੋ ਨਿਊਜ਼ :** ਆਮ ਆਦਮੀ ਪਾਰਟੀ ਦੇ ਪੰਜਾਬ ਕਨਵੀਨਰ ਤੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਇਹ ਬਿਆਨ ਕਿ ਉਹ 'ਬਦਲਾਖੋਰੀ ਦੀ ਸਿਆਸਤ' ਵਿੱਚ ਨਹੀਂ ਪੈਣਾ ਚਾਹੁੰਦੇ ਤੋਂ ਸਾਫ਼ ਹੋ ਗਿਆ ਹੈ ਕਿ ਕਾਂਗਰਸ ਪਾਰਟੀ ਅਕਾਲੀ ਦਲ ਨਾਲ ਅੰਦਰਖਾਤੇ ਕੀਤੇ ਕਥਿਤ ਸਮਝੌਤੇ ਤਹਿਤ ਹੀ ਸੱਤਾ ਵਿੱਚ ਆਈ ਹੈ। ਸ੍ਰੀ ਮਾਨ ਨੇ ਕਿਹਾ ਉਹ ਦੋਵਾਂ ਪਾਰਟੀਆਂ ਵਿਚਾਲੇ ਹੋਏ ਕਰਾਰ ਬਾਰੇ ਪਹਿਲਾਂ ਤੋਂ ਜਾਣਦੇ ਹਨ।



ਮਾਨ ਨੇ ਕਿਹਾ ਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਕਿ ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਐਨ ਪਹਿਲਾਂ ਕੈਪਟਨ ਦੀ ਸ਼ਮੂਲੀਅਤ ਵਾਲੇ 'ਅੰਮ੍ਰਿਤਸਰ ਨਗਰ ਨਿਗਮ ਘੁਟਾਲ' 'ਚੋਂ ਉਨ੍ਹਾਂ ਦਾ ਨਾਂ ਬਾਹਰ ਕੀਤੇ ਜਾਣ ਲਈ ਹੁਣ ਉਹ 'ਸਿਆਸੀ ਬਦਲਾਖੋਰੀ' ਵਿਚ ਨਾ ਪੈਣ ਦਾ ਹਵਾਲਾ ਦੇ ਅਕਾਲੀ ਆਗੂਆਂ ਨੂੰ ਬਚਾਅ ਰਹੇ ਹਨ। ਮਾਨ ਨੇ ਕਿਹਾ ਕਿ ਇਕ ਪਾਸੇ ਜਿੱਥੇ ਕਾਂਗਰਸੀ ਮੰਤਰੀ ਤੇ ਵਿਧਾਇਕ ਅਕਾਲੀਆਂ ਦੇ ਖ਼ੂਨ ਦੇ ਪਿਆਸੇ ਹਨ, ਉਥੇ ਮੁੱਖ ਮੰਤਰੀ ਵੱਲੋਂ ਸਿਆਸੀ ਬਦਲਾਖੋਰੀ ਤਹਿਤ ਕਿਸੇ ਕਾਰਵਾਈ ਤੋਂ ਇਨਕਾਰ ਕੀਤਾ ਜਾ ਰਿਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ਼ਾਇਦ ਚੋਣਾਂ ਤੋਂ ਪਹਿਲਾਂ ਨਸ਼ਾ ਕਾਰੋਬਾਰੀਆਂ ਅਤੇ ਰੇਤ ਤੇ ਕੇਬਲ ਮਾਫੀਆ ਨੂੰ ਨੱਥ ਪਾਉਣ ਦੇ ਕੀਤੇ ਗਏ ਵਾਅਦਿਆਂ ਭੁੱਲ ਗਏ ਹਨ। ਸੰਸਦ ਮੈਂਬਰ ਨੇ ਕਿਹਾ ਕਿ ਕਾਂਗਰਸ ਅਤੇ ਅਕਾਲੀ-ਭਾਜਪਾ ਵਿਚਾਲੇ ਅੰਦਰਖਾਤੇ ਹੋਏ ਸਮਝੌਤੇ ਤੋਂ ਬਾਅਦ 'ਆਪ' ਹੀ ਇਕੋ ਇਕ ਅਜਿਹੀ ਪਾਰਟੀ ਹੈ ਜੋ ਉਸਾਰੂ ਵਿਰੋਧੀ ਧਿਰ ਦੀ ਭੂਮਿਕਾ ਨਿਭਾਏਗੀ।

# ਪੰਜਾਬ ਵਜ਼ਾਰਤ 'ਚ ਵਾਧਾ ਛੇਤੀ

## ਕੈਪਟਨ ਅਮਰਿੰਦਰ ਸਿੰਘ ਵਲੋਂ ਵਿਚਾਰ ਵਟਾਂਦਰਾ ਸ਼ੁਰੂ

**ਚੰਡੀਗੜ੍ਹ/ਬਿਊਰੋ ਨਿਊਜ਼:** ਕੈਪਟਨ ਵਜ਼ਾਰਤ ਵਿੱਚ ਵਾਧੇ ਦੀ ਕਵਾਇਦ ਸ਼ੁਰੂ ਹੋ ਚੁੱਕੀ ਹੈ। ਕੈਬਨਿਟ ਵਿੱਚ ਅੱਠ ਹੋਰ ਮੰਤਰੀ ਸ਼ਾਮਲ ਕੀਤੇ ਜਾਣ ਦੀ ਸੰਭਾਵਨਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੁਲਾਈ ਦੇ ਪਹਿਲੇ ਹਫ਼ਤੇ ਦੇ ਅਖ਼ੀਰ ਵਿੱਚ ਕਾਂਗਰਸ ਦੇ ਕੌਮੀ ਮੀਤ ਪ੍ਰਧਾਨ ਰਾਹੁਲ ਗਾਂਧੀ ਨਾਲ ਮੀਟਿੰਗ ਕਰਨਗੇ ਤੇ ਵਜ਼ਾਰਤ ਵਿੱਚ ਸ਼ਾਮਲ ਕੀਤੇ ਜਾਣ ਵਾਲੇ ਮੰਤਰੀਆਂ ਦੇ ਨਾਵਾਂ ਨੂੰ ਅੰਤਿਮ ਰੂਪ ਦੇਣਗੇ।

ਜਾਣਕਾਰੀ ਅਨੁਸਾਰ ਕੈਪਟਨ ਸਰਕਾਰ 'ਤੇ ਵਜ਼ਾਰਤ ਵਿੱਚ ਵਾਧੇ ਦਾ ਦਬਾਅ ਪੈ ਰਿਹਾ ਹੈ ਤੇ ਮੁਕੰਮਲ ਵਜ਼ਾਰਤ ਨਾ ਹੋਣ ਕਰਕੇ ਕਈ ਵਿਭਾਗਾਂ ਦੇ ਕੰਮਕਾਜ 'ਤੇ ਵੀ ਅਸਰ ਪੈ ਰਿਹਾ ਹੈ, ਇਸ ਲਈ ਜੁਲਾਈ ਦੇ ਅੱਧ ਤੱਕ ਵਜ਼ਾਰਤ ਵਿੱਚ ਵਾਧਾ ਹੋਣ ਦੇ ਆਸਾਰ ਹਨ। ਇਸ ਦੇ ਨਾਲ ਹੀ ਸੰਸਦੀ ਸਕੱਤਰ ਬਣਾਉਣ ਦੀ ਵੀ ਤਿਆਰੀ ਹੈ। ਦੱਸਿਆ ਜਾ ਰਿਹਾ ਹੈ ਕਿ ਵਜ਼ਾਰਤ ਵਿੱਚ ਜਿੰਨੇ ਮੰਤਰੀ ਹੋਣਗੇ, ਉਨੇ ਹੀ ਸੰਸਦੀ ਸਕੱਤਰ ਬਣਾਏ ਜਾਣਗੇ। ਕਾਂਗਰਸ ਤਿੰਨ ਵਾਰ ਵਿਧਾਇਕ ਬਣ ਚੁੱਕੇ ਵਿਧਾਇਕਾਂ ਨੂੰ ਐਡਜਸਟ ਕਰਨ ਲਈ ਹੀ ਸੰਸਦੀ ਸਕੱਤਰ ਬਣਾਉਣ ਲਈ ਵਿਧਾਨ ਸਭਾ ਦੇ ਅਗਲੇ ਸੈਸ਼ਨ ਵਿੱਚ ਬਿੱਲ ਲੈ ਕੇ ਆਵੇਗੀ। ਦੱਸਿਆ ਜਾ ਰਿਹਾ ਹੈ ਕਿ ਦਲਿਤ ਵਿਧਾਇਕਾਂ ਵਿੱਚੋਂ ਇੱਕ ਹੋਰ ਮੰਤਰੀ ਬਣਾਇਆ ਜਾਵੇਗਾ ਤੇ ਇਸ ਬਾਬਤ ਅੰਮ੍ਰਿਤਸਰ (ਪੱਛਮੀ) ਤੋਂ ਕਾਂਗਰਸ ਵਿਧਾਇਕ ਰਾਜ ਕੁਮਾਰ ਵੇਰਕਾ ਦਾ ਨਾਮ ਅੱਗੇ ਹਨ। ਦੱਸਿਆ ਜਾ ਰਿਹਾ ਹੈ ਕਿ ਨੌਜਵਾਨਾਂ ਨੂੰ ਵੀ ਜਗ੍ਹਾ ਦਿੱਤੀ ਜਾਵੇਗੀ, ਇਸ ਸ਼੍ਰੇਣੀ ਵਿੱਚ ਰਾਜਾ ਵੜਿੰਗ ਅਤੇ ਵਿਜੈਇੰਦਰ ਸਿੰਗਲਾ ਦੇ ਨਾਮ ਅੱਗੇ ਆ ਰਹੇ ਹਨ। ਦੋਆਬੇ ਨੂੰ ਨੁਮਾਇੰਦਗੀ ਦੇਣ ਦਾ ਮਾਮਲਾ ਵੀ ਅਹਿਮ ਹੈ। ਦੋਆਬੇ ਵਿੱਚੋਂ ਪਹਿਲਾਂ ਸਿਰਫ਼ ਰਾਣਾ ਗੁਰਜੀਤ ਸਿੰਘ ਹੀ ਵਜ਼ਾਰਤ ਵਿੱਚ ਹਨ, ਇਸ ਲਈ ਹੁਣ ਦੋ ਵਿਧਾਇਕਂ ਪਰਗਟ ਸਿੰਘ ਅਤੇ ਸੰਗਤ ਸਿੰਘ ਗਿਲਜੀਆ ਮੋਹਰਲੀ ਕਤਾਰ ਵਿੱਚ ਹਨ। ਸ੍ਰੀ ਗਿਲਜੀਆ ਦੇ ਵਜ਼ੀਰ ਬਣਨ ਦੀ ਸੰਭਾਵਨਾ ਵੱਧ ਹੈ। ਸੀਨੀਅਰ ਵਿਧਾਇਕਾਂ ਵਿੱਚੋਂ ਲੁਧਿਆਣਾ ਤੋਂ ਰਾਕੇਸ਼ ਪਾਂਡੇ ਕਾਫੀ ਸੀਨੀਅਰ ਹਨ, ਇਸ ਲਈ ਉਨ੍ਹਾਂ ਨੂੰ ਵਜ਼ਾਰਤ ਵਿੱਚ ਸ਼ਾਮਲ ਕੀਤੇ ਜਾਣ ਦੇ ਆਸਾਰ ਜ਼ਿਆਦਾ ਹਨ, ਜਦੋਂਕਿ ਇਸ ਜ਼ਿਲ੍ਹੇ ਤੋਂ ਸੁਰਿੰਦਰ ਡਾਬਰ ਵੀ ਵਜ਼ੀਰ ਬਣਨ ਦੀ ਕਤਾਰ ਵਿੱਚ ਹਨ। ਸੀਨੀਅਰਾਂ ਦੀ ਸੂਚੀ ਵਿੱਚੋਂ ਅਮਲੋਹ ਤੋਂ ਰਣਦੀਪ ਸਿੰਘ ਨਾਭਾ ਅਤੇ ਗੁਰਦਾਸਪੁਰ ਜ਼ਿਲ੍ਹੇ ਤੋਂ ਸੁਖਜਿੰਦਰ ਰੰਧਾਵਾ ਨੂੰ ਵੀ ਵਜ਼ਾਰਤ 'ਚ ਜਗ੍ਹਾ ਮਿਲ ਸਕਦੀ ਹੈ। ਫਿਰੋਜ਼ਪੁਰ ਜ਼ਿਲ੍ਹੇ ਤੋਂ ਰਾਣਾ ਗੁਰਮੀਤ ਸਿੰਘ ਸੋਢੀ, ਅਮਰਗੜ੍ਹ ਤੋਂ ਵਿਧਾਇਕ ਸੁਰਜੀਤ ਧੀਮਾਨ ਤੇ ਰਾਜਪੁਰਾ ਤੋਂ ਹਰਦਿਆਲ ਕੰਬੋਜ ਵੀ ਮੰਤਰੀ ਬਣਨ ਦੀ ਦੌੜ ਵਿੱਚ ਸ਼ਾਮਲ ਹਨ। ਜਿਹੜੇ ਵਿਧਾਇਕ ਵਜ਼ਾਰਤ ਤੋਂ ਬਾਹਰ ਰਹਿ ਜਾਣਗੇ, ਉਨ੍ਹਾਂ ਨੂੰ ਸੰਸਦੀ ਸਕੱਤਰ ਬਣਾਇਆ ਜਾਵੇਗਾ ਤੇ ਕੁਝ ਸੀਨੀਅਰ ਆਗੂਆਂ ਨੂੰ ਚੇਅਰਮੈਨੀਆਂ ਨਾਲ ਨਿਵਾਜਿਆ ਜਾਵੇਗਾ।

# ‘ਬਾਦਲੀ ਭਲਵਾਨ’ ਦੁਆਲੇ ਸਿਕੰਜਾ ਹੋਰ ਕੱਸਣ ਦੀ ਤਿਆਰੀ

## *ਕਾਂਗਰਸ ਤੇ ਅਕਾਲੀ-ਭਾਜਪਾ ਦੀ ਮਿਹਰ’ ਨਾਲ ਲੁਟਦਾ ਰਿਹੈ ਬੁੱਲੇ*

**ਚੰਡੀਗੜ੍ਹ/ਬਿਊਰੋ ਨਿਊਜ਼:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਦੇ ਦੋਸ਼ਾਂ ਹੇਠ ਗ੍ਰਿਫ਼ਤਾਰ ਕੀਤੇ ਸੁਰਿੰਦਰਪਾਲ ਸਿੰਘ ਭਲਵਾਨ’ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ ਕਿਉਂਕਿ ਵਿਜੀਲੈਂਸ ਨੇ ਉਸ ਖ਼ਿਲਾਫ਼ ਇੱਕ ਹੋਰ ਕੇਸ ਦਰਜ ਕਰਨ ਦੀ ਤਿਆਰੀ ਖਿੱਚ ਲਈ ਹੈ। ਵਿਜੀਲੈਂਸ ਸੂਤਰਾਂ ਮੁਤਾਬਕ ਸੁਰਿੰਦਰਪਾਲ ਸਿੰਘ ਪਹਿਲਵਾਨ ਵੱਲੋਂ ਜਨਮ ਤਾਰੀਕ ਵਿੱਚ ਕਰਾਈ ਸੋਧ ਦਾ ਮਾਮਲਾ ਸ਼ੱਕੀ ਹੋਣ ਕਾਰਨ ਜਾਂਚ ਆਰੰਭੀ ਗਈ ਸੀ ਤੇ ਇਹ ਜਾਂਚ ਤਕਰੀਬਨ ਮੁਕੰਮਲ ਹੋ ਗਈ ਹੈ। ਵਿਜੀਲੈਂਸ ਨੂੰ ਹਾਲ ਦੀ ਘੜੀ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਅਜਿਹਾ ਕੋਈ ਦਸਤਾਵੇਜ਼ ਹਾਸਲ ਨਹੀਂ ਹੋਇਆ, ਜਿਸ ਤੋਂ ਪਹਿਲਵਾਨ ਵੱਲੋਂ ਕਰਾਈ ਸੋਧ ਨੂੰ ਦਰੁਸਤ ਠਹਿਰਾਉਣ ਦਾ ਮੁੱਢ ਬੱਝਦਾ ਹੋਵੇ।

ਭਲਵਾਨ’ ਦੀ ਨੌਕਰੀ ਦੇ ਸੇਵਾ ਕਾਲ ਤੋਂ ਇਹ ਤੱਥ ਵੀ ਸਾਹਮਣੇ ਆਏ ਹਨ ਕਿ ਪੰਜਾਬ ਮੰਡੀ ਬੋਰਡ ਵਿੱਚ ਜੂਨੀਅਰ ਇੰਜਨੀਅਰ ਭਰਤੀ ਹੋ ਕੇ ਚੀਫ਼ ਇੰਜਨੀਅਰ ਤੇ ਹੋਰਨਾਂ ਅਹੁਦਿਆਂ ’ਤੇ ਕੰਮ ਕਰਨ ਵਾਲੇ ਇਸ ਵਿਅਕਤੀ ਨੂੰ ਬਾਦਲ ਪਰਿਵਾਰ ਦਾ ਹੀ ਖ਼ਾਸ’ ਨਹੀਂ ਕਿਹਾ ਜਾ ਸਕਦਾ ਸਗੋਂ ਕਾਂਗਰਸ ਸਰਕਾਰ ਵੇਲੇ ਵੀ ਉਸ ’ਤੇ ਸਿਆਸਤਦਾਨਾਂ ਦੀ ਪੂਰੀ ‘ਮਿਹਰ’ ਰਹੀ ਹੈ। ਪਿਛਲੀ ਕੈਪਟਨ ਸਰਕਾਰ (2002-2007) ਵੇਲੇ ਵੀ ਸੁਰਿੰਦਰਪਾਲ ਸਿੰਘ ਨੂੰ ਲੁਧਿਆਣਾ ’ਚ ਕਾਰਜਕਾਰੀ ਇੰਜਨੀਅਰ ਹੁੰਦਿਆਂ ਮੁਕਤਸਰ ਜ਼ਿਲ੍ਹੇ ਦੇ ਕਾਰਜਕਾਰੀ ਇੰਜਨੀਅਰ ਦਾ ਵਾਧੂ ਚਾਰਜ ਦਿੱਤਾ ਗਿਆ ਸੀ।



ਪੰਜਾਬ ਸਕੂਲ ਸਿੱਖਿਆ ਬੋਰਡ ਦੇ ਰਿਕਾਰਡ ਮੁਤਾਬਕ ਸੁਰਿੰਦਰਪਾਲ ਸਿੰਘ ਪਹਿਲਵਾਨ ਨੇ ਦਸਵੀਂ ਸੰਨ 1984 ਵਿੱਚ ਸਰਕਾਰੀ ਹਾਈ ਸਕੂਲ, ਪੰਨੀਵਾਲਾ ਫੱਤਾ ਤੋਂ ਕੀਤੀ ਅਤੇ ਨਤੀਜੇ ਦੇ ਗਜ਼ਟ ਮੁਤਾਬਕ ਇਸ ਵਿਅਕਤੀ ਦੀ ਜਨਮ ਮਿਤੀ 11 ਦਸੰਬਰ 1967 ਹੈ। ਇਸ ਤੋਂ ਬਾਅਦ ਸੁਰਿੰਦਰਪਾਲ ਸਿੰਘ ਪਹਿਲਵਾਨ ਨੇ ਇੰਜਨੀਅਰਿੰਗ ਦਾ ਡਿਪਲੋਮਾ (ਸਿਵਲ) ਕੀਤਾ ਤੇ ਸਾਲ 1993 ਵਿੱਚ ਖੇਡ ਕੋਟੇ ਅਧੀਨ ਜੂਨੀਅਰ ਇੰਜਨੀਅਰ ਭਰਤੀ ਹੋ ਗਿਆ। ਵਿਜੀਲੈਂਸ ਮੁਤਾਬਕ ਉਸ ਨੇ 1994 ਵਿੱਚ ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਜਨਮ ਮਿਤੀ ਵਿੱਚ ਸੋਧ ਕਰਵਾ ਲਈ। ਵਿਜੀਲੈਂਸ ਸੂਤਰਾਂ ਦਾ ਦੱਸਣਾ ਹੈ ਕਿ ਜਾਂਚ ਅਧਿਕਾਰੀਆਂ ਨੇ ਸਿੱਖਿਆ ਬੋਰਡ ਦੇ ਅਧਿਕਾਰੀਆਂ ਤੋਂ ਜਨਮ ਮਿਤੀ ਵਿੱਚ ਸੋਧ ਲਈ ਪੇਸ਼ ਕੀਤੇ ਜ਼ਰੂਰੀ ਦਸਤਾਵੇਜ਼ਾਂ ਦੀ ਮੰਗ ਕੀਤੀ ਤਾਂ ਅਜਿਹਾ ਕੋਈ ਵੀ ਦਸਤਾਵੇਜ਼ ਹਾਸਲ ਨਹੀਂ ਹੋਇਆ। ਵਿਜੀਲੈਂਸ ਸੂਤਰਾਂ ਦਾ ਕਹਿਣਾ ਹੈ ਕਿ ਜਨਮ ਮਿਤੀ ਵਿੱਚ ਕਰਵਾਈ ਤਰਮੀਮ ਪੂਰੀ ਤਰ੍ਹਾਂ ਸ਼ੱਕੀ ਹੈ ਤੇ ਜਾਂਚ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਵਿਜੀਲੈਂਸ ਨੇ ਪੰਜਾਬ ਮੰਡੀ ਬੋਰਡ ਦੇ ਇਸ ਨਿਗਰਾਨ ਇੰਜਨੀਅਰ ਖ਼ਿਲਾਫ਼ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਉਸ ’ਤੇ ਆਮਦਨ ਤੋਂ ਵੱਧ 1200 ਕਰੋੜ ਦੀ ਜਾਇਦਾਦ ਬਣਾਉਣ ਦੇ ਦੋਸ਼ ਲਾਏ ਗਏ ਹਨ।

### ਤਰੱਕੀਆਂ ਤੇ ਤਰੱਕੀਆਂ ਕਰਦੈ ਰਿਹੈ ‘ਭਲਵਾਨ’

ਸੁਰਿੰਦਰ ਸਿੰਘ ਪਹਿਲਵਾਨ 1993 ਵਿੱਚ ਜੇਈ ਭਰਤੀ ਹੋਣ ਤੋਂ ਬਾਅਦ ਮਹਿਜ਼ ਤਿੰਨ ਕੁ ਸਾਲਾਂ ’ਚ ਹੀ ਐਸਡੀਓ ਦੇ ਅਹੁਦੇ ’ਤੇ ਪੁੱਜ ਗਿਆ ਅਤੇ ਐਸਡੀਓ ਦੇ ਅਹੁਦੇ ’ਤੇ ਹੁੰਦਿਆਂ ਤਤਕਾਲੀ ਬਾਦਲ ਸਰਕਾਰ ਵੇਲੇ 1999 ਵਿੱਚ ਉਸ ਨੂੰ ਕਾਰਜਕਾਰੀ ਇੰਜਨੀਅਰ, ਲੁਧਿਆਣਾ ਦਾ ਵਾਧੂ ਚਾਰਜ ਦੇ ਦਿੱਤਾ ਗਿਆ। 8 ਸਾਲ ਵਿੱਚ ਉਹ ਕਾਰਜਕਾਰੀ ਇੰਜਨੀਅਰ ਵੀ ਬਣ ਗਿਆ। ਸੰਨ 2012 ਵਿੱਚ ਕਾਰਜਕਾਰੀ ਇੰਜਨੀਅਰ, ਲੁਧਿਆਣਾ ਹੁੰਦਿਆਂ ਮੁਹਾਲੀ ’ਚ ਇਸੇ ਅਹੁਦੇ ਦੇ ਬਰਾਬਰ ਦਾ ਚਾਰਜ ਤੇ ਗਮਾਡਾ ਵਿੱਚ ਵੀ ਕਾਰਜਕਾਰੀ ਇੰਜਨੀਅਰ ਦਾ ਚਾਰਜ ਦੇ ਦਿੱਤਾ ਗਿਆ। ਬਾਦਲ ਸਰਕਾਰ ਵੱਲੋਂ ਸੰਨ 2013 ਵਿੱਚ ਉਸ ਨੂੰ ਚਾਰ ਵਾਧੂ ਚਾਰਜ ਅਤੇ ਸੰਨ 2014 ਵਿੱਚ ਛੇ ਅਹਿਮ ਅਹੁਦਿਆਂ ਦਾ ਚਾਰਜ ਦਿੱਤਾ ਗਿਆ। ਸੰਨ 2015 ਤੋਂ 2016 ਤੱਕ ਪਹਿਲਵਾਨ ਨੂੰ ਅੱਠ ਚਾਰਜ ਜਿਨ੍ਹਾਂ ਵਿੱਚ ਕਾਰਜਕਾਰੀ ਇੰਜਨੀਅਰ ਲੁਧਿਆਣਾ, ਮੁਹਾਲੀ, ਗਮਾਡਾ ਦਾ ਵੀ ਕਾਰਜਕਾਰੀ ਇੰਜਨੀਅਰ, ਨਿਗਰਾਨ ਇੰਜਨੀਅਰ ਮੰਡੀ ਬੋਰਡ ਲੁਧਿਆਣਾ, ਨਿਗਰਾਨ ਇੰਜਨੀਅਰ ਗਮਾਡਾ-1, ਨਿਗਰਾਨ ਇੰਜਨੀਅਰ ਗਮਾਡਾ-2 ਅਤੇ ਮੁੱਖ ਇੰਜਨੀਅਰ ਗਮਾਡਾ ਦਾ ਵੀ ਚਾਰਜ ਦਿੱਤਾ ਗਿਆ ਸੀ।

# ਦਿੱਲੀ ਵਿਧਾਨ ਸਭਾ ਵਿੱਚ ਪੇਪਰ ਸੁਟਣ ਵਾਲੇ ਦੋ ਦਰਸ਼ਕਾਂ ਦੀ ਆਪ ਦੇ ਵਿਧਾਇਕਾਂ ਵਲੋਂ ਕੁਟਾਪਾ

**ਨਵੀਂ ਦਿੱਲੀ/ਬਿਊਰੋ ਨਿਊਜ਼:**

ਦਿੱਲੀ ਵਿਧਾਨ ਸਭਾ ਵਿੱਚ ਬੁੱਧਵਾਰ ਨੂੰ ਸੈਸ਼ਨ ਦੌਰਾਨ ਵਿਜ਼ਿਟਰ ਗੈਲਰੀ ਵਿੱਚ ਬੈਠੇ ਦੋ ਜਣਿਆਂ ਨੇ ਪੇਪਰ ਵਗ੍ਹਾਉਣੇ ਸ਼ੁਰੂ ਕਰ ਦਿੱਤੇ। ਇਨ੍ਹਾਂ ਦੋਵਾਂ ਨੇ ’ਇਨਕਲਾਬ ਜ਼ਿੰਦਾਬਾਦ’ ਦੇ ਨਾਅਰੇ ਵੀ ਲਾਏ। ਇਸ ਮਗਰੋਂ ‘ਆਪ’ ਵਿਧਾਇਕਾਂ ਨੇ ਦੋਵਾਂ ਦੀ ਸਦਨ ਵਿੱਚ ਹੀ ਕਥਿਤ ਤੌਰ ’ਤੇ ਕੁੱਟਮਾਰ ਕੀਤੀ।

ਗੜਬੜੀ ਤੋਂ ਫੌਰਨ ਮਗਰੋਂ ਸੁਰੱਖਿਆ ਅਧਿਕਾਰੀ ਦੋਵਾਂ ਨੂੰ ਬਾਹਰ ਲੈ ਗਏ, ਜਦੋਂ ਕਿ ਆਪ’ਦੇ ਵਿਧਾਇਕਾਂ ਨੇ ਦੋਵਾਂ ਵਿਰੁੱਧ ਸਦਨ ਦੀ ਪਵਿੱਤਰਤਾ ਭੰਗ ਕਰਨ ਦੇ ਦੋਸ਼ ਹੇਠ ਸਖ਼ਤ ਕਾਰਵਾਈ ਦੀ ਮੰਗ ਕੀਤੀ। ਬਾਅਦ ਵਿੱਚ ਉਨ੍ਹਾਂ ਦੀ ਪਛਾਣ ਰਾਜਨ ਕੁਮਾਰ ਤੇ ਜਗਦੀਪ ਰਾਣਾ ਵਜੋਂ ਹੋਈ। ਉਨ੍ਹਾਂ ਵੱਲੋਂ ਸੁੱਟੇ ਪੇਪਰਾਂ ਉਤੇ ਹੋਈ ਛਪਾਈ ਵਿੱਚ ਦੋਵਾਂ ਨੇ ਖ਼ੁਦ ਨੂੰ ਆਪ’ ਵਰਕਰ ਹੋਣ ਦਾ ਦਾਅਵਾ ਕੀਤਾ। ਉਨ੍ਹਾਂ



ਲਿਖਿਆ ਕਿ ਉਹ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਇਸ ਪਾਰਟੀ ਅਤੇ ਦਿੱਲੀ ਦੇ ਮੰਤਰੀ ਸਤਿੰਦਰ ਜੈਨ ਵਿਰੁੱਧ ਕਥਿਤ ਭ੍ਰਿਸ਼ਟਾਚਾਰ ਦੇ ਕੇਸਾਂ ਤੋਂ ਨਾਖ਼ੁਸ਼ ਹਨ।

ਜਿਉਂ ਹੀ ਸੁਰੱਖਿਆ ਮੁਲਾਜ਼ਮ ਦੋਵਾਂ ਨੂੰ ਲੈ ਕੇ ਜਾ ਰਹੇ ਸਨ ਤਾਂ ਹੰਗਾਮੇ ਵਿਚਕਾਰ ਨਿਤਿਨ ਤਿਆਗੀ, ਅਮਾਨਤ-ਉੱਲਾ ਖ਼ਾਨ ਅਤੇ ਜਰਨੈਲ ਸਿੰਘ ਸਦਨ ਤੋਂ ਬਾਹਰ ਆ ਗਏ। ਇਸ ਦੌਰਾਨ ਕਈ ਵਿਧਾਇਕਾਂ ਨੇ ਦੋਵਾਂ ਪ੍ਰਦਰਸ਼ਨਕਾਰੀਆਂ ਦੀ ਕਥਿਤ ਤੌਰ ’ਤੇ ਕੁੱਟਮਾਰ ਵੀ ਕੀਤੀ।

ਇਸ ਗੜਬੜੀ ਕਾਰਨ ਸਦਨ ਦੀ ਕਾਰਵਾਈ ਕੁੱਝ ਸਮੇਂ ਲਈ ਰੁਕੀ ਰਹੀ। ਗੜਬੜੀ ਤੋਂ ਬਾਅਦ ਦੁਬਾਰਾ ਸ਼ੁਰੂ ਹੋਈ ਕਾਰਵਾਈ ਦੌਰਾਨ ਆਪ’ ਵਿਧਾਇਕ ਸੌਰਵ ਭਾਰਦਵਾਜ ਨੇ ਦੋਵਾਂ ਵਿਰੁੱਧ ਕਾਰਵਾਈ ਦੀ ਮੰਗ ਕਰਨ ਵਾਲਾ ਮਤਾ ਪੇਸ਼ ਕੀਤਾ, ਜਿਸ ਨੂੰ ਭਾਜਪਾ ਤੇ ‘ਆਪ’ ਦੇ ਸਾਰੇ ਹਾਜ਼ਰ ਮੈਂਬਰਾਂ ਨੇ ਪ੍ਰਵਾਨਗੀ ਦਿੱਤੀ। ਇਸ ਉਤੇ ਸਪੀਕਰ ਰਾਮ ਨਿਵਾਸ ਗੋਇਲ ਨੇ ਦੋਵਾਂ ਪ੍ਰਦਰਸ਼ਨਕਾਰੀਆਂ ਨੂੰ ਸਦਨ ਵਿੱਚ ਗੜਬੜੀ ਕਰਨ ਉਤੇ ਇਕ ਮਹੀਨਾ ਜੇਲ੍ਹ ਵਿੱਚ ਰੱਖਣ ਦਾ ਹੁਕਮ ਦਿੱਤਾ। ਕੁੱਟਮਾਰ ਦੌਰਾਨ ਜਗਦੀਪ ਰਾਣਾ ਨਾਂ ਦੇ ਪ੍ਰਦਰਸ਼ਨਕਾਰੀ ਨੂੰ ਸੱਟ ਵੀ ਲੱਗੀ, ਜਿਸ ਨੂੰ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ ਹੈ।

## ਦਿੱਲੀ ਬਾਰ ਕੌਂਸਲ ਨੇ ਫੂਲਕਾ ਨੂੰ ਸਿੱਖ ਕਤਲੇਆਮ ਕੇਸ ਲੜਨ ਦੀ ਨਾ ਦਿੱਤੀ ਇਜਾਜ਼ਤ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਿੱਖ ਕਤਲੇਆਮ ਦੇ ਪੀੜਤਾਂ ਦਾ ਕੇਸ ਮੁਫ਼ਤ ਵਿਚ ਲੜ ਕੇ ਆਪਣਾ ਸਿਆਸੀ ਕੈਰੀਅਰ ਬਣਾਉਣ ਵਾਲੇ ਆਮ ਆਦਮੀ ਪਾਰਟੀ ਦੇ ਪੰਜਾਬ ਵਿਧਾਨ ਸਭਾ ਵਿਚ ਵਿਰੋਧੀ ਧਿਰ ਦੇ ਆਗੂ ਐਚ ਐਸ ਫੂਲਕਾ ਹੁਣ ਉਨ੍ਹਾਂ ਦੇ ਕੇਸ ਦੀ ਨੁਮਾਇੰਦਗੀ ਨਹੀਂ ਕਰ ਸਕਣਗੇ। ਜੇਕਰ ਸ੍ਰੀ ਫੂਲਕਾ ਨੇ 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਦੇ ਕੇਸ ਲੜਨੇ ਹਨ ਤਾਂ ਉਨ੍ਹਾਂ ਨੂੰ ਵਿਰੋਧੀ ਧਿਰ ਦੇ ਆਗੂ ਵਜੋਂ ਕੈਬਨਿਟ ਮੰਤਰੀ ਦੇ ਦਰਜੇ ਨੂੰ ਛੱਡਣਾ ਪਵੇਗਾ। ਦਿੱਲੀ ਬਾਰ ਕੌਂਸਿਲ ਨੇ ਉਨ੍ਹਾਂ ਨੂੰ ਕੇਸ ਲੜਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ ਕਿਉਂਕਿ ਉਹ ਲਾਭ ਦੇ ਅਹੁਦੇ ’ਤੇ ਤਾਇਨਾਤ ਹਨ।

## ਪੁਲੀਸ ਤੇ ਕਾਂਗਰਸੀ ਆਗੂ ਤੋਂ ਤੰਗ ਨੌਜਵਾਨ ਵਲੋਂ ਖ਼ੁਦਕੁਸ਼ੀ

**ਫ਼ਰੀਦਕੋਟ/ਬਿਊਰੋ ਨਿਊਜ਼ :**

ਪਿੰਡ ਚਹਿਲ ਦੇ ਨੌਜਵਾਨ ਨੇ ਪੁਲੀਸ ਅਣਗਹਿਲੀ ਅਤੇ ਕਾਂਗਰਸੀ ਆਗੂ ਦੀ ਕਥਿਤ ਗੁੰਡਾਗਰਦੀ ਤੋਂ ਤੰਗ ਆ ਕੇ ਰਾਜਸਥਾਨ ਫੀਡਰ ਵਿੱਚ ਛਾਲ ਮਾਰ ਕੇ ਖ਼ੁਦਕੁਸ਼ੀ ਕਰ ਲਈ। ਪੀੜਤ ਦੀ ਪਛਾਣ ਮਨਪ੍ਰੀਤ ਸਿੰਘ ਉਰਫ਼ ਵੀਰੂ ਵਜੋਂ ਹੋਈ ਹੈ। ਪੁਲੀਸ ਵੱਲੋਂ ਨੌਜਵਾਨ ਦੀ ਲਾਸ਼ ਦੀ ਭਾਲ ਕੀਤੀ ਜਾ ਰਹੀ ਹੈ।

ਜਾਣਕਾਰੀ ਅਨੁਸਾਰ ਮਨਪ੍ਰੀਤ ਸਿੰਘ ਨੇ 29 ਜੂਨ ਨੂੰ ਪੁਲੀਸ ਚੌਕੀ ਕਲੇਰ ਵਿੱਚ ਲਿਖਤੀ ਸ਼ਿਕਾਇਤ ਦੇ ਕੇ ਪਿੰਡ ਦੇ ਕੁਝ ਵਿਅਕਤੀਆਂ ਖ਼ਿਲਾਫ਼ ਕਾਰਵਾਈ ਦੀ ਮੰਗ ਕੀਤੀ ਸੀ। ਉਸ ਨੇ ਸ਼ਿਕਾਇਤ ਵਿੱਚ ਦੋਸ਼ ਲਾਏ ਸਨ ਕਿ ਪਿੰਡ ਦੇ ਕੁਝ ਨੌਜਵਾਨ ਸਥਾਨਕ ਕਾਂਗਰਸੀ ਆਗੂ ਦੀ ਸ਼ਹਿ ’ਤੇ ਉਸ ਦੇ ਘਰ ਸਾਹਮਣੇ ਆ ਕੇ ਗਾਲ੍ਹਾਂ ਕੱਢਦੇ ਅਤੇ ਨਸ਼ੇ ਕਰਦੇ ਹਨ ਅਤੇ ਰੋਕਣ ਉੱਤੇ ਉਨ੍ਹਾਂ ਦੇ ਗਲ ਪੈਂਦੇ ਹਨ। ਸ਼ਿਕਾਇਤ ਵਿੱਚ ਅੱਗੇ ਕਿਹਾ ਸੀ ਕਿ ਪਿੰਡ ਦੇ ਨੌਜਵਾਨ ਉਸ ਦਾ ਮੋਬਾਈਲ ਅਤੇ ਹੋਰ ਕੀਮਤੀ ਸਾਮਾਨ ਵੀ ਖੋਹ ਕੇ ਲੈ ਗਏ ਅਤੇ ਉਸ ਦੇ ਕੱਪੜੇ ਪਾੜ ਦਿੱਤੇ। ਮਨਪ੍ਰੀਤ ਦੇ ਪਿਤਾ ਜਸਪਾਲ ਸਿੰਘ ਤੇ ਹੋਰਨਾਂ ਰਿਸ਼ਤੇਦਾਰਾਂ ਨੇ ਦੱਸਿਆ ਕਿ ਪੁਲੀਸ ਨੇ ਸ਼ਿਕਾਇਤ ਮਿਲਣ ਦੇ ਬਾਵਜੂਦ ਦੋਸ਼ੀਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਉਲਟਾਂ ਸਾਰੇ ਦੋਸ਼ੀ, ਕਾਂਗਰਸੀ ਆਗੂ ਦੀ ਸ਼ਹਿ ’ਤੇ ਲਗਾਤਾਰ ਮਨਪ੍ਰੀਤ ਨੂੰ ਧਮਕੀਆਂ ਦਿੰਦੇ ਅਤੇ ਉਸ ਦਾ ਪਿੱਛਾ ਕਰਦੇ ਸਨ। ਇਸ ਪ੍ਰੇਸ਼ਾਨੀ ਦੇ ਚਲਦਿਆਂ ਨੌਜਵਾਨ ਨੇ ਨਹਿਰ ਵਿੱਚ ਛਾਲ ਮਾਰ ਦਿੱਤੀ। ਇਸ ਦੌਰਾਨ ਖੇਤ ਮਜ਼ਦੂਰ ਯੂਨੀਅਨ, ਬੀ.ਕੇ. ਯੂ ਉਗਰਾਹਾਂ, ਬੀ.ਕੇ.ਯੂ ਕ੍ਰਾਂਤੀਕਾਰੀ, ਪੀ.ਐੱਸ.ਯੂ. ਤੇ ਨੌਜਵਾਨ ਭਾਰਤ ਸਭਾ ਨੇ ਇਸ ਸਬੰਧੀ ਜ਼ਿਲ੍ਹਾ ਪੁਲੀਸ ਮੁਖੀ ਨੂੰ ਲਿਖਤੀ ਸ਼ਿਕਾਇਤ ਦਿੱਤੀ ਹੈ। ਜ਼ਿਲ੍ਹਾ ਪੁਲੀਸ ਮੁਖੀ ਡਾ. ਨਾਨਕ ਸਿੰਘ ਨੇ ਕਿਹਾ ਕਿ ਸ਼ਿਕਾਇਤ ’ਤੇ ਕਾਰਵਾਈ ਨਾ ਕਰਨ ਵਾਲੇ ਪੁਲੀਸ ਅਧਿਕਾਰੀ ਖ਼ਿਲਾਫ਼ ਨਿਯਮਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਥਾਣਾ ਸਿਟੀ ਵਿੱਚ ਬਾਕਾਇਦਾ ਰਿਪੋਰਟ ਦਰਜ ਕਰ ਲਈ ਹੈ ਅਤੇ ਪੁਲੀਸ ਸਮੁੱਚੇ ਮਾਮਲੇ ਦੀ ਪੜਤਾਲ ਕਰ ਰਹੀ ਹੈ।

## ਗੁਰੂ ਰਾਮਦਾਸ ਲੰਗਰ ਹਾਲ ਵਿਖੇ ਲਾਂਗਰੀ ਚਾਸ਼ਨੀ ਵਾਲੇ ਕੜਾਹੇ ’ਚ ਡਿੱਗ ਕੇ ਝੁਲਸਿਆ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ ਘਰ ਵਿੱਚ ਸੰਗਤ ਲਈ ਖੀਰ ਬਣਾਉਣ ਮੌਕੇ ਖੰਡ ਦੀ ਚਾਸ਼ਨੀ ਤਿਆਰ ਕਰ ਰਿਹਾ ਇਕ ਕਰਮਚਾਰੀ ਕੜਾਹੇ ਵਿੱਚ ਡਿੱਗਣ ਨਾਲ ਗੰਭੀਰ ਜ਼ਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਸ੍ਰੀ ਗੁਰੂ ਰਾਮਦਾਸ ਹਸਪਤਾਲ ਦਾਖਲ ਕਰਾਇਆ ਗਿਆ ਹੈ, ਜਿੱਥੇ ਉਸ ਦੀ ਹਾਲਤ ਭਾਵੇਂ ਸਥਿਰ ਹੈ, ਪਰ ਡਾਕਟਰਾਂ ਨੇ ਅਗਲੇ 24 ਘੰਟੇ ਉਡੀਕ ਕਰਨ ਲਈ ਕਿਹਾ ਹੈ। ਵੇਰਵਿਆਂ ਮੁਤਾਬਕ ਲਾਂਗਰੀ ਚਰਨਜੀਤ ਸਿੰਘ ਸੰਗਤ ਦੀ ਖੀਰ ਲਈ ਖੰਡ ਦੀ ਚਾਸ਼ਨੀ ਤਿਆਰ ਕਰ ਰਿਹਾ ਸੀ। ਚਾਸ਼ਨੀ ਵਾਲੇ ਕੜਾਹੇ ਵਿਚੋਂ ਜਦੋਂ ਉਹ ਖੰਡ ਦੀ ਮੈਲ ਉਤਾਰ ਰਿਹਾ ਸੀ ਤਾਂ ਅਚਨਚੇਤੀ ਉਸ ਦਾ ਪੈਰ ਖਿਸਕ ਗਿਆ ਅਤੇ ਉਹ ਚਾਸ਼ਨੀ ਵਾਲੇ ਕੜਾਹੇ ਵਿੱਚ ਡਿੱਗ ਪਿਆ। ਉਸ ਦੇ ਸਾਥੀਆਂ ਨੇ ਉਹਨੂੰ ਤੁਰੰਤ ਬਾਹਰ ਕੱਢਿਆ ਅਤੇ ਜ਼ਖ਼ਮੀ ਹਾਲਤ ਵਿੱਚ ਇਲਾਜ ਲਈ ਹਸਪਤਾਲ ਲੈ ਗਏ। ਸ਼੍ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਹਾਦਸੇ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਲਾਂਗਰੀ ਦੀ ਹਾਲਤ ਸਥਿਰ ਹੈ, ਪਰ ਡਾਕਟਰਾਂ ਨੇ 24 ਘੰਟੇ ਨਿਗਰਾਨੀ ਵਿੱਚ ਰੱਖਣ ਦੀ ਹਦਾਇਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਹ ਵਿਅਕਤੀ ਅਚਨਚੇਤੀ ਕੜਾਹੇ ਵਿੱਚ ਡਿੱਗਾ ਤਾਂ ਉਹ ਖ਼ੁਦ ਹੀ ਇਸ ਵਿਚੋਂ ਬਾਹਰ ਨਿਕਲਿਆ ਅਤੇ ਖ਼ੁਦ ਚਲ ਕੇ ਹਸਪਤਾਲ ਗਿਆ। ਡਾਕਟਰਾਂ ਮੁਤਾਬਕ ਕੜਾਹੇ ਵਿੱਚ ਡਿੱਗਣ ਨਾਲ ਉਸ ਦੇ ਸਰੀਰ ਨੂੰ ਡੂੰਘਾ ਸੇਕ ਲੱਗਾ ਹੈ ਅਤੇ 60 ਫੀਸਦ ਤਕ ਸਰੀਰ ਜ਼ਖ਼ਮੀ ਹੋਇਆ ਹੈ।

# ਜਲ੍ਹਿਆਂਵਾਲਾ ਬਾਗ ਕਾਂਡ ਦੇ ਪੀੜਤਾਂ ਨੂੰ ਬਰਤਾਨੀਆ ਨੇ ਦਿੱਤਾ ਸੀ ਮੁਆਵਜ਼ਾ

## *ਮ੍ਰਿਤਕਾਂ ਦੇ ਪਰਿਵਾਰਾਂ ਲਈ 15,92,155 ਰੁਪਏ ਤੇ ਜ਼ਖ਼ਮੀਆਂ ਲਈ 3,50,762 ਰੁਪਏ ਕੀਤੇ ਸਨ ਮਨਜ਼ੂਰ*

**ਚੰਡੀਗੜ੍ਹ/ਬਿਊਰੋ ਨਿਊਜ਼ :**

90ਵਿਆਂ ਨੂੰ ਢੁਕੇ ਆਜ਼ਾਦੀ ਘੁਲਾਟੀਏ ਮੋਹਨ ਸਿੰਘ ਨੇ 13 ਅਪ੍ਰੈਲ, 1919 ਨੂੰ ਅੰਮ੍ਰਿਤਸਰ ਦੇ ਜਲ੍ਹਿਆਂਵਾਲਾ ਬਾਗ ਵਿੱਚ ਆਪਣੇ ਦਾਦੇ ਦੀ ‘ਮੌਤ’ ਲਈ ਮੁਆਵਜ਼ੇ ਦੀ ਮੰਗ ਕਰਦਿਆਂ ਹਾਲ ਹੀ ਵਿੱਚ ਹਾਈ ਕੋਰਟ ਵਿਚ ਪਹੁੰਚ ਕੀਤੀ ਹੈ। ਪੰਜਾਬ ਪੁਰਾਤੱਤਵ ਨੂੰ ਡਿਜੀਟਲ ਰੂਪ ਦਿੱਤੇ ਜਾਣ ਦੌਰਾਨ ਮਿਲੇ ਦਸਤਾਵੇਜ਼ਾਂ ਤੋਂ ਪਤਾ ਲੱਗਾ ਹੈ ਕਿ ਬਰਤਾਨੀਆ ਨੇ ਇਸ ਸਾਕੇ ਦੇ ਪੀੜਤ ਪਰਿਵਾਰਾਂ ਲਈ ‘ਖੁੱਲ੍ਹੇ ਦਿਲ ਨਾਲ ਮੁਆਵਜ਼ਾ’ ਐਲਾਨਿਆ ਸੀ। ਕਰਨਲ ਰੈਗੀਨਲਡ ਡਾਇਰ ਦੇ ਹੁਕਮਾਂ ਦੇ ਹੋਏ ਇਸ ਸਾਕੇ ਦੇ ਜ਼ਖ਼ਮੀਆਂ ਨੂੰ ਵੀ ਮੁਆਵਜ਼ਾ ਦਿੱਤਾ ਗਿਆ ਸੀ।

ਕੁੱਝ ਦਿਹਾੜੀਦਾਰਾਂ ਨੂੰ ਕੁੱਝ ਸੌ ਰੁਪਏ ਮੁਆਵਜ਼ਾ ਦਿੱਤਾ ਗਿਆ ਜਦੋਂ ਕਿ ਅੰਮ੍ਰਿਤਸਰ ਦੇ ਇਕ ਕਾਰੋਬਾਰੀ, ਜਿਸ ਦੀ ਸਾਲਾਨਾ ਆਮਦਨ 9 ਹਜ਼ਾਰ ਰੁਪਏ ਆਂਕੀ ਗਈ ਸੀ, ਦੇ ਪਰਿਵਾਰ ਲਈ 1.01 ਲੱਖ ਰੁਪਏ ਮੁਆਵਜ਼ਾ ਐਲਾਨਿਆ ਸੀ। ਬਰਤਾਨੀਆ ਨੇ ਮ੍ਰਿਤਕਾਂ ਦੇ ਪਰਿਵਾਰਾਂ ਲਈ 15,92,155 ਰੁਪਏ ਅਤੇ ਜ਼ਖ਼ਮੀਆਂ ਲਈ 3,50,762 ਰੁਪਏ ਨੂੰ ਮਨਜ਼ੂਰੀ ਦਿੱਤੀ ਸੀ। ਸਰਕਾਰੀ ਰਿਕਾਰਡ ਮੁਤਾਬਕ ਕੁੱਲ 376 ਮੌਤਾਂ ਹੋਈਆਂ ਸਨ ਅਤੇ ਕੇਵਲ 218 ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਗਿਆ। ਭਾਵੇਂ ਖੁੱਲ੍ਹੇ ਦਿਲ ਨਾਲ ਮੁਆਵਜ਼ਾ ਐਲਾਨਿਆ ਗਿਆ ਸੀ ਪਰ ਫਰਵਰੀ 1921 ਤਕ ਅੰਮ੍ਰਿਤਸਰ ਸ਼ਹਿਰ ਦੇ 19





ਪਰਿਵਾਰਾਂ, ਤਰਨ ਤਾਰਨ ਤਹਿਸੀਲ ਦੇ 13 ਅਤੇ ਅਜਨਾਲਾ ਤਹਿਸੀਲ ਦੇ ਸੱਤ ਪਰਿਵਾਰਾਂ ਨੂੰ ਮਹਿਜ਼ 14150 ਰੁਪਏ ਮੁਆਵਜ਼ਾ ਦਿੱਤਾ ਗਿਆ। ਬਰਤਾਨੀਆ ਦੇ ਪ੍ਰਸ਼ਾਸਨ ਵਾਲੇ ਪੰਜਾਬ ਦੇ ਗ੍ਰਹਿ ਵਿਭਾਗ ਦੀਆਂ ਚਾਰ ਫਾਈਲਾਂ (1920 ਤੋਂ 1922) ਵਿੱਚ ਇਹ ਤੱਥ ਦਰਜ ਹਨ, ਜੋ ਚੰਡੀਗੜ੍ਹ ਸਥਿਤ ਪੰਜਾਬ ਡਿਜੀਟਲ ਲਾਇਬ੍ਰੇਰੀ (ਪੀਡੀਐਲ) ਦੇ ਸਟਾਫਰਾਂ ਨੇ ਸਰਕਾਰੀ ਦਸਤਾਵੇਜ਼ਾਂ ਨੂੰ ਡਿਜੀਟਲ ਰੂਪ ਦਿੱਤੇ ਜਾਣ ਦੌਰਾਨ ਲੱਭੇ ਸਨ।

ਪੀਡੀਐਲ ਦੇ ਐਗਜ਼ੀਕਿਊਟਵ ਡਾਇਰੈਕਟਰ ਦਵਿੰਦਰ ਸਿੰਘ ਨੇ ਕਿਹਾ, ‘ਕੀ ਅਸੀਂ ਸੋਚ ਸਕਦੇ ਹਾਂ ਕਿ ਬਰਤਾਨੀਆ ਸਾਮਰਾਜ ਜਲ੍ਹਿਆਂਵਾਲਾ ਬਾਗ ਪੀੜਤਾਂ ਨੂੰ ਮੁਆਵਜ਼ਾਂ ਵੀ ਦੇ ਸਕਦਾ ਹੈ ? ਇਹ 300 ਸਫੇ ਅਣਗੌਲੇ ਤੱਥ ਬਾਰੇ ਦਸਤਾਵੇਜ਼ੀ ਸਬੂਤ ਪੇਸ਼ ਕਰਦੇ ਹਨ। ਪੰਜਾਬ ਪੁਰਾਤੱਤਵ ਵਿੱਚ ਇਸ ਤਰ੍ਹਾਂ ਦੇ ਲੱਖਾਂ ਸਫੇ ਹਨ, ਜਿਨ੍ਹਾਂ ਵਿਚ ਸਾਡੇ ਬੀਤੇ ਬਾਰੇ ਬਹੁਮੁੱਲੀ ਜਾਣਕਾਰੀ ਲੁਕੀ ਹੋਈ ਹੈ। ਭਾਵੇਂ ਮੁਆਵਜ਼ੇ ਦੇ ਹੁਕਮ ਦੇਣ ਪਿਛਲੇ ਕਾਰਨਾਂ ਬਾਰੇ ਇਹ ਫਾਈਲਾਂ ਚੁੱਪ ਹਨ ਪਰ ਇਨ੍ਹਾਂ ਤੋਂ ਪਤਾ ਲੱਗਦਾ ਹੈ ਕਿ ਪ੍ਰਸ਼ਾਸਕ 200 ਤੋਂ 600 ਰੁਪਏ ਵਿਚਕਾਰ ਮੁਆਵਜ਼ਾ ਦੇਣ ਤੋਂ ਸੰਤੁਸ਼ਟ ਸਨ।

9 ਫਰਵਰੀ, 1921 ਨੂੰ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਐਚ ਡੀ ਕਰਾਇਕ ਨੇ ਪੰਜਾਬ ਦੇ ਚੀਫ ਸੈਕਟਰੀ ਨੂੰ ਇਕ ‘ਗੁਪਤ’ ਪੱਤਰ ਭੇਜਿਆ, ‘ਜਲ੍ਹਿਆਂਵਾਲਾ ਬਾਗ ਵਿਚ ਮਾਰੇ ਗਏ ਵਿਅਕਤੀਆਂ ਦੇ ਆਸ਼ਰਿਤਾਂ ਨੂੰ 13050 ਰੁਪਏ ਵੰਡੇ ਜਾ ਚੁੱਕੇ ਹਨ। ਹੁਣ ਤਕ ਸਿਰਫ਼ ਦੋ ਜ਼ਖ਼ਮੀਆਂ ਨੂੰ ਮੁਆਵਜ਼ਾ (1100 ਰੁਪਏ) ਦਿੱਤਾ ਗਿਆ ਹੈ। ਅਪਾਹਜ ਹੋਏ ਵਿਅਕਤੀਆਂ ਨੂੰ ਵੰਡਣ ਲਈ ਹਾਲ ਹੀ ਪੰਜ ਹਜ਼ਾਰ ਰੁਪਏ ਜਾਰੀ ਹੋਏ ਹਨ।’ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਦੇ ਇਤਿਹਾਸ ਵਿਭਾਗ ਦੇ ਮੁਖੀ ਤੇ ਸੇਵਾਮੁਕਤ ਪ੍ਰੋਫੈਸਰ ਡਾ. ਹਰੀਸ਼ ਸ਼ਰਮਾ ਨੇ ਦੱਸਿਆ, ‘ਇਹ ਸੱਚ ਹੈ ਕਿ ਬਰਤਾਨੀਆ ਨੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਦਿੱਤਾ ਸੀ ਪਰ ਇਸ ਸਾਕੇ ਦੇ ਇਸ ਪੱਖ ਉਤੇ ਵਿਸਥਾਰ ਨਾਲ ਰੌਸ਼ਨੀ ਪਾਉਣ ਵਾਲਾ ਕੋਈ ਖੋਜ ਪੱਤਰ ਜਾਂ ਕਿਤਾਬ ਮੈਨੂੰ ਕਦੇ ਨਹੀਂ ਮਿਲੀ। ਆਜ਼ਾਦੀ ਸੰਗਰਾਮ ਦੇ ਇਤਿਹਾਸ ਦਾ ਇਹ ਤੱਥ ਕਦੇ ਹਿੱਸਾ ਨਹੀਂ ਬਣਿਆ।’

# ਭਾਰਤ 'ਚ ਇਕਸਾਰ ਕਰ ਪ੍ਰਣਾਲੀ ਜੀਐਸਟੀ ਲਾਗੂ

## ਰਾਸ਼ਟਰਪਤੀ ਨੇ ਕਿਹਾ, ਇਕ ਪਾਰਟੀ, ਇਕ ਸਰਕਾਰ ਦੀ ਨਹੀਂ ਸਭ ਦੀ ਸਾਂਝੀ ਪ੍ਰਾਪਤੀ

## ਜੀਐਸਟੀ ਗੁੱਡ ਐਂਡ ਸਿੰਪਲ ਟੈਕਸ' ਤੋਂ ਸਭ ਨੂੰ ਲਾਭ ਮਿਲੇਗਾ: ਪ੍ਰਧਾਨ ਮੰਤਰੀ ਮੋਦੀ

- **ਕਾਂਗਰਸ ਸਮੇਤ ਵਿਰੋਧੀ ਧਿਰ ਵਲੋਂ ਬਾਈਕਾਟ**
- **80 ਫ਼ੀਸਦੀ ਵਸਤਾਂ ਹੋਣਗੀਆਂ 18 ਫ਼ੀਸਦੀ ਕਰ ਵਾਲੇ ਘੇਰੇ 'ਚ**
- **ਕਈ ਸੂਬਿਆਂ ਵਿੱਚ ਵਪਾਰੀਆਂ ਵੱਲੋਂ ਜ਼ੋਰਦਾਰ ਰੋਸ ਮੁਜ਼ਾਹਰੇ**

**ਨਵੀਂ ਦਿੱਲੀ/ਬਿਊਰੋ ਨਿਊਜ਼:**
ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 30 ਜੂਨ ਸ਼ੁਕਰਵਾਰ ਨੂੰ ਅੱਧੀ ਰਾਤ ਨੂੰ ਆਜ਼ਾਦ ਭਾਰਤ ਦੇ ਇਤਿਹਾਸ ਦੇ ਸਭ ਤੋਂ ਵੱਡੇ ਕਰ ਸੁਧਾਰ ਵਸਤੂ ਤੇ ਸੇਵਾ ਕਰ' (ਜੀ.ਐੱਸ.ਟੀ.) ਨੂੰ ਲਾਗੂ ਕਰਨ ਦੇ ਐਲਾਨ ਦੇ ਨਾਲ ਹੀ ਇਕ ਰਾਸ਼ਟਰ-ਇਕ ਕਰ-ਇਕ ਬਾਜ਼ਾਰ' ਦੀ ਕਲਪਨਾ ਸਾਕਾਰ ਹੋ ਗਈ ਗ਼ ਸੰਸਦ ਦੇ ਕੇਂਦਰੀ ਹਾਲ 'ਚ ਹੋਏ ਸਮਾਗਮ ਦੌਰਾਨ ਰਾਸ਼ਟਰਪਤੀ ਪ੍ਰਣਾਬ ਮੁਖਰਜੀ ਨੇ ਉੱਪ-ਰਾਸ਼ਟਰਪਤੀ ਹਾਮਿਦ ਅੰਸਾਰੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ, ਸਾਬਕਾ ਪ੍ਰਧਾਨ ਮੰਤਰੀ ਐਚ. ਡੀ. ਦੇਵੇਗੌੜਾ ਤੇ ਵਿੱਤ ਮੰਤਰੀ ਅਰੁਣ ਜੇਤਲੀ ਦੀ ਮੌਜੂਦਗੀ 'ਚ ਦੇਸ਼ 'ਚ ਇਕ ਜੁਲਾਈ ਤੋਂ ਜੀ.ਐੱਸ.ਟੀ. ਲਾਗੂ ਕਰਨ ਦਾ ਐਲਾਨ ਕੀਤਾ ਗ਼ ਜਦੋਂ ਮੁੱਖ ਵਿਰੋਧੀ ਕਾਂਗਰਸ ਸਮੇਤ ਵਿਰੋਧੀ ਧਿਰ ਰਹੀ ਸਮਾਗਮ ਤੋਂ ਦੂਰ ਰਹੀਂ। ਇਨ੍ਹਾਂ ਪਾਰਟੀਆਂ ਨੇ ਇਸਨੂੰ ਕਾਹਲੀ ਅਤੇ ਬਿਨ੍ਹਾਂ ਪੂਰੀ ਤਿਆਰੀ ਦੇ ਲਾਗੂ ਕਰਨ ਦਾ ਵਿਰੋਧ ਕਰਦਿਆਂ ਕਿਹਾ ਕਿ ਇਸ ਨਾਲ ਵਪਾਰੀਆਂ, ਦੁਕਾਨਦਾਰਾਂ ਅਤੇ ਆਮ ਲੋਕਾਂ ਦੀਆਂ ਮੁਸ਼ਕਲਾਂ

ਇਸ ਮੌਕੇ ਸੰਬੋਧਨ ਕਰਦਿਆਂ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਇਹ ਸਫਲਤਾ ਇਕ ਪਾਰਟੀ ਇਕ ਸਰਕਾਰ ਦੀ ਨਹੀਂ, ਸਗੋਂ ਭਾਰਤ ਦੇ ਲੋਕਤੰਤਰ ਦੀ ਸਫਲਤਾ ਹੈ ਗ਼ ਉਨ੍ਹਾਂ ਇਸ ਨੂੰ ਇਤਿਹਾਸਕ ਪਲ ਕਰਾਰ ਸਿੰਦਿਆਂ ਕਿਹਾ ਕਿ ਇਹ ਕਾਲਾ ਧਨ ਦੇ ਖੇਤਰ 'ਚ ਇਕ ਨਵਾਂ ਯੁੱਗ ਹੈ ਜੋ ਕੇਂਦਰ ਅਤੇ ਸੂਬਿਆਂ 'ਚ ਬਣੀ ਵਿਆਪਕ ਸਹਿਮਤੀ ਦਾ ਨਤੀਜਾ ਹੈ ਗ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁਕਰਵਾਰ ਨੂੰ ਅੱਧੀ ਰਾਤੀਂ ਜੀਐਸਟੀ ਲਾਗੂ ਕਰਨ ਮੌਕੇ ਮੁਲਕਵਾਸੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਹ ਸਾਰੀਆਂ ਸਿਆਸੀ ਪਾਰਟੀਆਂ ਦੇ ਸਾਂਝੇ ਹੰਭਲੇ ਦਾ ਹੀ ਨਤੀਜਾ ਹੈ। ਕੇਂਦਰ ਸਰਕਾਰ ਇਸ ਮਸਲੇ ਬਾਰੇ ਕਈ ਸਾਲਾਂ ਤੋਂ ਵੱਖ ਵੱਖ ਰਾਜ ਸਰਕਾਰਾਂ ਨਾਲ ਵਿਚਾਰ-ਵਟਾਂਦਰਾ ਕਰ ਰਹੀ ਸੀ। ਜੀਐਸਟੀ, ਸੰਘੀ ਤਾਲਮੇਲ ਦੀ ਸਫਲ ਮਿਸਾਲ ਹੋ ਨਿਬੜਿਆ ਹੈ। ਉਨ੍ਹਾਂ ਜੀਐਸਟੀ ਨੂੰ ਭਾਰਤ ਦੀ ਆਰਥਿਕ ਇਕਜੁੱਟਤਾ ਕਰਾਰ ਦਿੱਤਾ ਜਿਸ ਤਰ੍ਹਾਂ ਆਜ਼ਾਦੀ ਤੋਂ ਬਾਅਦ ਸਰਦਾਰ ਵੱਲਭਭਾਈ ਪਟੇਲ ਨੇ ਮੁਲਕ ਨੂੰ ਇਕ ਲੜੀ ਵਿੱਚ ਪਰੋਇਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਹੁਣ 31 ਰਾਜ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਦੀ ਜੀਐਸਟੀ ਇਕਜੁੱਟਤਾ ਨਾਲ ਟੋਲ ਪਲਾਜ਼ਿਆਂ ਉਤੇ ਭੀੜਾਂ ਖ਼ਤਮ ਹੋਣਗੀਆਂ। ਇਹ ਅਜਿਹਾ ਸਿਸਟਮ ਹੈ ਜਿਹੜਾ ਐਨ ਪਾਰਦਰਸ਼ੀ ਹੈ ਅਤੇ ਇਸ ਨਾਲ ਕਾਲੇ ਧਨ ਤੇ ਭ੍ਰਿਸ਼ਟਾਚਾਰ ਨੂੰ ਵੀ ਨੱਥ ਪਵੇਗੀ ਅਤੇ ਇਸ ਨਾਲ ਨਵਾਂ ਸ਼ਾਸਨ ਪ੍ਰਬੰਧ ਹੋਂਦ ਵਿੱਚ ਆਵੇਗਾ। ਉਨ੍ਹਾਂ ਜੀਐਸਟੀ ਨੂੰ ਗੁੱਡ ਐਂਡ ਸਿੰਪਲ ਟੈਕਸ (ਚੰਗਾ ਤੇ ਸਰਲ ਟੈਕਸ) ਆਖਿਆ ਅਤੇ ਆਸ ਪ੍ਰਗਟਾਈ ਕਿ ਇਸ ਤੋਂ ਮਿਲਣ ਵਾਲੇ ਲਾਭਾਂ ਨੂੰ ਕਾਰੋਬਾਰੀ ਆਮ ਗਾਹਕ ਤੱਕ ਪੁੱਜਦੇ ਕਰਨਗੇ। ਜੀਐਸਟੀ ਬਾਰੇ ਪ੍ਰਗਟਾਏ ਜਾ ਰਹੇ ਸ਼ੰਕਿਆਂ ਬਾਰੇ ਉਨ੍ਹਾਂ ਕਿਹਾ ਕਿ ਨਵੀਂ ਐਨਕ ਲਈ ਕੁਝ ਸਮਾਂ ਤਾਂ ਹਰ ਇਕ ਨੂੰ ਅਡਜਸਟ' ਕਰਨਾ ਹੀ ਪੈਂਦਾ ਹੈ। ਇਸ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਨੇ ਜੀਐਸਟੀ ਨੂੰ ਮੁਲਕ ਲਈ ਸਭ ਤੋਂ ਅਹਿਮ ਘਟਨਾ ਕਰਾਰ ਦਿੱਤਾ।

ਇਸ ਤੋਂ ਪਹਿਲਾਂ ਦੇਸ਼ ਭਰ ਵਿੱਚ (ਜੰਮੂ-ਕਸ਼ਮੀਰ ਨੂੰ ਛੱਡ ਕੇ) ਇਕਸਾਰ ਕਰ ਢਾਂਚਾ ਵਸਤਾਂ ਤੇ ਸੇਵਾਵਾਂ ਕਰ' (ਜੀਐਸਟੀ) ਤੁਰੰਤ ਅਮਲ ਵਿੱਚ ਆ ਗਿਆ, ਜੋ ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਹੁਣ ਤੱਕ ਦਾ ਅਸਿੱਧੇ ਕਰਾਂ ਸਬੰਧੀ ਸਭ ਤੋਂ ਵੱਡਾ ਸੁਧਾਰ ਹੈ। ਇਸ 'ਚ ਸਰਕਾਰ ਨੂੰ ਮੁੱਢਲੀਆਂ ਦਿੱਕਤਾਂ ਆਉਣ ਦਾ ਵੀ ਖ਼ਦਸ਼ਾ ਹੈ। ਇਸ ਸਬੰਧੀ ਅੱਜ (30 ਜੂਨ ਤੇ ਪਹਿਲੀ ਜੁਲਾਈ ਦੀ) ਅੱਧੀ ਰਾਤ ਨੂੰ ਸੰਸਦ ਦੇ ਕੇਂਦਰੀ ਹਾਲ ਵਿੱਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਇਸ ਮੌਕੇ ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸਣੇ ਅਨੇਕਾਂ ਸ਼ਖ਼ਸੀਅਤਾਂ ਹਾਜ਼ਰ ਸਨ, ਪਰ ਕਾਂਗਰਸ, ਖੱਬੀਆਂ ਪਾਰਟੀਆਂ ਤੇ ਤ੍ਰਿਣਮੂਲ ਕਾਂਗਰਸ ਨੇ ਇਸ ਕਾਰਨ ਛੋਟੇ ਤੇ ਦਰਮਿਆਨੇ ਉੱਦਮੀਆਂ ਅਤੇ ਵਪਾਰੀਆਂ ਨੂੰ ਪੇਸ਼ ਆਉਣ ਵਾਲੀਆਂ ਮੁਸ਼ਕਲਾਂ ਦੇ ਹਵਾਲੇ ਨਾਲ ਸਮਾਗਮ ਦਾ ਬਾਈਕਾਟ ਕੀਤਾ।



**ਰਾਸ਼ਟਰਪਤੀ ਪ੍ਰਣਬ ਮੁਖਰਜੀ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਸਦ ਭਵਨ ਦੇ ਕੇਂਦਰੀ ਹਾਲ ਵਿੱਚ ਵਿਸ਼ੇਸ਼ ਸਮਾਗਮ ਦੌਰਾਨ ਬਟਨ ਦਬਾ ਕੇ ਜੀਐਸਟੀ ਲਾਂਚ ਕਰਦੇ ਹੋਏ।**

### ਜੀਐਸਟੀ ਸਰਕਾਰ ਦਾ 'ਸਵੈ-ਪ੍ਰਚਾਰ ਤਮਾਸ਼ਾ': ਰਾਹੁਲ

**ਨਵੀਂ ਦਿੱਲੀ:** ਕਾਂਗਰਸ ਦੇ ਮੀਤ ਪ੍ਰਧਾਨ ਰਾਹੁਲ ਗਾਂਧੀ ਨੇ ਸਰਕਾਰ ਵੱਲੋਂ ਜੀਐਸਟੀ ਲਾਗੂ ਕੀਤੇ ਜਾਣ ਨੂੰ ਮਹਿਜ਼ 'ਤਮਾਸ਼ਾ' ਕਰਾਰ ਦਿੱਤਾ ਹੈ। ਵਿਦੇਸ਼ ਵਿੱਚ ਛੁੱਟੀਆਂ ਮਨਾ ਰਹੇ ਸ੍ਰੀ ਗਾਂਧੀ ਨੇ ਆਪਣੀਆਂ ਟਵੀਟਾਂ ਰਾਹੀਂ ਸਰਕਾਰ 'ਤੇ ਜ਼ੋਰਦਾਰ ਹਮਲਾ



ਕਰਦਿਆਂ ਕਿਹਾ ਕਿ ਜੀਐਸਟੀ ਨੂੰ ਬਿਨਾਂ ਕਿਸੇ ਯੋਜਨਾ, ਦੂਰਅੰਦੇਸ਼ੀ ਤੇ ਸੰਸਥਾਗਤ ਤਿਆਰੀ ਦੇ ਕਾਹਲੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ, ''ਇਸ ਭਾਰੀ ਸਮਰੱਥਾ ਵਾਲੇ ਸੁਧਾਰ ਨੂੰ ਕੱਚੇ-ਪਿੱਲੇ ਢੰਗ ਨਾਲ ਸਵੈ-ਪ੍ਰਚਾਰ ਦੇ ਤਮਾਸ਼ੇ ਵਾਂਗ ਲਾਗੂ ਕੀਤਾ ਜਾ ਰਿਹਾ ਹੈ।''

**ਦੇਸ਼ ਭਰ 'ਚ ਮੁਜ਼ਾਹਰੇ** : ਇਸ ਦੌਰਾਨ ਦੇਸ਼ ਭਰ ਦੇ ਵਪਾਰੀਆਂ ਵੱਲੋਂ ਜੀਐਸਟੀ ਖ਼ਿਲਾਫ਼ ਜ਼ੋਰਦਾਰ ਅੰਦੋਲਨ ਕੀਤਾ ਜਾ ਰਿਹਾ ਹੈ। ਉਤਰ ਪ੍ਰਦੇਸ਼ ਦੇ ਵਪਾਰੀਆਂ ਨੇ 'ਕਾਹਲੀ' ਨਾਲ ਜੀਐਸਟੀ ਲਾਗੂ ਕਰਨ ਦਾ ਦੋਸ਼ ਲਾਉਂਦਿਆਂ ਆਪਣੀਆਂ ਦੁਕਾਨਾਂ ਤੇ ਦੂਜੇ ਅਦਾਰੇ ਬੰਦ ਰੱਖੇ ਤੇ ਇਕ ਥਾਈਂ ਰੇਲ ਵੀ ਰੋਕੀ ਗਈ। ਮੱਧ ਪ੍ਰਦੇਸ਼ ਤੇ ਪੱਛਮੀ ਬੰਗਾਲ ਦੇ ਮੁੱਖ ਸ਼ਹਿਰਾਂ ਵਿੱਚ ਵੀ ਅੱਜ ਕਾਰੋਬਾਰੀ ਅਦਾਰੇ ਬੰਦ ਰਹੇ। ਕਈ ਥਾਈਂ ਵਪਾਰੀਆਂ ਨੇ ਰੋਸ ਮਾਰਚ ਵੀ ਕੱਢੇ ਤੇ ਧਰਨੇ ਦਿੱਤੇ। ਤਾਮਲਿਨਾਡੂ ਤੇ ਹੋਰ ਕਈ ਸੂਬਿਆਂ ਤੋਂ ਵੀ ਅਜਿਹੀਆਂ ਖ਼ਬਰਾਂ ਪੁੱਜੀਆਂ ਹਨ।

**ਸ਼ੇਅਰ ਬਾਜ਼ਾਰ ਉਛਲਿਆ :** ਜੀਐਸਟੀ ਦੇ ਅਮਲ ਵਿੱਚ ਆਉਣ ਤੋਂ ਪਹਿਲਾਂ ਸ਼ੁਕਰਵਾਰ ਨੂੰ ਸ਼ੇਅਰ ਬਾਜ਼ਾਰ ਦਾ ਮਾਹੌਲ ਖ਼ੁਸ਼ਗਵਾਰ ਰਿਹਾ ਤੇ ਬੰਬਈ ਸ਼ੇਅਰ ਬਾਜ਼ਾਰ ਦਾ ਸੂਚਕ ਅੰਕ 69.09 ਅੰਕਾਂ ਜਾਂ 0.21 ਫ਼ੀਸਦੀ ਦੇ ਇਜ਼ਾਫ਼ੇ ਨਾਲ 30921.61 'ਤੇ ਬੰਦ ਹੋਇਆ।

### *"ਜੀਐਸਟੀ ਨਾਲ ਪੰਜਾਬ ਨੂੰ ਪੰਜ ਹਜ਼ਾਰ ਕਰੋੜ ਵੱਧ ਮਿਲੇਗਾ"*

***ਚੰਡੀਗੜ੍ਹ/ਬਿਊਰੋ ਨਿਊਜ਼:***
*ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਖਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਜੀਐਸਟੀ ਲਾਗੂ ਹੋਣ ਨਾਲ ਸੂਬੇ ਨੂੰ ਕੇਂਦਰ ਸਰਕਾਰ ਕੋਲੋਂ ਪੰਜ ਹਜ਼ਾਰ ਕਰੋੜ ਰੁਪਏ ਵੱਧ ਮਿਲਣਗੇ। ਪੰਜਾਬ ਸਰਕਾਰ ਨੇ ਜੀਥਐਸ਼ਟੀਥਲਾਗੂ ਕਰਨ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਹਨ।*
*ਵਪਾਰੀਆਂ ਵਲੋਂ ਜੀਐਸਟੀ ਦੀ ਮੁਖ਼ਾਲਫ਼ਤ ਬਾਰੇ ਖਜ਼ਾਨਾ ਮੰਤਰੀ ਨੇ ਕਿਹਾ ਕਿ ਨਵੀਂ ਤਬਦੀਲੀ ਨਾਲ ਕੁਝ ਪਰੇਸ਼ਾਨੀ ਹੁੰਦੀ ਤਾਂ ਹੈ, ਪਰ ਇਹ ਅਸਥਾਈ ਹੈ। ਟੈਕਸ ਅਫਸਰ ਸੋਮਵਾਰ ਤੋਂ ਲੋਕਾਂ ਦੀਆਂ ਜੀਐਸਟੀ ਸਬੰਧੀ ਸਮੱਸਿਆਵਾਂ ਬਾਰੇ ਮੀਟਿੰਗਾਂ ਕਰਨਗੇ।*

### ਕਿਸਾਨਾਂ ਨੂੰ ਦਿੱਤੀ ਰਾਹਤ

ਜੀਐਸਟੀ ਲਾਗੂ ਹੋਣ ਤੋਂ ਕੁਝ ਘੰਟੇ ਪਹਿਲਾਂ ਤਾਕਤਵਰ ਜੀਐਸਟੀ ਕੌਂਸਲ ਨੇ ਕਿਸਾਨਾਂ ਨੂੰ ਰਾਹਤ ਦਿੰਦਿਆਂ ਖਾਦਾਂ ਉਤੇ ਟੈਕਸ ਦਰ 12 ਫ਼ੀਸਦੀ ਤੋਂ ਘਟਾ ਕੇ 5 ਫ਼ੀਸਦੀ ਕਰ ਦਿੱਤੀ ਹੈ। ਕੌਂਸਲ ਦੇ ਮੁਖੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਕਿਹਾ ਕਿ ਇਹ ਫ਼ੈਸਲਾ ਖਾਦਾਂ ਦੀਆਂ ਕੀਮਤਾਂ ਵਧਣ ਦੇ ਖ਼ਦਸ਼ੇ ਕਾਰਨ ਲਿਆ ਗਿਆ ਹੈ। ਟਰੈਕਟਰਾਂ ਦੇ ਕੁਝ ਪੁਰਜ਼ਿਆਂ ਲਈ ਵੀ ਦਰ 28 ਫ਼ੀਸਦੀ ਤੋਂ ਘਟਾ ਕੇ 18 ਫ਼ੀਸਦੀ ਕੀਤੀ ਗਈ ਹੈ। ਕੌਂਸਲ ਦੀ 18ਵੀਂ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲ ਕਰਦਿਆਂ ਸ੍ਰੀ ਜੇਤਲੀ ਨੇ ਕਿਹਾ, "ਕੁਝ ਮੈਂਬਰਾਂ ਦਾ ਖ਼ਿਆਲ ਸੀ ਕਿ 12 ਫ਼ੀਸਦੀ ਦਰ ਨਾਲ ਖ਼ਪਤਕਾਰਾਂ ਉਤੇ ਅਸਰ ਪੈ ਸਕਦਾ ਹੈ।" ਇਹ ਮੀਟਿੰਗ ਮੁੱਖ ਤੌਰ 'ਤੇ ਮੈਂਬਰਾਂ ਦਾ ਧੰਨਵਾਦ ਕਰਨ ਲਈ ਸੱਦੀ ਗਈ ਸੀ।

ਜੀਐਸਟੀ ਤਹਿਤ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਕਰਾਂ ਦੀਆਂ 5, 12, 18 ਤੇ 28 ਫ਼ੀਸਦੀ ਦੀਆਂ ਚਾਰ ਸਲੈਬਾਂ ਬਣਾਈਆਂ ਗਈਆਂ ਹਨ ਅਤੇ ਹੁਣ ਸਾਰੇ ਦੇਸ਼ ਵਿੱਚ ਸਾਰੀਆਂ ਵਸਤਾਂ ਅਤੇ ਸੇਵਾਵਾਂ ਉਤੇ ਇਕਸਾਰ ਟੈਕਸ ਲਾਗੂ ਹੋਵੇਗਾ। ਪਹਿਲਾਂ ਵਸੂਲੇ ਜਾਂਦੇ ਕੇਂਦਰੀ, ਸੂਬਾਈ ਤੇ ਸਥਾਨਕ ਟੈਕਸ ਖ਼ਤਮ ਹੋ ਜਾਣਗੇ। ਜੰਮੂ-ਕਸ਼ਮੀਰ ਵਿੱਚ ਪਹਿਲੀ ਜੁਲਾਈ ਤੋਂ ਇਹ ਢਾਂਚਾ ਲਾਗੂ ਨਹੀਂ ਹੋਵੇਗਾ, ਕਿਉਂਕਿ ਸੂਬਾਈ ਵਿਧਾਨ ਸਭਾ ਵੱਲੋਂ ਇਸ ਸਬੰਧੀ ਕਾਨੂੰਨ ਪਾਸ ਨਹੀਂ ਕੀਤਾ ਗਿਆ। ਸੂਬਾ ਸਰਕਾਰ ਦਾ ਕਹਿਣਾ ਹੈ ਕਿ ਉਹ ਇਸ ਸਬੰਧੀ ਸਰਬਸੰਮਤੀ ਬਣਾਉਣ ਲਈ 'ਵਿਚਾਰ-ਵਟਾਂਦਰਾ' ਕਰ ਰਹੀ ਹੈ। ਇਸ ਸਬੰਧੀ ਸਰਕਾਰ ਨੇ ਪਿਛਲੇ ਦਿਨੀਂ ਆਲ ਪਾਰਟੀ ਮੀਟਿੰਗ ਸੱਦੀ ਸੀ ਪਰ ਵਿਰੋਧੀ ਪਾਰਟੀਆਂ ਖ਼ਾਸਕਰ ਨੈਸ਼ਨਲ ਕਾਨਫਰੰਸ ਤੇ ਕਾਰੋਬਾਰੀ ਭਾਈਚਾਰੇ ਦੇ ਵਿਰੋਧ ਕਾਰਨ ਸਹਿਮਤੀ ਨਹੀਂ ਬਣੀ। ਵਿਰੋਧੀਆਂ ਦਾ ਕਹਿਣਾ ਹੈ ਕਿ ਨਵੇਂ ਢਾਂਚੇ ਨਾਲ ਕਰ ਲਾਉਣ ਦੀ ਸੂਬੇ ਦੀ ਖ਼ੁਦਮੁਖ਼ਤਾਰੀ ਖ਼ਤਮ ਹੋ ਜਾਵੇਗੀ ਤੇ ਭਾਰਤ ਵਿੱਚ ਇਸ ਦੇ ਵਿਸ਼ੇਸ਼ ਰੁਤਬੇ ਨੂੰ ਵੀ ਖੋਰਾ ਲੱਗੇਗਾ। ਕਸ਼ਮੀਰ ਟਰੇਡਰਜ਼ ਐਂਡ ਮੈਨੂਫੈਕਚਰਰਜ਼ ਫੈਡਰੇਸ਼ਨ (ਕੇਟੀਐਮਐਫ਼) ਨੇ ਜੀਐਸਟੀ ਖ਼ਿਲਾਫ਼ ਸ਼ਨਿੱਚਰਵਾਰ ਨੂੰ ਆਮ ਹੜਤਾਲ ਦਾ ਸੱਦਾ ਦਿੱਤਾ ਹੈ। ਇਸ ਦੌਰਾਨ ਸਰਕਾਰ ਨੇ ਕਿਹਾ ਕਿ ਜੀਐਸਟੀ ਨਾਲ ਲੂਣ ਤੇ ਸਾਬਣ ਵਰਗੀਆਂ ਨਿੱਤ ਵਰਤੋਂ ਵਾਲੀਆਂ ਅਤੇ ਲਾਜ਼ਮੀ ਵਸਤਾਂ ਦੀਆਂ ਕੀਮਤਾਂ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਕਿਉਂਕਿ ਇਨ੍ਹਾਂ ਨੂੰ ਜਾਂ ਤਾਂ ਟੈਕਸ ਤੋਂ ਛੋਟ ਹੈ ਜਾਂ ਕਈ ਵਸਤਾਂ ਉਤੇ ਟੈਕਸ ਮੌਜੂਦਾ ਪੱਧਰ ਵਾਲਾ ਹੀ ਹੈ। ਸਿਹਤ ਤੇ ਸਿੱਖਿਆ ਸੇਵਾਵਾਂ ਸਣੇ ਸਬਜ਼ੀਆਂ, ਦੁੱਧ, ਅੰਡੇ ਅਤੇ ਆਟੇ ਵਰਗੀਆਂ ਗ਼ੈਰ ਬਰਾਂਡਿਡ ਖੁਰਾਕੀ ਵਸਤਾਂ ਨੂੰ ਜੀਐਸਟੀ ਤੋਂ ਛੋਟ ਹੋਵੇਗੀ। ਚਾਹਪੱਤੀ, ਖੁਰਾਕੀ ਤੇਲ, ਖੰਡ, ਕੱਪੜੇ ਅਤੇ 'ਬੇਬੀ ਫਾਰਮੂਲਾ' ਉਤੇ ਸਿਰਫ਼ ਪੰਜ ਫ਼ੀਸਦੀ ਟੈਕਸ ਲੱਗੇਗਾ। ਇਹ ਲਾਜ਼ਮੀ ਤੇ ਰੋਜ਼ਾਨਾ ਵਰਤੋਂ ਦੀਆਂ ਵਸਤਾਂ ਕੁੱਲ ਵਰਤੀਆਂ ਜਾਂਦੀਆਂ ਵਸਤਾਂ ਦਾ ਤਕਰੀਬਨ 80 ਫ਼ੀਸਦੀ ਹਨ। ਮੋਟਰਸਾਈਕਲ, ਇਤਰ ਅਤੇ ਸ਼ੈਂਪੂ ਵਰਗੀਆਂ ਲਗਜ਼ਰੀ ਵਸਤਾਂ, ਜਿਹੜੀਆਂ ਸਾਰੀਆਂ ਟੈਕਸਯੋਗ ਵਸਤਾਂ ਦਾ ਤਕਰੀਬਨ 19 ਫ਼ੀਸਦੀ ਬਣਦੀਆਂ ਹਨ, ਉਤੇ 18 ਫ਼ੀਸਦੀ ਜਾਂ ਵੱਧ ਟੈਕਸ ਲੱਗੇਗਾ। ਆਜ਼ਾਦੀ ਤੋਂ ਬਾਅਦ ਦੀ ਸਭ ਤੋਂ ਵੱਡੀ ਟੈਕਸ ਸੁਧਾਰ ਪ੍ਰਣਾਲੀ ਜੀਐਸਟੀ ਨਾਲ ਐਕਸਾਈਜ਼, ਸੇਵਾ ਕਰ ਅਤੇ ਵੈਟ ਵਰਗੇ ਕੇਂਦਰੀ ਤੇ ਰਾਜਾਂ ਦੇ 16 ਟੈਕਸ ਇਕੱਠੇ ਹੋਣਗੇ, ਜਿਸ ਨਾਲ ਦੇਸ਼ ਭਰ ਵਿੱਚ ਇਕੋ ਦਰ ਨਾਲ ਟੈਕਸ ਲੱਗੇਗਾ। ਮਾਲੀਆ ਸਕੱਤਰ ਹਸਮੁੱਖ ਅਢੀਆ ਨੇ ਕਿਹਾ ਕਿ ਇਸ ਨਾਲ ਸਿਸਟਮ ਪਾਰਦਰਸ਼ੀ ਹੋਵੇਗਾ ਅਤੇ ਟੈਕਸ ਚੋਰੀ ਰੁਕੇਗੀ ਤੇ ਈਮਾਨਦਾਰ ਕਰਦਾਤਿਆਂ ਨੂੰ ਲਾਭ ਮਿਲੇਗਾ।

# ਗਊ ਰੱਖਿਆ ਦੇ ਨਾਂ 'ਤੇ ਹਿੰਸਾ ਗਲਤ : ਨਰਿੰਦਰ ਮੋਦੀ

**ਅਹਿਮਦਾਬਾਦ/ਬਿਊਰੋ ਨਿਊਜ਼:**
ਗਊ ਰੱਖਿਅਕਾਂ ਨੂੰ ਸਖ਼ਤ ਸੰਦੇਸ਼ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਗਊ ਰੱਖਿਆ ਦੇ ਨਾਂ ਉਤੇ ਲੋਕਾਂ ਦੀ ਹੱਤਿਆ ਮਨਜ਼ੂਰ ਨਹੀਂ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕਿਸੇ ਨੂੰ ਵੀ ਕਾਨੂੰਨ ਆਪਣੇ ਹੱਥਾਂ ਵਿੱਚ ਲੈਣ ਦਾ ਅਧਿਕਾਰ ਨਹੀਂ ਹੈ। ਇੱਥੇ ਮਹਾਤਮਾ ਗਾਂਧੀ ਦੇ ਸਾਬਰਮਤੀ ਆਸ਼ਰਮ ਦੀ ਸ਼ਤਾਬਦੀ ਮੌਕੇ ਵੀਰਵਾਰ ਨੂੰ ਜਨਤਕ ਇਕੱਠ ਦੌਰਾਨ ਸ੍ਰੀ ਮੋਦੀ ਨੇ ਕਿਹਾ ਕਿ 'ਗਊ ਭਗਤੀ' ਦੇ ਨਾਂ ਉਤੇ ਹਿੰਸਾ ਵਿੱਚ ਸ਼ਮੂਲੀਅਤ ਪੂਰੀ ਤਰ੍ਹਾਂ ਰਾਸ਼ਟਰ ਪਿਤਾ ਦੇ ਅਸੂਲਾਂ ਖ਼ਿਲਾਫ਼ ਹੈ। ਗਊ ਰੱਖਿਆ ਦੇ ਨਾਂ ਉਤੇ ਹਿੰਸਾ ਤੇ ਭੀੜ ਵੱਲੋਂ ਕੁੱਟਮਾਰ ਦੀਆਂ ਵਧੀਆਂ ਘਟਨਾਵਾਂ ਉਤੇ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਅਜਿਹੀਆਂ ਗਤੀਵਿਧੀਆਂ ਨਾਲ ਕੁਝ ਵੀ ਹਾਸਲ ਨਹੀਂ ਹੋਵੇਗਾ। ਉਨ੍ਹਾਂ ਕਿਹਾ, "ਅੱਜ ਮੈਂ ਜਦੋਂ ਇੱਥੇ ਸਾਬਰਮਤੀ ਆਸ਼ਰਮ ਵਿੱਚ ਹਾਂ ਤਾਂ ਮੈਂ ਆਪਣੀ ਨਾਖ਼ੁਸ਼ੀ ਤੇ ਦਰਦ ਦਾ ਇਜ਼ਹਾਰ ਕਰਨਾ ਚਾਹੁੰਦਾ ਹਾਂ।"

ਪ੍ਰਧਾਨ ਮੰਤਰੀ ਨੇ ਕਿਹਾ, "ਇਹ ਉਹ ਮੁਲਕ ਹੈ, ਜਿਸ ਵਿੱਚ ਕੀੜੀਆਂ, ਅਵਾਰਾ ਕੁੱਤਿਆਂ ਤੇ ਮੱਛੀਆਂ ਦਾ ਢਿੱਡ ਭਰਨ ਦੀ ਰਵਾਇਤ ਹੈ। ਇਹ ਉਹ ਮੁਲਕ ਹੈ, ਜਿੱਥੇ ਮਹਾਤਮਾ ਗਾਂਧੀ ਨੇ ਸਾਨੂੰ ਅਹਿੰਸਾ ਦਾ ਪਾਠ ਪੜ੍ਹਾਇਆ। ਸਾਨੂੰ ਕੀ ਹੋ ਗਿਆ ਹੈ ?"



**ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਹਿਮਦਾਬਾਦ ਵਿੱਚ ਸਾਬਰਮਤੀ ਆਸ਼ਰਮ ਵਿਖੇ ਮਹਾਤਮਾ ਗਾਂਧੀ ਦੇ ਬੁੱਤ 'ਤੇ ਫੁੱਲ ਭੇਟ ਕਰਦੇ ਹੋਏ।**

ਭੀੜ ਵੱਲੋਂ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਤੇ ਹਿੰਸਾ ਉਤੇ ਉਤਰਨ ਦੀ ਰੁਚੀ ਭਾਰੂ ਹੋਣ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਕੋਈ ਮਰੀਜ਼ ਅਪਰੇਸ਼ਨ ਅਸਫ਼ਲ ਹੋਣ ਕਾਰਨ ਮਾਰਿਆ ਜਾਂਦਾ ਹੈ ਤਾਂ ਰਿਸ਼ਤੇਦਾਰ ਹਸਪਤਾਲ ਫੂਕ ਦਿੰਦੇ ਹਨ ਅਤੇ ਡਾਕਟਰਾਂ ਦੀ ਕੁੱਟਮਾਰ ਕਰਦੇ ਹਨ। ਹਾਦਸਾ, ਹਾਦਸਾ ਹੁੰਦਾ ਹੈ। ਹਾਦਸਿਆਂ ਵਿੱਚ ਜਦੋਂ ਲੋਕ ਮਾਰੇ ਜਾਂ ਜ਼ਖ਼ਮੀ ਹੋ ਜਾਂਦੇ ਹਨ ਤਾਂ ਇਕੱਠ ਹੋ ਜਾਂਦਾ ਹੈ ਤੇ ਵਾਹਨ ਫੂਕੇ ਜਾਂਦੇ ਹਨ।"

ਸ੍ਰੀ ਮੋਦੀ ਨੇ ਕਿਹਾ ਕਿ ਕਿਸੇ ਨੇ ਵੀ ਮਹਾਤਮਾ ਗਾਂਧੀ ਤੇ ਉਨ੍ਹਾਂ ਦੇ ਸਹਿਯੋਗੀ ਵਿਨੋਵਾ ਭਾਵੇ ਤੋਂ ਵੱਧ ਗਊ ਰੱਖਿਆ ਅਤੇ ਗਊ ਭਗਤੀ ਨਹੀਂ ਕੀਤੀ ਹੋਵੇਗੀ। ਉਨ੍ਹਾਂ ਸਾਨੂੰ ਗਊ ਰੱਖਿਆ ਦਾ ਤਰੀਕਾ ਦੱਸਿਆ। ਦੇਸ਼ ਨੂੰ ਉਨ੍ਹਾਂ ਦੇ ਰਾਹ ਉਤੇ ਚੱਲਣਾ ਪਵੇਗਾ। ਉਨ੍ਹਾਂ ਕਿਹਾ, "ਭਾਰਤੀ ਸੰਵਿਧਾਨ ਵੀ ਸਾਨੂੰ ਗਊ ਰੱਖਿਆ ਬਾਰੇ ਸਿਖਾਉਂਦਾ ਹੈ। ਪਰ ਇਹ ਕੰਮ (ਗਊ ਰੱਖਿਆ) ਕਰਦਿਆਂ ਕੀ ਸਾਨੂੰ ਕਿਸੇ ਦੀ ਜਾਨ ਲੈਣ ਦਾ ਅਧਿਕਾਰ ਹੈ। ਕੀ ਇਹ ਗਊ ਭਗਤੀ ਹੈ ? ਕੀ ਇਹ ਗਊ ਰੱਖਿਆ ਹੈ ?"

ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ ਗਊ ਰੱਖਿਅਕਾਂ ਦੀ ਵਧਦੀ ਹਿੰਸਾ ਦੇ ਪਿਛੋਕੜ ਵਿੱਚ ਆਈਆਂ। ਪਿਛਲੇ ਹਫ਼ਤੇ ਮਥੁਰਾ ਜਾ ਰਹੀ ਰੇਲ ਗੱਡੀ ਵਿੱਚ ਇਕ ਮੁਸਲਿਮ ਨੌਜਵਾਨ ਜੂਨੈਦ ਦਾ ਕਤਲ ਕਰ ਦਿੱਤਾ ਗਿਆ ਅਤੇ ਕਾਤਲ ਉਸ ਦੇ ਪਰਿਵਾਰ ਉਤੇ ਫਿਕਰੇ ਕਸਦਿਆਂ ਉਸ ਨੂੰ 'ਦੇਸ਼ ਵਿਰੋਧੀ' ਅਤੇ 'ਗਊ ਮਾਸ ਖਾਣ' ਵਾਲਾ ਦੱਸ ਰਹੇ ਸਨ। ਅਗਸਤ 2016 ਵਿੱਚ ਵੀ ਸ੍ਰੀ ਮੋਦੀ ਨੇ ਗਊ ਰੱਖਿਅਕਾਂ ਨੂੰ ਤਾੜਨਾ ਕੀਤੀ ਸੀ। ਉਦੋਂ ਉਨ੍ਹਾਂ ਦੇ ਆਪਣੇ ਗ੍ਰਹਿ ਰਾਜ ਗੁਜਰਾਤ ਵਿੱਚ ਗਊ ਰੱਖਿਅਕਾਂ ਨੇ ਦਲਿਤਾਂ ਦੀ ਕੁੱਟਮਾਰ ਕੀਤੀ ਸੀ।

ਅੰਮ੍ਰਿਤਸਰ ਟਾਈਮਜ਼
AMRITSAR TIMES
05 ਜੁਲਾਈ 2017 ਤੋਂ 11 ਜੁਲਾਈ 2017

# ਆਲਮੀ ਸਿਆਸਤ ਦਾ 'ਭੂਗੋਲ'

## ਮੋਦੀ ਦੁਆਲੇ ਵਜਦੇ ਢੋਲ-ਢਮੱਕੇ ਤੇ ਆਮ ਲੋਕਾਂ ਦੀ ਹੋਣੀ

ਨਰਿੰਦਰ ਮੋਦੀ ਭਾਰਤ ਦੇ ਸ਼ਾਇਦ ਪਹਿਲੇ ਅਜਿਹੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਦਾ ਦੇਸ-ਵਿਦੇਸ਼ ਵਿੱਚ ਢੋਲ-ਢਮੱਕਿਆਂ ਨਾਲ ਜ਼ੋਰਦਾਰ ਸਵਾਗਤ ਹੁੰਦਾ ਹੈ। ਵੈਸੇ ਸੋਚਣ/ਵੇਖਣ ਵਾਲੀ ਗੱਲ ਇਹ ਵੀ ਕਿ ਇਹ ਢੋਲ-ਢਮੱਕੇ ਹਰ ਥਾਂ ਸੱਚਮੁੱਚ ਵਜਦੇ ਹਨ ਜਾਂ ਯੋਜਨਾ ਬਧ ਢੰਗ ਨਾਲ ਵਜਵਾਏ ਜਾਂਦੇ ਹਨ? ਮੱਥੇ ਤਿਲਕ ਤੇ ਗਲ 'ਚ ਰਾਮ-ਨਾਮ ਦਾ ਸਾਫ਼ਾ ਪਾਉਣ ਵਾਲੇ ਮੋਦੀ ਜਦੋਂ ਸੂਟਡ-ਬੂਟਡ ਹੋ ਕੇ ਵਿਦੇਸ਼ੀ ਦੌਰਿਆਂ 'ਤੇ ਨਿਕਲਦੇ ਹਨ ਤਾਂ ਭਾਰਤੀ ਮੀਡੀਆ ਉਨ੍ਹਾਂ ਦੇ ਸ਼ਾਨਦਾਰ ਸਵਾਗਤ ਦੇ ਕਸੀਦੇ ਘੜਦਾ ਨਹੀਂ ਥੱਕਦਾ। ਪ੍ਰਧਾਨ ਮੰਤਰੀ ਮੋਦੀ ਦੇ ਇਨ੍ਹਾਂ ਵਿਦੇਸ਼ੀ ਦੌਰਿਆਂ ਨਾਲ ਭਾਰਤੀ ਆਵਾਮ ਨੂੰ ਕੀ ਹਾਸਲ ਹੋਣ ਵਾਲਾ ਹੈ, ਇਹ ਗਿਆਨ' ਕੋਈ ਨਹੀਂ ਦਿੰਦਾ।

ਹਾਲ ਹੀ ਵਿਚ ਅਮਰੀਕਾ ਫੇਰੀ ਦੌਰਾਨ ਵੀ ਟਰੰਪ-ਮੋਦੀ ਦੀ ਦੋਸਤੀ ਦੇ ਗੁਣ ਗਾਏ। ਐਚ1ਬੀ (H1B) ਵਰਗਾ ਸਭ ਤੋਂ ਅਹਿਮ ਮੁੱਦਾ ਪੂਰੀ ਤਰ੍ਹਾਂ ਵਿਸਾਰ ਦਿੱਤਾ ਗਿਆ, ਜਿਸ ਨਾਲ ਉਥੇ ਰਹਿ ਰਹੇ ਆਮ ਭਾਰਤੀਆਂ ਦੀ ਜ਼ਿੰਦਗੀ 'ਤੇ ਅਸਰ ਪੈਣ ਜਾ ਰਿਹਾ ਹੈ। ਗੌਰ ਕਰਨ ਵਾਲੀ ਗੱਲ ਹੈ ਕਿ ਅਮਰੀਕਾ ਨੇ ਮੀਡੀਆ ਰਾਹੀਂ ਪਹਿਲਾਂ ਹੀ ਸੁਨੇਹਾ ਦੇ ਦਿੱਤਾ ਸੀ ਕਿ ਉਹ ਮੋਦੀ ਨਾਲ ਐਚ1ਬੀ ਵੀਜ਼ਾ ਦੀ ਚਰਚਾ ਨਹੀਂ ਕਰੇਗਾ। ਇਸ ਮੁਲਾਕਾਤ ਮਗਰੋਂ ਦੋਹਾਂ ਨੇਤਾਵਾਂ ਦਾ ਆਮ ਵਰਗਾ ਘਸੀਆ-ਪਿਟਿਆ ਬਿਆਨ ਆਉਂਦਾ ਹੈ ਕਿ ਅਸੀਂ ਮਿਲ ਕੇ ਅਤਿਵਾਦ ਦਾ ਟਾਕਰਾ ਕਰਾਂਗੇ।' ਮੀਡੀਆ ਖੂਬ ਤਾੜੀਆਂ ਵਜਾਉਂਦਾ ਹੈ। ਅਤਿਵਾਦ ਦੇ ਕਾਰਨ ਕੀ ਹਨ, ਕੌਣ ਪੈਦਾ ਕਰ ਰਿਹਾ ਹੈ, ਹੁਣ ਤਕ ਦੁਨੀਆ ਦੇ ਹਰ ਮੁਲਕ ਨਾਲ ਦਾਅਵਿਆਂ-ਵਾਅਦਿਆਂ ਦੇ ਬਾਵਜੂਦ ਇਹ ਖ਼ਤਮ ਕਿਉਂ ਨਹੀਂ ਹੋ ਰਿਹਾ, ਇਸ ਦਾ ਜਵਾਬ ਕਿਸੇ ਕੋਲ ਨਹੀਂ। ਖ਼ੈਰ, ਅਮਰੀਕੀ ਫੇਰੀ ਦੀ ਤਾਂ ਗੱਲ ਹੁਣ ਪੁਰਾਣੀ ਹੋ ਗਈ, ਇਜ਼ਰਾਈਲੀ ਦੌਰੇ ਦੀ ਗੱਲ ਕਰਦੇ ਹਾਂ। ਵੈਸੇ ਵੀ ਮੋਦੀ ਵਿਦੇਸ਼ੀ ਦੌਰਿਆਂ 'ਤੇ ਏਨਾ ਰਹਿੰਦੇ ਹਨ ਕਿ ਦੋ ਦਿਨ ਬਾਅਦ ਹੀ ਮੀਡੀਆ' ਪਿਛਲੀ ਫੇਰੀ ਦੇ ਏਜੰਡਿਆਂ ਨੂੰ ਵਿਸਾਰ ਦਿੰਦਾ ਹੈ। ਇਨ੍ਹਾਂ ਦੌਰਿਆਂ, ਫ਼ੈਸਲਿਆਂ 'ਚੋਂ ਕੁੱਲ ਦੁਨੀਆ ਦਾ ਆਮ ਬੰਦਾ ਗੈਰ ਹਾਜ਼ਰ ਹੈ।

ਮੋਦੀ ਦੀ ਇਜ਼ਰਾਈਲ ਯਾਤਰਾ ਵੀ ਕਈ ਪੱਖਾਂ ਤੋਂ ਇਤਿਹਾਸਕ ਮੰਨੀ/ਕਹੀ ਜਾ ਰਹੀ ਹੈ। 25 ਸਾਲ ਦੇ ਕੂਟਨੀਤਕ ਰਿਸ਼ਤਿਆਂ ਦੇ ਬਾਵਜੂਦ ਇਹ ਕਿਸੇ ਭਾਰਤੀ ਪ੍ਰਧਾਨ ਮੰਤਰੀ ਦੀ ਪਹਿਲੀ ਇਜ਼ਰਾਈਲੀ ਯਾਤਰਾ ਹੈ। ਇਸ ਤੋਂ ਪਹਿਲਾਂ ਆਰਥਿਕ, ਸਿਆਸੀ ਤੇ ਸਮਾਜਿਕ ਕਾਰਨਾਂ ਕਰਕੇ ਭਾਰਤ ਦਾ ਕੋਈ ਵੀ ਪ੍ਰਧਾਨ ਮੰਤਰੀ ਇਸ ਮੁਲਕ ਦਾ ਰੁਖ਼ ਕਰਨ ਦੀ ਹਿੰਮਤ ਨਹੀਂ ਕਰ ਸਕਿਆ।

ਇਨ੍ਹਾਂ ਵਿਚੋਂ ਸਭ ਤੋਂ ਅਹਿਮ ਕਾਰਨ ਇਜ਼ਰਾਈਲ ਦੇ ਅਰਬ ਮੁਲਕਾਂ ਨਾਲ ਸਬੰਧ ਚੰਗੇ ਨਹੀਂ ਅਤੇ ਭਾਰਤ ਦੀ ਇਨ੍ਹਾਂ ਮੁਲਕਾਂ 'ਤੇ ਪੈਟਰੋਲੀਅਮ ਪਦਾਰਥਾਂ ਲਈ ਨਿਰਭਰਤਾ ਹੈ। ਇਸ ਤੋਂ ਇਲਾਵਾ ਭਾਰਤੀ ਨੇਤਾਵਾਂ ਵਿਚ ਇਜ਼ਰਾਈਲ ਦੇ ਨੇੜੇ ਜਾਣ 'ਤੇ ਭਾਰਤ ਦੇ ਮੁਸਲਮਾਨਾਂ ਦੀ ਨਾਰਾਜ਼ਗੀ ਦਾ ਵੀ ਡਰ ਬਣਿਆ ਰਹਿੰਦਾ ਸੀ। ਇਸੇ ਲਈ ਜਦੋਂ ਵੀ ਕੋਈ ਭਾਰਤੀ ਆਗੂ ਇਜ਼ਰਾਈਲ ਦੌਰੇ 'ਤੇ ਜਾਂਦਾ ਸੀ ਤਾਂ ਉਹ ਫਿਲਸਤੀਨ ਦੀ ਯਾਤਰਾ 'ਤੇ ਵੀ ਜਾਂਦਾ ਸੀ ਤਾਂ ਜੋ ਇਜ਼ਰਾਈਲ ਤੇ ਫਿਲਸਤੀਨ ਨਾਲ ਆਪਣੇ ਸਬੰਧਾਂ ਵਿਚ ਸੰਤੁਲਨ ਬਣਾ ਕੇ ਰੱਖ ਸਕੇ। ਇਥੇ ਇਹ ਗੱਲ ਵੀ ਗੌਰ ਕਰਨ ਵਾਲੀ ਹੈ ਕਿ 2015 ਵਿਚ ਰਾਸ਼ਟਰਪਤੀ ਪ੍ਰਣਬ ਮੁਖਰਜੀ ਜਦੋਂ ਇਜ਼ਰਾਈਲ ਯਾਤਰਾ 'ਤੇ ਗਏ ਤਾਂ ਉਹ ਵੀ ਫਿਲਸਤੀਨ ਗਏ ਤੇ ਸੰਨ 2016 ਵਿਚ ਮੋਦੀ ਸਰਕਾਰ 'ਚ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵੀ ਇਜ਼ਰਾਈਲ ਦੌਰੇ ਦੇ ਨਾਲ ਨਾਲ ਫਿਲਸਤੀਨ ਗਈ। ਉਦੋਂ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੇਂਜਾਮਿਨ ਨੇਤਨਯਾਹੂ ਨੇ ਉਨ੍ਹਾਂ ਦਾ ਏਨਾ ਵੱਡਾ ਸਵਾਗਤ ਨਹੀਂ ਕੀਤਾ। ਜਦੋਂ ਉਹ ਮੋਦੀ ਦਾ ਏਨਾ ਸ਼ਾਨਦਾਰ ਸਵਾਗਤ ਕਰਦੇ ਹਨ, ਉਨ੍ਹਾਂ ਨੂੰ ਹਿੰਦੀ ਵਿਚ ਆਪ ਕਾ ਸਵਾਗਤ ਹੈ, ਮੇਰੇ ਦੋਸਤ' ਆਖਦੇ ਹਨ ਤਾਂ ਕੀ ਇਹ ਦੋਹਾਂ ਨੇਤਾਵਾਂ ਵਿਚ ਪਹਿਲੋਂ ਹੀ ਫਿਲਸਤੀਨ ਨਾ ਜਾਣ ਦਾ ਕਰਾਰ ਹੋ ਚੁੱਕਾ ਸੀ?

ਤਮਾਮ ਖ਼ਦਸ਼ਿਆਂ ਤੇ ਤਰਕਾਂ ਨੂੰ ਦਰਕਿਨਾਰ ਕਰਕੇ ਮੋਦੀ ਦਾ ਪਹਿਲੀ ਵਾਰ ਇਜ਼ਰਾਈਲ ਜਾਣਾ ਤੇ ਇਸ ਦੌਰਾਨ ਫਿਲਸਤੀਨ ਨਾ ਜਾਣਾ, ਕੀ ਭਾਰਤ ਦੀ ਬਦਲੀ ਹੋਈ ਨੀਤੀ ਦਾ ਹਿੱਸਾ ਹੈ? ਭਾਰਤ ਨੇ ਇਜ਼ਰਾਈਲ ਨਾਲ ਆਪਣੇ ਸਬੰਧਾਂ ਪ੍ਰਤੀ ਚੌਕਸੀ ਵਰਤਦਿਆਂ ਹਮੇਸ਼ਾ ਫਿਲਸਤੀਨ ਦੀ ਆਜ਼ਾਦੀ ਦੀ ਲੜਾਈ ਦੀ ਗੱਲ ਕੀਤੀ ਹੈ। ਇਜ਼ਰਾਈਲ ਇਸ ਵਕਤ ਜਿੱਥੇ ਭਾਰਤ ਨਾਲ ਆਪਣੇ ਕੂਟਨੀਤਕ ਸਬੰਧਾਂ ਦੀ 25ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਉਥੇ ਪੱਛਮੀ ਕੰਢੇ ਅਤੇ ਗਾਜ਼ਾ ਪੱਟੀ 'ਤੇ ਆਪਣੇ ਕਬਜ਼ੇ ਦੀ ਸਿਲਵਰ ਜੁਬਲੀ ਮਨਾ ਰਿਹਾ ਹੈ। ਉਂਜ ਮੋਦੀ ਨੇ ਇਜ਼ਰਾਈਲ ਨਾਲ ਆਪਣੀ ਦੋਸਤੀ ਦੇ ਸਬੂਤ ਪਿਛਲੇ ਵਰ੍ਹੇ ਉਦੋਂ ਹੀ ਦੇ ਦਿੱਤੇ ਸਨ ਜਦੋਂ ਸੰਯੁਕਤ ਰਾਸ਼ਟਰ ਵਿਚ ਗਾਜ਼ਾ ਪੱਟੀ ਨੂੰ ਲੈ ਕੇ ਇਜ਼ਾਰਈਲ ਉਪਰ ਯੁੱਧ ਅਪਰਾਧ ਨੂੰ ਲੈ ਕੇ ਲਿਆਂਦੇ ਗਏ ਪ੍ਰਸਤਾਵ 'ਤੇ ਵੋਟ ਨਾ ਕਰਨ ਦਾ ਫ਼ੈਸਲਾ ਕੀਤਾ ਸੀ। ਇਜ਼ਰਾਈਲ ਵਲੋਂ ਗਾਜ਼ਾ ਪੱਟੀ 'ਤੇ ਕਬਜ਼ੇ ਦੌਰਾਨ ਮੁਸਲਿਮ ਭਾਈਚਾਰੇ 'ਤੇ ਕੀਤੇ ਜਾ ਰਹੇ ਜ਼ੁਲਮਾਂ 'ਤੇ ਮੋਹਰ ਲਾ ਕੇ ਮੋਦੀ ਨੇ ਇਕ ਤੀਰ ਨਾਲ ਕਈ ਨਿਸ਼ਾਨੇ ਲਾਏ ਹਨ।

ਆਪਣੇ ਹਿੰਦੂਤਵ ਏਜੰਡੇ ਨੂੰ ਕਾਇਮ ਰੱਖਦਿਆਂ ਮੋਦੀ ਨੇ ਮੁਸਲਿਮ ਵਿਰੋਧੀ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਵੀ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਜ਼ਰਾਈਲ ਨਾਲ ਟਰੰਪ ਦੀ ਕਿਉਂਕਿ ਖ਼ਾਸ ਨੇੜਤਾ ਹੈ, ਤਾਂ ਇਸ ਬਹਾਨੇ ਮੋਦੀ ਨੇ ਫਿਲਸਤੀਨ ਨਾਲੋਂ ਇਜ਼ਰਾਈਲ ਦੇ ਨੇੜੇ ਲਗਣਾ ਬਿਹਤਰ ਸਮਝਿਆ। ਐਚ1ਬੀ ਵੀਜ਼ਾ ਦਾ ਤੋੜ ਲੱਭਣ ਲਈ ਵੀ ਇਜ਼ਰਾਈਲ ਦੇ ਨੇੜੇ ਜਾਣ ਨੂੰ ਤਰਜੀਹ ਦਿੱਤੀ ਗਈ ਕਿਉਂਕਿ ਜੇਕਰ ਭਾਰਤ ਤੇ ਇਜ਼ਰਾਈਲ ਦੇ ਸਬੰਧ ਹੋਰ ਚੰਗੇ ਹੁੰਦੇ ਹਨ ਤਾਂ ਅਮਰੀਕਾ ਵਿਚ ਕਾਮਿਆਂ ਨੂੰ ਲੈ ਕੇ ਵੀਜ਼ਾ ਨਿਯਮ ਸਖ਼ਤ ਕੀਤੇ ਜਾਣ ਦੀ ਸੂਰਤ ਵਿਚ ਭਾਰਤੀ ਇੰਜਨੀਅਰਾਂ ਲਈ ਇਜ਼ਰਾਈਲ ਦੀ ਸਟਾਰਟਅਪ ਕੰਪਨੀਆਂ ਚੰਗਾ ਬਦਲ ਬਣ ਸਕਦੀਆਂ ਹਨ। ਇਸੇ ਤਰ੍ਹਾਂ ਜਿਵੇਂ ਚੀਨ ਤੇ ਪਾਕਿਸਤਾਨ ਦੀ ਜੁਗਲਬੰਦੀ ਵਧਦੀ ਜਾ ਰਹੀ ਹੈ, ਭਾਰਤ ਨੂੰ ਇਜ਼ਰਾਈਲ ਤੇ ਅਮਰੀਕਾ ਦੀ ਦੋਸਤੀ ਦੀ ਜ਼ਰੂਰਤ ਹੈ। ਕੁੱਲ ਮਿਲਾ ਕੇ ਪੂਰੀ ਦੁਨੀਆ ਦੇ ਨੇਤਾ ਆਪਣੇ ਆਪਣੇ ਸਿਆਸੀ ਭੂਗੋਲ ਰਾਹੀਂ ਆਪਣੀ ਤਾਕਤ ਦਾ ਮੁਜ਼ਾਹਰਾ ਕਰਨ ਵਿਚ ਜੁਟੇ ਹੋਏ ਹਨ। ਇਕਜੁਟਤਾ ਦਾ ਦਿਖਾਵਾ ਕਰਕੇ ਅਤਿਵਾਦ ਖ਼ਿਲਾਫ਼ ਡਟਣ ਦਾ ਨਾਅਰਾ ਦਿੱਤਾ ਜਾ ਰਿਹਾ ਹੈ, ਜਦਕਿ ਹਥਿਆਰਾਂ ਦੀ ਵੱਡੀ ਮੰਡੀ ਮੁਤਾਬਕ ਚਲਦਿਆਂ ਆਮ ਬੰਦੇ ਦੀਆਂ ਲੋੜਾਂ ਨੂੰ ਪੂਰੀ ਤਰ੍ਹਾਂ ਕੁਚਲਿਆ ਜਾ ਰਿਹਾ ਹੈ। ਮੋਦੀ ਦੀ ਇਜ਼ਰਾਈਲ ਫੇਰੀ ਨਾਲ ਆਮ ਲੋਕਾਂ ਨੂੰ ਕੀ ਫਾਇਦਾ ਹੋਵੇਗਾ, ਇਹ ਜਵਾਬ ਸ਼ਾਇਦ ਨਾ ਸਰਕਾਰ ਕੋਲ ਹੈ ਤੇ ਨਾ ਹੀ ਗੋਦੀ 'ਚ ਬਹਿ ਕੇ ਮੋਦੀ ਦਾ ਢੰਡੋਰਾ ਪਿਟਦੇ ਮੀਡੀਆ ਕੋਲ।

# ਖੇਤੀਬਾੜੀ ਸੰਕਟ: ਸਰਕਾਰ ਤੇ ਸਮਾਜ ਦੇ ਜਾਗਣ ਦਾ ਵੇਲਾ

**ਡਾ. ਗਿਆਨ ਸਿੰਘ***
(ਸੰਪਰਕ: 99156-82196)



ਪੰਜਾਬ ਇਸ ਸਮੇਂ ਗੰਭੀਰ ਖੇਤੀਬਾੜੀ ਸੰਕਟ ਵਿੱਚੋਂ ਲੰਘ ਰਿਹਾ ਹੈ। ਪੰਜਾਬ ਦੇ ਖੇਤੀਬਾੜੀ ਸੰਕਟ ਨੂੰ ਸਮੁੱਚੇ ਭਾਰਤ ਦੇਸ਼ ਦੇ ਖੇਤੀਬਾੜੀ ਸੰਕਟ ਤੋਂ ਬਿਲਕੁਲ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ। ਪੰਜਾਬ ਸਮੇਤ ਦੇਸ਼ ਨੇ ਸੰਨ 1947 ਤੋਂ ਪਹਿਲਾਂ ਖੇਤੀਬਾੜੀ ਸੰਕਟ ਹੰਢਾਇਆ ਅਤੇ ਹੁਣ ਵੀ ਇਸ ਨੂੰ ਹੰਢਾ ਰਿਹਾ ਹੈ। ਜਿੱਥੇ 1947 ਤੋਂ ਪਹਿਲਾਂ ਖੇਤੀਬਾੜੀ ਸੰਕਟ ਲਈ ਉਸ ਸਮੇਂ ਦੀ ਹਕੂਮਤ ਦੀਆਂ ਬਸਤੀਵਾਦੀ ਨੀਤੀਆਂ ਜ਼ਿੰਮੇਵਾਰ ਸਨ, ਉੱਥੇ 47 ਦੀ ਵੰਡ ਤੋਂ ਬਾਅਦ ਮੁੱਖ ਤੌਰ ਉੱਤੇ ਕੇਂਦਰ ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਜ਼ਿੰਮੇਵਾਰ ਹਨ ਕਿਉਂਕਿ ਖੇਤੀਬਾੜੀ ਜੁਗਤਾਂ ਨੂੰ ਅਪਨਾਉਣ, ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਤੈਅ ਕਰਨ, ਖੇਤੀਬਾੜੀ ਉਤਪਾਦਨ ਵਿੱਚ ਵਰਤੀਆਂ ਜਾਣ ਵਾਲੀਆਂ ਮੁੱਖ ਵਸਤਾਂ ਦੀਆਂ ਕੀਮਤਾਂ ਤੈਅ ਕਰਨ, ਦਰਿਆਈ ਪਾਣੀਆਂ ਦੀ ਵੰਡ ਆਦਿ ਕਰਨ ਸਬੰਧੀ ਫ਼ੈਸਲੇ ਕੇਂਦਰ ਸਰਕਾਰ ਦੁਆਰਾ ਹੀ ਲਏ ਜਾਂਦੇ ਹਨ। ਇਸਦੇ ਨਾਲ-ਨਾਲ ਸਮਾਜ ਦੀ ਖੇਤੀਬਾੜੀ ਖੇਤਰ, ਜੋ ਮਨੁੱਖਤਾ ਦੀ ਜੀਵਨ-ਰੇਖਾ ਹੈ, ਪ੍ਰਤੀ ਉਦਾਸੀਨਤਾ ਹੀ ਨਹੀਂ, ਸਗੋਂ ਕੁਝ ਹੱਦ ਤੱਕ ਨਫ਼ਰਤ ਵੀ ਇਸ ਸੰਕਟ ਲਈ ਜ਼ਿੰਮੇਵਾਰ ਹੈ।

ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਵਧਦੀਆਂ ਖ਼ੁਦਕੁਸ਼ੀਆਂ ਇੱਕ ਨਵਾਂ ਅਤੇ ਦੁਖਦਾਈ ਵਰਤਾਰਾ ਹੈ ਜੋ ਖੇਤੀਬਾੜੀ ਸੰਕਟ ਨੂੰ ਉਘੜਵੇਂ ਰੂਪ ਵਿੱਚ ਸਾਹਮਣੇ ਲਿਆਉਂਦਾ ਹੈ। ਕੁਝ ਵਿਦਵਾਨ' ਖੇਤੀਬਾੜੀ ਸੰਕਟ ਨੂੰ ਸਿਰਫ਼ ਕਿਸਾਨੀ ਸੰਕਟ ਤੱਕ ਹੀ ਸੀਮਤ ਕਰਕੇ ਦੇਖਦੇ ਹਨ ਜਿਹੜਾ ਕਿ ਕਿਸੇ ਵੀ ਤਰ੍ਹਾਂ ਠੀਕ ਨਹੀਂ ਹੈ। ਖੇਤੀਬਾੜੀ ਸੰਕਟ ਦੇ ਬਹੁਤ ਪੱਖ ਹਨ। ਖੇਤੀਬਾੜੀ ਨਾਲ ਸਬੰਧਿਤ ਸਾਰੇ ਵਰਗਾਂ ਜਿਵੇਂ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੀਆਂ ਆਰਥਿਕ, ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਸਮੱਸਿਆਵਾਂ, ਵਾਤਾਵਰਨ ਵਿੱਚ ਪੈਦਾ ਹੋਏ ਵਿਗਾੜ ਅਤੇ ਧਰਤੀ ਹੇਠਲੇ ਪਾਣੀ ਦੀ ਸਤਹਿ ਦੇ ਖ਼ਤਰਨਾਕ ਹੱਦ ਤੱਕ ਥੱਲੇ ਜਾਣ ਦਾ, ਪੰਜਾਬ ਸੂਬੇ ਦਾ ਖੇਤੀਬਾੜੀ ਸੰਕਟ ਵਜੋਂ ਅਧਿਐਨ ਕਰਨਾ ਜ਼ਿਆਦਾ ਉਚਿਤ ਹੋਵੇਗਾ।ਅਰਮਦਰ

ਜਦੋਂ 47 ਦੀ ਵੰਡ ਹੋਈ, ਦੇਸ਼ ਭੁੱਖਮਰੀ ਦਾ ਸਾਹਮਣਾ ਕਰ ਰਿਹਾ ਸੀ। ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਕੇਂਦਰ ਸਰਕਾਰ ਨੇ ਪਹਿਲੀ ਪੰਜ ਸਾਲਾ ਯੋਜਨਾ ਦੌਰਾਨ ਖੇਤੀਬਾੜੀ ਦੇ ਵਿਕਾਸ ਨੂੰ ਮੁੱਖ ਤਰਜੀਹ ਦਿੱਤੀ ਜਿਸਦੇ ਸਕਾਰਾਤਮਿਕ ਨਤੀਜੇ ਸਾਹਮਣੇ ਆਏ। ਕੇਂਦਰ ਸਰਕਾਰ ਦੁਆਰਾ ਦੂਜੀ ਪੰਜ ਸਾਲਾ ਯੋਜਨਾ ਦੌਰਾਨ ਉਦਯੋਗਿਕ ਖੇਤਰ ਦੇ ਵਿਕਾਸ ਨੂੰ ਤਰਜੀਹ ਦਿੱਤੇ ਜਾਣ ਕਾਰਨ ਦੇਸ਼ ਨੂੰ ਮੁੜ ਤੋਂ ਅਨਾਜ ਪਦਾਰਥਾਂ ਦੀ ਥੁੜ੍ਹ ਦਾ ਸਾਹਮਣਾ ਕਰਨਾ ਪਿਆ।

ਦੇਸ਼ ਵਿੱਚ ਸਾਲ 1964-66 ਦੌਰਾਨ ਪਏ ਸੋਕੇ ਨੇ ਇਸ ਸਮੱਸਿਆ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ। ਲੋਕਾਂ ਨੂੰ ਅਨਾਜ ਦੇਣ ਲਈ ਕੇਂਦਰ ਸਰਕਾਰ ਨੂੰ ਬਾਹਰਲੇ ਦੇਸ਼ਾਂ ਤੋਂ ਅਨਾਜ ਮੰਗਵਾਉਣ ਵਰਗੀ ਨੌਬਤ ਦਾ ਸਾਹਮਣਾ ਕਰਨਾ ਪਿਆ। ਕੇਂਦਰ ਸਰਕਾਰ ਨੇ ਆਖ਼ਰਕਾਰ ਅਮਰੀਕਾ ਤੋਂ ਪੀ.ਐੱਲ 480 ਅਧੀਨ ਅਨਾਜ ਆਯਾਤ ਕੀਤਾ ਜਿਸਦੀ ਦੇਸ਼ ਨੂੰ ਵੱਡੀ ਕੀਮਤ ਤਾਰਨੀ ਪਈ। ਕੇਂਦਰ ਸਰਕਾਰ ਨੇ ਇਸ ਸਮੱਸਿਆ ਉੱਤੇ ਕਾਬੂ ਪਾਉਣ ਲਈ ਦੇਸ਼ ਵਿੱਚ ਖੇਤੀਬਾੜੀ ਦੀ ਨਵੀਂ ਜੁਗਤ' ਨੂੰ ਅਪਨਾਉਣ ਦਾ ਫ਼ੈਸਲਾ ਕੀਤਾ। ਜਿੱਥੇ ਇਹ ਜੁਗਤ ਵੱਧ ਝਾੜ ਦੇਣ ਵਾਲੇ ਬੀਜਾਂ, ਯਕੀਨੀ ਸਿੰਚਾਈ, ਰਸਾਇਣਕ ਖਾਦਾਂ, ਕੀਟਨਾਸ਼ਕਾਂ, ਨਦੀਨਨਾਸ਼ਕਾਂ, ਮਸ਼ੀਨਰੀ ਅਤੇ ਖੇਤੀਬਾੜੀ ਕਰਨ ਦੇ ਆਧੁਨਿਕ ਢੰਗਾਂ ਦਾ ਇੱਕ ਪੈਕੇਜ ਸੀ, ਉੱਥੇ ਇਸ ਨੇ ਵਪਾਰਿਕ ਖੇਤੀਬਾੜੀ ਨੂੰ ਪ੍ਰਫੁਲਿਤ ਕੀਤਾ। 1960ਵਿਆਂ ਦੌਰਾਨ ਜਦੋਂ ਕੇਂਦਰ ਸਰਕਾਰ ਨੇ ਦੇਸ਼ ਵਿੱਚ ਖੇਤੀਬਾੜੀ ਦੀ ਨਵੀਂ ਜੁਗਤ' ਅਪਨਾਉਣ ਦਾ ਫ਼ੈਸਲਾ ਲਿਆ, ਤਾਂ ਉਸਨੇ ਵੱਖ-ਵੱਖ ਵਿਦਵਾਨਾਂ ਅਤੇ ਖੇਤੀਬਾੜੀ ਮਾਹਿਰਾਂ ਦੀ ਰਾਇ ਲੈਣ ਤੋਂ ਬਾਅਦ ਪੰਜਾਬ ਦੇ ਹਿੰਮਤੀ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਅਤੇ ਅਮੀਰ ਕੁਦਰਤੀ ਸਾਧਨਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਇਸ ਜੁਗਤ ਨੂੰ ਸਭ ਤੋਂ ਪਹਿਲਾਂ ਪੰਜਾਬ ਵਿੱਚ ਸ਼ੁਰੂ ਕੀਤਾ। ਖੇਤੀਬਾੜੀ ਖੇਤਰ ਦੀ ਇਸ ਕਾਮਯਾਬੀ ਨੂੰ ਹਰੇ ਇਨਕਲਾਬ' ਦਾ ਨਾਮ ਦਿੱਤਾ ਗਿਆ। ਇਹ ਵੱਖਰੀ ਗੱਲ ਹੈ ਕਿ ਸਰਕਾਰ ਦੀਆਂ ਖੇਤੀਬਾੜੀ ਖੇਤਰ ਨਾਲ ਸਬੰਧਿਤ ਨੀਤੀਆਂ ਨੇ ਖੇਤੀਬਾੜੀ ਖੇਤਰ ਲਈ ਅਨੇਕਾਂ ਸਮੱਸਿਆਵਾਂ ਪੈਦਾ ਕਰ ਦਿੱਤੀਆਂ।

ਪੰਜਾਬ ਖੇਤਰਫਲ ਦੇ ਪੱਖੋਂ ਬਹੁਤ ਛੋਟਾ (1.53 ਫ਼ੀਸਦ) ਹੈ, ਪਰ ਪਿਛਲੇ ਚਾਰ ਦਹਾਕਿਆਂ ਤੋਂ ਕਣਕ ਅਤੇ ਝੋਨੇ ਦੇ ਸੰਬੰਧ ਵਿੱਚ ਕੇਂਦਰੀ ਅਨਾਜ ਭੰਡਾਰ ਵਿੱਚ ਔਸਤਨ 50 ਫ਼ੀਸਦ ਯੋਗਦਾਨ ਪਾਉਂਦਾ ਰਿਹਾ ਹੈ। ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਦੂਜੇ ਸੂਬਿਆਂ ਵਿੱਚ ਖੇਤੀਬਾੜੀ ਵਿਕਾਸ ਨੂੰ ਕੇਂਦਰ ਸਰਕਾਰ ਵੱਲੋਂ ਵਿਸ਼ੇਸ਼ ਧਿਆਨ ਦਿੱਤੇ ਜਾਣ ਸਦਕਾ ਇਸ ਫ਼ੀਸਦ ਵਿੱਚ ਕੁਝ ਕਮੀ ਆਈ ਹੈ, ਪਰ 2014-15 ਦੌਰਾਨ ਕਣਕ ਅਤੇ ਝੋਨੇ ਦੇ ਸੰਬੰਧ ਵਿੱਚ ਪੰਜਾਬ ਸੂਬੇ ਦਾ ਇਹ ਯੋਗਦਾਨ ਕ੍ਰਮਵਾਰ 41.54 ਅਤੇ 24.21 ਫ਼ੀਸਦ ਰਿਹਾ ਹੈ ਜਿਹੜਾ ਦੇਸ਼ ਦੇ ਕਿਸੇ ਵੀ ਹੋਰ ਸੂਬੇ ਨਾਲੋਂ ਕਿਤੇ ਜ਼ਿਆਦਾ ਬਣਦਾ ਹੈ। ਇਸ ਸਬੰਧ ਵਿੱਚ ਵਿਸ਼ੇਸ਼ ਧਿਆਨ ਮੰਗਦਾ ਇੱਕ ਪੱਖ ਇਹ ਵੀ ਹੈ ਕਿ ਜਦੋਂ ਦੇਸ਼ ਵਿੱਚ ਕੁਦਰਤੀ ਕਰੋਪੀਆਂ ਜਿਵੇਂ ਹੜ੍ਹ, ਸੋਕਾ ਆਦਿ ਖੇਤੀਬਾੜੀ ਦਾ ਨੁਕਸਾਨ ਕਰਦੇ ਹਨ ਤਾਂ ਪੰਜਾਬ ਦਾ ਯੋਗਦਾਨ ਅਡੋਲ ਰਹਿੰਦਾ ਹੋਇਆ ਮੁਕਾਬਲਤਨ ਵਧ ਜਾਂਦਾ ਹੈ।

ਪੰਜਾਬ ਸੂਬੇ ਵਿੱਚ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਦੇ ਆਰਥਿਕ ਕਾਰਨਾਂ ਵਿੱਚ ਉਨ੍ਹਾਂ ਸਿਰ ਲਗਾਤਾਰ ਵਧ ਰਿਹਾ ਕਰਜ਼ਾ ਅਤੇ ਘੋਰ ਗ਼ਰੀਬੀ ਪ੍ਰਮੁੱਖ ਹਨ। ਆਈ.ਸੀ.ਐੱਸ.ਐੱਸ.ਆਰ. ਲਈ ਡਾ. ਗਿਆਨ ਸਿੰਘ ਦੀ ਅਗਵਾਈ ਵਿੱਚ ਡਾ. ਅਨੁਪਮਾ, ਡਾ. ਗੁਰਿੰਦਰ ਕੌਰ, ਡਾ. ਰੁਪਿੰਦਰ ਕੌਰ ਅਤੇ ਡਾ. ਸੁਖਵੀਰ ਕੌਰ ਵੱਲੋਂ ਸਾਲ 2014-15 ਲਈ ਪੰਜਾਬ ਵਿੱਚ ਕੀਤੇ ਗਏ ਇੱਕ ਸਰਵੇਖਣ ਤੋਂ ਇਹ ਸਾਹਮਣੇ ਆਇਆ ਹੈ ਕਿ ਵੱਡੇ ਕਿਸਾਨਾਂ ਦੇ ਮੁਕਾਬਲੇ ਨਿਮਨ ਕਿਸਾਨਾਂ ਅਤੇ ਖ਼ਾਸ ਕਰਕੇ ਖੇਤ ਮਜ਼ਦੂਰਾਂ ਸਿਰ ਕਰਜ਼ੇ ਦਾ ਭਾਰ ਤਾਂ ਘੱਟ ਹੈ, ਪਰ ਇਹ ਵਰਗ ਆਪਣੀ ਵਰਤਮਾਨ ਆਮਦਨ ਵਿੱਚੋਂ ਉਸ ਕਰਜ਼ੇ ਦੇ ਵਿਆਜ ਨੂੰ ਮੋੜਨ ਦੇ ਸਮਰੱਥ ਨਹੀਂ ਕਿਉਂਕਿ ਉਨ੍ਹਾਂ ਦਾ ਘੱਟੋ-ਘੱਟ ਉਪਭੋਗ ਖ਼ਰਚ, ਉਨ੍ਹਾਂ ਦੀ ਆਮਦਨ ਤੋਂ ਵੱਧ ਹੈ ਜਿਸ ਲਈ ਉਨ੍ਹਾਂ ਨੂੰ ਹੋਰ ਕਰਜ਼ਾ ਲੈਣਾ ਪੈਂਦਾ ਹੈ।

ਪਿਛਲੇ ਕੁਝ ਸਮੇਂ ਤੋਂ ਹੇਠਲੇ ਵਰਗ ਦੇ ਕਿਸਾਨਾਂ ਵਿੱਚੋਂ ਕੁਝ ਕਿਸਾਨ ਤਾਂ ਪਹਿਲਾਂ ਤੋਂ ਹੀ ਆਪਣੀ ਛੋਟੀ ਜਿਹੀ ਜੋਤ ਤੋਂ ਵੀ ਹੱਥ ਧੋ ਰਹੇ ਹਨ। ਖੇਤ ਮਜ਼ਦੂਰਾਂ ਦੀ ਹਾਲਤ ਤਾਂ ਨਿਮਨ ਕਿਸਾਨਾਂ ਤੋਂ ਵੀ ਭੈੜੀ ਹੈ ਕਿਉਂਕਿ ਉਨ੍ਹਾਂ ਕੋਲ ਤਾਂ ਉਤਪਾਦਨ ਦਾ ਕੋਈ ਵੀ ਸਾਧਨ ਨਹੀਂ ਹੁੰਦਾ। ਖੇਤ ਮਜ਼ਦੂਰਾਂ ਵਿੱਚ ਸਭ ਤੋਂ ਮੰਦੀ ਹਾਲਤ ਔਰਤਾਂ ਅਤੇ ਬਾਲ ਮਜ਼ਦੂਰਾਂ ਦੀ ਹੈ। ਜਦੋਂ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੀਆਂ ਜ਼ਿੰਦਗੀ ਪ੍ਰਤੀ ਸਾਰੀਆਂ ਆਸਾਂ ਮੁੱਕ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਦੇ ਰਾਹ ਵੀ ਪੈ ਰਹੇ ਹਨ। ਇਸੇ ਸਰਵੇਖਣ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਮਾਹਿਰ ਗਰੁੱਪ ਦੀ ਗ਼ਰੀਬੀ ਰੇਖਾ ਦੀ ਪਰਿਭਾਸ਼ਾ, ਜਿਸਨੂੰ ਲੋਕ-ਪੱਖੀ ਅਰਥ ਵਿਗਆਨੀਆਂ ਨੇ ਕਦੇ ਵੀ ਸਵੀਕਾਰ ਨਹੀਂ ਕੀਤਾ, ਅਨੁਸਾਰ ਪੰਜਾਬ ਵਿੱਚ 34 ਫ਼ੀਸਦ ਕਿਸਾਨ ਅਤੇ 82 ਫ਼ੀਸਦ ਖੇਤ ਮਜ਼ਦੂਰ ਗ਼ਰੀਬੀ ਦੀ ਰੇਖਾ ਤੋਂ ਹੇਠਾਂ ਤੰਗੀਆਂ-ਤੁਰਸ਼ੀਆਂ ਵਾਲੀ ਜ਼ਿੰਦਗੀ ਜਿਊਣ ਲਈ ਮਜਬੂਰ ਹਨ।

ਪੰਜਾਬ ਵਿੱਚ ਪਿਛਲੇ ਇੱਕ ਦਹਾਕੇ ਦੌਰਾਨ ਕਿਸਾਨਾਂ ਦੀ ਗਿਣਤੀ ਵਿੱਚ 12 ਫ਼ੀਸਦ ਅਤੇ ਖੇਤ ਮਜ਼ਦੂਰਾਂ ਦੀ ਗਿਣਤੀ ਵਿੱਚ 21 ਫ਼ੀਸਦ ਕਮੀ ਆਈ ਹੈ.ਪੇਂਡੂ ਛੋਟੇ ਕਾਰੀਗਰਾਂ ਦੀ ਖੇਤੀਬਾੜੀ ਖੇਤਰ ਵਿੱਚ ਭਾਗੀਦਾਰੀ ਘਟੀ ਹੈ ਅਤੇ ਜਿਹੜੇ ਇਸ ਖੇਤਰ ਵਿੱਚ ਹਨ, ਉਨ੍ਹਾਂ ਦੀ ਹਾਲਤ ਬਹੁਤ ਤਰਸਯੋਗ ਹੈ। ਨਿਮਨ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਲਈ ਖੇਤੀਬਾੜੀ ਖੇਤਰ ਵਿੱਚ ਰੁਜ਼ਗਾਰ ਘਟਣ ਲਈ 'ਖੇਤੀਬਾੜੀ ਦੀ ਨਵੀਂ ਜੁਗਤ' ਦੇ ਪੈਕੇਜ ਵਿੱਚ ਸ਼ਾਮਲ ਮਸ਼ੀਨਰੀ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਪ੍ਰਮੁੱਖ ਤੌਰ ਉੱਤੇ ਜ਼ਿੰਮੇਵਾਰ ਹਨ।

ਭਾਰਤ ਸਮੇਤ ਪੰਜਾਬ ਵਿੱਚ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਵਰਗਾਂ ਦੀ ਸ਼ੁੱਧ ਆਮਦਨ ਘਟਣ ਦਾ ਇੱਕ ਪ੍ਰਮੁੱਖ ਕਾਰਨ ਕੇਂਦਰ ਸਰਕਾਰ ਦੀ ਖੇਤੀਬਾੜੀ ਕੀਮਤ ਨੀਤੀ ਹੈ। ਕੇਂਦਰ ਸਰਕਾਰ ਨੇ 1965 ਵਿੱਚ 'ਖੇਤੀਬਾੜੀ ਕੀਮਤਾਂ ਕਮਿਸ਼ਨ' ਦੀ ਸਥਾਪਨਾ ਕੀਤੀ। ਇਹ ਕਮਿਸ਼ਨ ਆਪਣੀ ਸਥਾਪਨਾ ਤੋਂ ਲੈ ਕੇ ਹੁਣ ਤੱਕ ਕੁਝ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਕੇਂਦਰ ਸਰਕਾਰ ਨੂੰ ਕਰਦਾ ਆ ਰਿਹਾ ਹੈ ਅਤੇ ਕੇਂਦਰ ਸਰਕਾਰ ਇਨ੍ਹਾਂ ਸਿਫ਼ਾਰਸ਼ਾਂ ਨੂੰ ਆਮ ਕਰਕੇ ਮਾਮੂਲੀ ਜਿਹੇ ਘਾਟੇ-ਵਾਧੇ ਨਾਲ ਮੰਨਦੀ ਆ ਰਹੀ ਹੈ।

ਸੰਨ 1965 ਤੋਂ 1969 ਤੱਕ ਦੇ 5 ਸਾਲਾਂ ਲਈ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਆਧਾਰ ਉੱਤੇ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਜਿਨਸਾਂ ਦੀਆਂ ਤੈਅ ਕੀਤੀਆਂ ਗਈਆਂ ਘੱਟੋ-ਘੱਟ ਸਮਰਥਨ ਕੀਮਤਾਂ ਖੇਤੀਬਾੜੀ ਖੇਤਰ ਦੇ ਹੱਕ ਵਿੱਚ ਸਨ। 1970 ਤੋਂ ਇਸ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਦੇ ਖੇਤੀਬਾੜੀ ਖੇਤਰ ਵਿਰੋਧੀ ਹੋਣ ਕਰਕੇ ਕੁਝ ਕਿਸਾਨ ਜਥੇਬੰਦੀਆਂ ਅਤੇ ਰਾਜ ਸਰਕਾਰਾਂ ਵੱਲੋਂ ਇਸ ਕਮਿਸ਼ਨ ਦੀ ਤਿੱਖੀ ਨੁਕਤਾਚੀਨੀ ਸ਼ੁਰੂ ਹੋ ਗਈ ਜਿਸ ਦਾ ਆਧਾਰ ਇਹ ਸੀ ਕਿ ਇਹ ਕਮਿਸ਼ਨ ਆਪਣੀਆਂ

**ਬਾਕੀ ਸਫ਼ਾ 31 'ਤੇ**

# ਮੈਂ ਕਤਲ ਕਰਨ ਤੋਂ ਇਨਕਾਰ ਕਰਦਾ ਹਾਂ...

**ਹਰੀਸ਼ ਖਰੇ**
(ਈਮੇਲ: kaffeeklatsch@tribuneindia.com)



ਸਾਡੇ ਕੌਮੀ ਜੀਵਨ ਵਿੱਚ ਘਟਨਾਵਾਂ ਅਜਿਹੇ ਤਰੀਕੇ ਨਾਲ ਵਾਪਰਨ ਲੱਗੀਆਂ ਹਨ ਕਿ ਸਾਨੂੰ ਛੋਟੀਆਂ ਛੋਟੀਆਂ ਮਿਹਰਾਂ ਨਾਲ ਹੀ ਸੰਤੁਸ਼ਟ ਮਹਿਸੂਸ ਕਰਵਾਇਆ ਜਾ ਰਿਹਾ ਹੈ। ਦੇਸ਼ ਵਿੱਚ ਇਸ ਗੱਲੋਂ ਰਾਹਤ ਅਤੇ ਸ਼ੁਕਰਾਨੇ ਦੀ ਭਾਵਨਾ ਹੈ ਕਿ ਪ੍ਰਧਾਨ ਮੰਤਰੀ ਗਊ ਰੱਖਿਆ ਦੇ ਨਾਂ 'ਤੇ ਇੱਕ ਖ਼ਾਸ ਫ਼ਿਰਕੇ ਦੇ ਲੋਕਾਂ ਨੂੰ ਕੋਹ ਕੋਹ ਕੇ ਮਾਰਨ ਦੇ ਸਭਿਆਚਾਰ ਦੇ ਪਸਾਰ ਬਾਰੇ ਆਖਿਰ ਕੁਝ ਤਾਂ ਬੋਲੇ ਹਨ। ਸਾਰੇ 'ਆਧੁਨਿਕਤਾਵਾਦੀਆਂ' ਨੇ ਸੁੱਖ ਦਾ ਸਾਹ ਲਿਆ ਹੈ ਕਿ ਪ੍ਰਧਾਨ ਮੰਤਰੀ ਨੇ ਆਖਿਰ ਮੂੰਹ ਤਾਂ ਖੋਲ੍ਹਿਆ ਹੈ। ਅਜਿਹਾ ਹੋਣ ਨਾਲ ਉਨ੍ਹਾਂ ਦੀ ਜ਼ਮੀਰ ਨੂੰ ਬੋਝ ਤੋਂ ਮੁਕਤੀ ਮਿਲ ਗਈ। ਸਿਵਲ ਸੁਸਾਇਟੀ ਵਿੱਚ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਨੌਟ ਇਨ ਮਾਈ ਨੇਮ' ਦੇ ਝੰਡੇ ਹੇਠ ਦੇਸ਼ ਵਿਆਪੀ ਰੋਸ ਪ੍ਰਦਰਸ਼ਨਾਂ ਦੇ ਹੁੰਗਾਰੇ ਵਜੋਂ ਪ੍ਰਧਾਨ ਮੰਤਰੀ ਨੇ ਗਊ ਰੱਖਿਅਕਾਂ ਦੀਆਂ ਅਜਿਹੀਆਂ ਕਾਰਵਾਈਆਂ ਬਰਦਾਸ਼ਤ ਨਾ ਹੋਣ ਦੀ ਗੱਲ ਆਖੀ।

ਮੇਰਾ ਖ਼ੁਦ ਦਾ ਮੰਨਣਾ ਇਹ ਹੈ ਕਿ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਮੌਕੇ ਪ੍ਰਧਾਨ ਮੰਤਰੀ ਨੇ ਜੋ ਸੁਣਿਆ, ਸ਼ਾਇਦ ਉਸ ਕਰਕੇ ਹੀ ਉਹ ਇਹ ਗੱਲ ਆਖਣ ਲਈ ਮਜਬੂਰ ਹੋ ਗਏ ਜੋ ਉਨ੍ਹਾਂ ਨੇ ਸਾਬਰਮਤੀ ਆਸ਼ਰਮ ਵਿੱਚ ਆਖੀ। ਅਮਰੀਕੀ ਕੰਪਨੀਆਂ ਦੇ ਗੁਸਤਾਖ਼ ਸੀਈਓਜ਼ ਦਾ ਭਾਰਤੀ ਪ੍ਰਧਾਨ ਮੰਤਰੀ ਨੂੰ ਇਹ ਆਖਣਾ ਸੁਭਾਵਿਕ ਤੇ ਸਾਧਾਰਨ ਗੱਲ ਹੋਵੇਗਾ: 'ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਮੁਲਕ ਵਿੱਚ ਆਪਣੇ ਵਪਾਰਕ ਅਦਾਰੇ ਸਥਾਪਿਤ ਕਰੀਏ ਤਾਂ ਕੋਹ ਕੋਹ ਕੇ ਮਾਰਨ ਦੇ ਇਸ ਦੌਰ ਨੂੰ ਬੰਦ ਕਰਵਾਉ।' ਮੁਸਲਮਾਨਾਂ ਨੂੰ ਮਾਰਨ ਦਾ ਰੁਝਾਨ ਡੋਨਲਡ ਟਰੰਪ ਪ੍ਰਸ਼ਾਸਨ ਦੇ ਅੰਦਰੂਨੀ ਤੁਅੱਸਬ ਨੂੰ ਸ਼ਾਇਦ ਸੂਤ ਬੈਠਦਾ ਹੋਵੇ, ਪਰ ਹੋਰ ਕਾਰੋਬਾਰੀਆਂ ਵਾਂਗ ਹੀ ਸ਼ਾਇਦ ਅਮਰੀਕੀ ਕਾਰੋਬਾਰੀ ਵੀ ਅੰਦਰੂਨੀ ਕਲੇਸ਼ ਵਾਲੇ ਕਿਸੇ ਮੁਲਕ ਵਿੱਚ ਨਿਵੇਸ਼ ਕਰਨ ਤੋਂ ਸੰਕੋਚ ਹੀ ਕਰਨਗੇ। ਇਹ ਆਮ ਰੁਝਾਨ ਵੀ ਹੈ ਤੇ ਨੈਤਿਕ ਤੌਰ 'ਤੇ ਅਜਿਹਾ ਕਰਨਾ ਲਾਜ਼ਮੀ ਵੀ ਹੈ।

ਮਿਸਾਲ ਵਜੋਂ, ਵਿੱਤ ਮੰਤਰੀ ਅਰੁਣ ਜੇਤਲੀ ਦਾ ਇਹ ਕਹਿਣਾ ਦਰੁਸਤ ਹੈ ਕਿ ਹੁਣ ਸਮਾਂ ਆ ਗਿਆ ਹੈ ਕਿ ਸਾਡੇ ਦੇਸ਼ ਦੇ ਨਾਗਰਿਕ, ਟੈਕਸ ਅਦਾ ਕਰਨ ਦਾ ਸਭਿਆਚਾਰ ਵਿਕਸਤ ਕਰਨ। ਇਹ ਆਧੁਨਿਕ ਇਸਰਾਰ ਹੈ। ਟੈਕਸ ਲਾਉਣ ਦੀ ਸ਼ਕਤੀ ਦੇ ਨਾਲ ਨਾਲ ਟੈਕਸ ਅਦਾ ਕਰਨ ਦੀ ਜ਼ਿੰਮੇਵਾਰੀ ਕਾਨੂੰਨੀ ਉਚਿਤਤਾ ਦੇ ਵਡੇਰੇ ਆਧੁਨਿਕ ਢਾਂਚੇ ਦੀ ਉਪਜ ਹੈ। ਕਾਨੂੰਨ ਦੀ ਪਾਲਣਾ ਹੋਣੀ ਚਾਹੀਦੀ ਹੈ। ਪਰ ਇੱਕ ਹਜੂਮ ਵੱਲੋਂ ਖ਼ਾਸ ਫ਼ਿਰਕੇ ਦੇ ਲੋਕਾਂ ਨੂੰ ਮਾਰਨ ਦਾ ਰੁਝਾਨ, ਅਤੇ ਬੜੇ ਖ਼ਾਮੋਸ਼ ਢੰਗ ਨਾਲ ਅਜਿਹੇ ਜੁਰਮ ਨੂੰ ਪਚਾਉਣ ਦੀ ਬਿਰਤੀ, ਅਰੁਣ ਜੇਤਲੀ ਦੀ ਦਲੀਲ ਅਤੇ ਮੰਗ ਨਾਲ ਮੇਲ ਨਹੀਂ ਖਾਂਦੀ। ਫਿਰ ਵੀ ਇਹ ਗੱਲ ਸ਼ਲਾਘਾਯੋਗ ਸੀ ਕਿ ਭਾਰਤ ਵਿਚਲੇ ਬਹੁਤ ਸਾਰੇ ਲੋਕ ਅਤੇ ਕੁਝ ਪਰਵਾਸੀ ਭਾਰਤੀ ਵੀ 'ਨੌਟ ਇਨ ਮਾਈ ਨੇਮ' ਪ੍ਰਦਰਸ਼ਨ ਵਿੱਚ ਸ਼ਾਮਲ ਹੋਏ। ਇਹ ਹੌਸਲਾ ਦੇਣ ਅਤੇ ਮੁੜ ਭਰੋਸਾ ਦਿਵਾਉਣ ਵਾਲੀ ਗੱਲ ਸੀ ਕਿ ਸਮਾਜ ਦੇ ਵੱਡੇ ਵਰਗਾਂ ਨੇ ਹਿੰਦੂ 'ਭਾਵਨਾਵਾਂ' ਦੇ ਨਾਮ ਉੱਤੇ ਕੀਤੀਆਂ ਜਾ ਰਹੀਆਂ ਮੰਗਾਂ ਅਤੇ ਹਿੰਸਾ ਅੱਗੇ ਹਾਲੇ ਹਾਰ ਨਹੀਂ ਮੰਨੀ।

ਜੰਤਰ ਮੰਤਰ 'ਤੇ ਇਕਮੁੱਠਤਾ ਦਾ ਪ੍ਰਦਰਸ਼ਨ ਕਰਨਾ ਅਹਿਮ ਸੀ ਕਿਉਂਕਿ ਅਸੀਂ ਸੰਗਠਿਤ ਰੂਪ ਵਿੱਚ ਪ੍ਰਾਚੀਨ ਕਬਾਇਲੀ ਮਾਨਸਿਕਤਾ ਵੱਲ ਸਰਕਦੇ ਜਾਣ ਦੀ ਬਿਰਤੀ ਦੇ ਗਵਾਹ ਹਾਂ। ਬਹੁਗਿਣਤੀ ਦੇ ਸਨਮਾਨ ਅਤੇ ਪੂਰਵ-ਅਨੁਮਾਨਿਤ ਸਭਿਆਚਾਰਕ ਤਰਜੀਹਾਂ ਦੇ ਨਾਮ ਉੱਤੇ ਸੰਗਠਿਤ ਅਨਸਰਾਂ ਦੀ ਘਿਨਾਉਣੀ ਊਰਜਾ ਨੂੰ 'ਸਤਿਕਾਰਿਆ' ਜਾ ਰਿਹਾ ਹੈ। ਮਨੋਵਿਕਾਰਾਂ ਅਤੇ ਬੇਥ੍ਹਵੇਪਣ ਦੀ 'ਨਵੀਂ ਸਾਧਾਰਨਤਾ' ਵਜੋਂ ਵਿਆਖਿਆ ਕੀਤੀ ਜਾ ਰਹੀ ਹੈ। ਮਾਰਨ ਦੀ ਇਹ ਖਾਰਿਸ਼ਨੁਮਾ ਚਾਹਤ, ਛੂਤ ਦਾ ਰੋਗ ਬਣਦੀ ਜਾ ਰਹੀ ਹੈ।

ਹਿੰਦੂਆਂ ਲਈ ਰੇਲ ਗੱਡੀ ਦੇ ਸਫ਼ਰ ਦੌਰਾਨ ਛੁਰੀਆਂ ਲੈ ਕੇ ਜਾਣਾ ਕਦੋਂ ਕੁ ਤੋਂ 'ਸਾਧਾਰਨ' ਗੱਲ ਹੋ ਗਿਆ ਹੈ? ਅਤੇ ਜੇ ਇਹ ਸੀਟਾਂ ਨੂੰ ਲੈ ਕੇ ਹੋਇਆ ਵਿਵਾਦ ਹੀ ਸੀ ਤਾਂ ਵੀ ਆਪਣੇ ਮੁਸਲਿਮ ਸਹਿਯਾਤਰੀ ਨੂੰ ਛੁਰੇ ਨਾਲ ਮਾਰ ਦੇਣਾ ਇੱਕ ਹਿੰਦੂ ਲਈ ਕਿਸ ਨੇ 'ਸਾਧਾਰਨ ਕਾਰਾ' ਬਣਾਇਆ ਹੈ?




**ਮੇਰਾ ਖ਼ੁਦ ਦਾ ਮੰਨਣਾ ਇਹ ਹੈ ਕਿ ਕੁਝ ਦਿਨ ਪਹਿਲਾਂ ਆਪਣੇ ਅਮਰੀਕਾ ਦੌਰੇ ਮੌਕੇ ਪ੍ਰਧਾਨ ਮੰਤਰੀ ਨੇ ਜੋ ਸੁਣਿਆ, ਸ਼ਾਇਦ ਉਸ ਕਰਕੇ ਹੀ ਉਹ ਇਹ ਗੱਲ ਆਖਣ ਲਈ ਮਜਬੂਰ ਹੋ ਗਏ ਜੋ ਉਨ੍ਹਾਂ ਨੇ ਸਾਬਰਮਤੀ ਆਸ਼ਰਮ ਵਿੱਚ ਆਖੀ। ਅਮਰੀਕੀ ਕੰਪਨੀਆਂ ਦੇ ਗੁਸਤਾਖ਼ ਸੀਈਓਜ਼ ਦਾ ਭਾਰਤੀ ਪ੍ਰਧਾਨ ਮੰਤਰੀ ਨੂੰ ਇਹ ਆਖਣਾ ਸੁਭਾਵਿਕ ਤੇ ਸਾਧਾਰਨ ਗੱਲ ਹੋਵੇਗਾ: 'ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਤੁਹਾਡੇ ਮੁਲਕ ਵਿੱਚ ਆਪਣੇ ਵਪਾਰਕ ਅਦਾਰੇ ਸਥਾਪਿਤ ਕਰੀਏ ਤਾਂ ਕੋਹ ਕੋਹ ਕੇ ਮਾਰਨ ਦੇ ਇਸ ਦੌਰ ਨੂੰ ਬੰਦ ਕਰਵਾਉ।' ਮੁਸਲਮਾਨਾਂ ਨੂੰ ਮਾਰਨ ਦਾ ਰੁਝਾਨ ਡੋਨਲਡ ਟਰੰਪ ਪ੍ਰਸ਼ਾਸਨ ਦੇ ਅੰਦਰੂਨੀ ਤੁਅੱਸਬ ਨੂੰ ਸ਼ਾਇਦ ਸੂਤ ਬੈਠਦਾ ਹੋਵੇ, ਪਰ ਹੋਰ ਕਾਰੋਬਾਰੀਆਂ ਵਾਂਗ ਹੀ ਸ਼ਾਇਦ ਅਮਰੀਕੀ ਕਾਰੋਬਾਰੀ ਵੀ ਅੰਦਰੂਨੀ ਕਲੇਸ਼ ਵਾਲੇ ਕਿਸੇ ਮੁਲਕ ਵਿੱਚ ਨਿਵੇਸ਼ ਕਰਨ ਤੋਂ ਸੰਕੋਚ ਹੀ ਕਰਨਗੇ। ਇਹ ਆਮ ਰੁਝਾਨ ਵੀ ਹੈ ਤੇ ਨੈਤਿਕ ਤੌਰ 'ਤੇ ਅਜਿਹਾ ਕਰਨਾ ਲਾਜ਼ਮੀ ਵੀ ਹੈ।**

ਅਸੀਂ ਸਿਰਫ਼ ਉਮੀਦ ਹੀ ਕਰ ਸਕਦੇ ਹਾਂ ਕਿ ਪ੍ਰਧਾਨ ਮੰਤਰੀ ਵੱਲੋਂ ਪਾਈ ਗਈ ਫਿਟਕਾਰ 'ਤੇ ਕੰਨ ਧਰਿਆ ਜਾਵੇਗਾ। ਸਿਆਸੀ ਆਗੂ ਸ਼ਾਇਦ ਕਦੇ ਵੀ ਇਹ ਨਹੀਂ ਸਮਝਣਗੇ ਕਿ ਬੁਰਾਈ ਨੂੰ ਉਪਜਾਉਣਾ ਉਕਸਾਉਣਾ ਕਿੰਨਾ ਸੌਖਾ ਹੈ ਅਤੇ ਇੱਕ ਵਾਰ ਭੜਕਣ 'ਤੇ ਇਸ ਨੂੰ ਕਾਬੂ ਕਰਨਾ ਕਿੰਨਾ ਔਖਾ ਹੈ।

**ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਦੀ ਆਤਮਕਥਾ**

ਰਘੂਰਾਮ ਰਾਜਨ ਦੇ ਕਿਸੇ ਰੌਕ ਸਟਾਰ ਵਰਗੀ ਆਕਰਸ਼ਕ ਸ਼ਖ਼ਸੀਅਤ ਨਾਲ ਮੱਲੋਜ਼ੋਰੀ ਸਾਡੇ ਦੇਸ਼ ਦੇ ਲੋਕਾਂ ਦਾ ਧਿਆਨ ਖਿੱਚਣ ਤੋਂ ਪਹਿਲਾਂ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੇ ਸਾਰੇ ਗਵਰਨਰਾਂ ਨੇ ਸੰਜੀਦਾ, ਇੱਥੋਂ ਤਕ ਕਿ ਅਕਾਊ, ਰੰਗ-ਢੰਗ ਦਿਖਾਉਣ ਨੂੰ ਤਰਜੀਹ ਦਿੱਤੀ। ਪਰ ਇਸ ਦਾ ਭਾਵ ਇਹ ਨਹੀਂ ਕਿ ਇਹ ਅਹੁਦਾ ਕਿਸੇ ਕੈਬਨਿਟ ਮੰਤਰੀ ਨਾਲੋਂ ਘੱਟ ਆਕਰਸ਼ਕ ਅਤੇ ਪ੍ਰਭਾਵਸ਼ਾਲੀ ਸੀ। ਪੈਸਾ ਤਾਂ ਸਗੋਂ ਤਾਕਤ ਦੀ ਸਭ ਤੋਂ ਪ੍ਰਬਲ, ਸਭ ਤੋਂ ਦਮਨਕਾਰੀ ਅਤੇ ਸਭ ਤੋਂ ਵੱਧ ਭ੍ਰਿਸ਼ਟ ਕਰ ਦੇਣ ਵਾਲੀ ਮੁਦਰਾ ਹੈ। ਕਿਸੇ ਰਾਜ ਵਿੱਚ ਖ਼ਜ਼ਾਨੇ ਨੂੰ - ਬਾਦਸ਼ਾਹ, ਉਸ ਦੇ ਜਰਨੈਲਾਂ ਅਤੇ ਦਰਬਾਰੀਆਂ ਤੋਂ ਵੀ- ਸੁਰੱਖਿਅਤ ਰੱਖਣਾ ਸਭ ਤੋਂ ਨਿਰਣਾਕਾਰੀ ਕੰਮ ਹੁੰਦਾ ਹੈ। ਆਧੁਨਿਕ ਮੁਹਾਵਰੇ ਵਿੱਚ ਗੱਲ ਕਰੀਏ ਤਾਂ ਭਾਰਤੀ ਰਿਜ਼ਰਵ ਬੈਂਕ ਨੂੰ ਉਨ੍ਹਾਂ ਖ਼ਮਦਾਰ ਕਾਰੋਬਾਰੀਆਂ ਤੇ ਬੈਂਕਰਾਂ ਨਾਲੋਂ ਇੱਕ ਕਦਮ ਅਗਾਂਹ ਹੋਣਾ ਪਵੇਗਾ ਜੋ ਅਕਸਰ ਘਾਗ ਤੇ ਕੁਟਿਲ ਸਿਆਸਤਦਾਨਾਂ ਨਾਲ ਮਿਲੇ ਹੋਏ ਹੁੰਦੇ ਹਨ।




ਇਸੇ ਸੰਦਰਭ ਵਿੱਚ ਮੈਂ ਆਰਬੀਆਈ ਦੇ ਸਾਬਕਾ ਗਵਰਨਰ ਵਾਈ ਵੀ ਰੈੱਡੀ ਦੀ ਆਤਮਕਥਾ 'ਐਡਵਾਈਸ ਐਂਡ ਡਿਸੈਂਟ' ਪੜ੍ਹੀ। (ਮੈਂ ਇਸ ਪੁਸਤਕ ਪ੍ਰਤੀ ਆਕਰਸ਼ਿਤ ਸਾਂ ਕਿਉਂਕਿ ਮੈਨੂੰ ਇਸ ਦਾ ਸਿਰਲੇਖ ਐਲਨ ਡਰੂਅਰੀ ਦੇ ਪ੍ਰਸਿੱਧ ਨਾਵਲ 'ਐਡਵਾਈਸ ਐਂਡ ਕੌਨਸੈਂਟ' ਦੇ ਸ਼ਬਦਾਂ ਦਾ ਸਪੱਸ਼ਟ ਹੇਰ-ਫੇਰ ਜਾਪਿਆ ਸੀ)। ਇੱਕ ਬੈਂਕਰ ਹੋਣ ਦੇ ਬਾਵਜੂਦ ਗਵਰਨਰ ਰੈੱਡੀ ਵਧੀਆ ਅਤੇ ਸਪੱਸ਼ਟਤਾਪੂਰਵਕ ਲਿਖਦੇ ਹਨ। ਅਤੇ ਉਨ੍ਹਾਂ ਨੂੰ ਬਹੁਤਾ ਕੁਝ ਆਖੇ ਬਿਨਾਂ ਵੀ ਬਹੁਤ ਕੁਝ ਕਹਿਣ ਦਾ ਵੱਲ ਆਉਂਦਾ ਹੈ। ਸਾਰੇ ਲੇਖਕਾਂ ਵਿੱਚ ਇਹ ਖ਼ੂਬੀ ਨਹੀਂ ਹੁੰਦੀ।

ਆਰਬੀਆਈ ਦੇ ਹਰ ਗਵਰਨਰ ਬਾਰੇ ਲਗਾਤਾਰ ਖਿਝਾਉਣ ਵਾਲਾ ਸਵਾਲ ਇੱਕੋ ਸ਼ਬਦ 'ਤੇ ਆ ਕੇ ਰੁਕਦਾ ਹੈ: ਖ਼ੁਦਮੁਖਤਾਰੀ। ਭਾਰਤ ਵਿੱਚ ਸੰਸਥਾਵਾਂ ਨੂੰ ਖ਼ੁਦਮੁਖਤਾਰੀ, ਆਜ਼ਾਦਾਨਾ ਅਤੇ ਪੇਸ਼ੇਵਾਰਾਨਾ ਢੰਗ ਨਾਲ ਕੰਮ ਕਰਨ ਦੇਣ ਦਾ ਸਭਿਆਚਾਰ ਨਹੀਂ ਹੈ। ਦਖ਼ਲਅੰਦਾਜ਼ੀ ਅਤੇ ਕੰਟਰੋਲ ਕਰਨ ਦੀ ਖੁਜਲੀ ਆਧੁਨਿਕ ਭਾਰਤ ਦੀ ਤਬਾਹੀ ਦਾ ਕਾਰਨ ਹੈ।

ਭਾਰਤੀ ਰਿਜ਼ਰਵ ਬੈਂਕ ਇੱਕ ਅਜਿਹੀ ਸੰਸਥਾ ਹੈ ਜਿਸ ਦੀ 'ਸੰਸਥਾਗਤ' ਖ਼ੁਦਮੁਖਤਾਰੀ ਨੂੰ ਤਿਆਗਣਾ, ਇਸ ਵਿੱਚ ਵਾਧਾ ਕਰਨਾ ਜਾਂ ਭਾਰਤ ਦੇ ਵਿੱਤ ਮੰਤਰੀ ਤੋਂ ਲੈ ਕੇ ਹੋਰ ਕਈ ਖਿਡਾਰੀਆਂ ਵੱਲੋਂ ਲਾਜ਼ਮੀ ਤੌਰ 'ਤੇ ਕੀਤੀ ਜਾਂਦੀ ਨਾਜਾਇਜ਼ ਦਖ਼ਲਅੰਦਾਜ਼ੀ ਤੋਂ ਇਸ ਦੀ ਰੱਖਿਆ ਕਰਨਾ ਪੂਰੀ ਤਰ੍ਹਾਂ ਆਰਬੀਆਈ ਗਵਰਨਰ 'ਤੇ ਨਿਰਭਰ ਕਰਦਾ ਹੈ। ਗਵਰਨਰ ਰੈੱਡੀ ਇਸ਼ਾਰਾ ਕਰਦੇ ਹਨ ਕਿ ਮਜ਼ਬੂਤ ਤਕਨੀਕੀ ਸਮਰੱਥਾ, ਪੇਸ਼ੇਵਾਰਾਨਾ ਮੁਹਾਰਤ ਅਤੇ ਸੰਸਥਾਗਤ ਯਾਦ ਆਰਬੀਆਈ ਦੀਆਂ ਸ਼੍ਰੇਸ਼ਠਤਾਵਾਂ ਹਨ। ਫਿਰ ਵੀ ਇਸ ਦੀ ਨਿਗਾਹਬਾਨੀ ਲਈ ਚੌਕਸ ਗਵਰਨਰ ਦੀ ਲੋੜ ਹੈ।

ਇਹ ਖ਼ੁਦਮੁਖਤਾਰੀ ਨਾ ਤਾਂ ਸਨਕ ਹੈ ਤੇ ਨਾ ਹੀ ਖ਼ਬਤ। ਇਸ ਖ਼ੁਦਮੁਖਤਾਰੀ ਲਈ ਇੱਕ ਅਹਿਮ ਤਰਕ ਹੈ ਅਤੇ ਗਵਰਨਰ ਰੈੱਡੀ ਸੰਖੇਪਤਾ ਨਾਲ ਇਸ ਦੀ ਵਿਆਖਿਆ ਕਰਦੇ ਹਨ: "ਬਾਜ਼ਾਰਮੁਖੀ ਅਰਥਚਾਰਿਆਂ ਦੀਆਂ ਸਰਕਾਰਾਂ ਕੇਂਦਰੀ ਬੈਂਕਾਂ ਨੂੰ ਆਜ਼ਾਦ ਅਤੇ ਗ਼ੈਰਸਿਆਸੀ ਦਿਖਾਉਣਾ ਚਾਹੁੰਦੀਆਂ ਹਨ। ਫਲਸਫਾ ਇਹ ਹੈ ਕਿ ਪੈਸਾ ਬਣਾਉਣ ਵਾਲੀ ਅਥਾਰਟੀ ਪੈਸਾ ਉਧਾਰ ਲੈ ਕੇ ਖ਼ਰਚਣ ਵਾਲੀ ਅਥਾਰਟੀ ਭਾਵ ਸਰਕਾਰ ਤੋਂ ਸਿਧਾਂਤਕ ਤੌਰ 'ਤੇ ਆਜ਼ਾਦ ਹੋਣੀ ਚਾਹੀਦੀ ਹੈ।" ਹਰ ਗਵਰਨਰ ਇਸ ਅਹੁਦੇ 'ਤੇ ਆਪਣੀਆਂ ਧਾਰਨਾਵਾਂ, ਵਿਸ਼ਵਾਸਾਂ, ਕਦਰਾਂ-ਕੀਮਤਾਂ, ਸਿਧਾਂਤਾਂ ਅਤੇ ਤੱਥਾਂ ਦੀ ਜਾਣਕਾਰੀ ਅਤੇ ਨਿੱਜੀ ਦਿਆਨਤਦਾਰੀ ਲੈ ਕੇ ਆਉਂਦਾ ਹੈ। ਡਾ. ਰੈੱਡੀ ਸਾਨੂੰ ਇਹ ਵਿਸ਼ਵਾਸ ਦਿਵਾਉਣਾ ਪਸੰਦ ਕਰਨਗੇ ਕਿ ਹਾਲੇ ਤਕ ਇਹ ਵਧੀਆ ਰਹੀ ਹੈ ਅਤੇ ਅਸੀਂ ਇਸ ਧਾਰਨਾ ਨੂੰ ਮੰਨ ਕੇ ਹੀ ਖ਼ੁਸ਼ ਰਹਾਂਗੇ।

ਆਰਬੀਆਈ ਦੀਆਂ ਨੀਤੀਗਤ ਕਾਰਵਾਈਆਂ ਕਿਸੇ ਨੂੰ 'ਕਮਾਊ' ਤੇ ਕਿਸੇ ਨੂੰ 'ਗੁਆਊ' ਬਣਾਉਂਦੀਆਂ ਹਨ। ਇਸ ਲਈ ਸੁਭਾਵਿਕ ਹੈ ਕਿ ਕਈ ਲੌਬੀਆਂ ਉਨ੍ਹਾਂ ਕਾਰਵਾਈਆਂ ਨੂੰ ਪ੍ਰਭਾਵਿਤ ਕਰਨਾ ਲੋਚਦੀਆਂ ਹੋਣ। ਇਨ੍ਹਾਂ ਲੌਬੀਆਂ ਉੱਤੇ ਇਖਲਾਕੀ ਵਿਚਾਰਾਂ ਦੀ ਅਕਸਰ ਕੋਈ ਬੰਦਿਸ਼ ਨਹੀਂ ਹੁੰਦੀ। ਅਜਿਹੇ ਸਮਿਆਂ 'ਤੇ ਹੀ ਗਵਰਨਰ ਦੀ ਪਰਖ ਹੁੰਦੀ ਹੈ। ਪਰ ਭਾਰਤ ਬਹੁਤ ਹੀ ਜ਼ਿਆਦਾ ਖ਼ੁਸ਼ਕਿਸਮਤ ਰਿਹਾ ਹੈ ਕਿ ਇਸ ਨੂੰ ਸਦਾ ਅਜਿਹੇ ਗਵਰਨਰ ਮਿਲੇ ਜਿਨ੍ਹਾਂ ਨੇ ਬੈਂਕ ਦੀ ਖ਼ੁਦਮੁਖਤਾਰੀ ਦੀ ਰੱਖਿਆ ਕੀਤੀ ਅਤੇ ਆਪਣਾ ਨੈਤਿਕ ਕੱਦ ਵਧਾਇਆ।

**ਦਾਗ਼ੀ ਕੀਤੇ ਮੱਥੇ, ਅਛੂਤ ਬਣਾਏ ਲੋਕ..**

ਆਉ ਇਸ ਨੂੰ ਡਗਸ਼ਈ ਸਿੰਡਰੋਮ ਹੀ ਕਹਿ ਲਈਏ ਜੋ ਅਪਰਾਧੀਆਂ ਨੂੰ ਦਾਗ਼ਣ ਦੀ ਜ਼ਾਲਮਾਨਾ ਰਵਾਇਤ ਸੀ। ਮੈਂ ਕਸੌਲੀ ਦੀ ਆਪਣੀ ਹਾਲੀਆ ਫੇਰੀ ਮੌਕੇ ਡਗਸ਼ਈ ਛਾਉਣੀ ਗਿਆ ਜੋ ਸੰਨ 1847 ਵਿੱਚ ਸਥਾਪਿਤ ਕੀਤੀ ਗਈ ਹੋਣ ਸਦਕਾ ਆਪਣੀ ਕਿਸਮ ਦੀਆਂ ਸਭ ਤੋਂ ਪੁਰਾਣੀਆਂ ਫ਼ੌਜੀ ਛਾਉਣੀਆਂ ਵਿੱਚੋਂ ਇੱਕ ਹੈ। ਆਰਮੀ ਪਬਲਿਕ ਸਕੂਲ ਵੱਲੋਂ ਲਾਏ ਗਏ ਇੱਕ ਬੋਰਡ ਤੋਂ ਜਾਣਕਾਰੀ ਮਿਲਦੀ ਹੈ ਕਿ 'ਡਗਸ਼ਈ' ਨਾਂ 'ਦਾਗ-ਏ-ਸ਼ਾਹੀ' ਆਖੀ ਗਈ ਜਾਂਦੀ ਇੱਕ ਮੁਗ਼ਲ ਰੀਤ ਤੋਂ ਪਿਆ ਹੈ ਜਿਸ ਵਿੱਚ 'ਕੈਦੀਆਂ ਦਾ ਮੱਥਾ ਗਰਮ ਲੋਹ ਸੀਖ਼ ਨਾਲ ਦਾਗ਼ ਦੇ ਕੇ ਉਨ੍ਹਾਂ ਨੂੰ ਇੱਥੇ ਲਿਆਂਦਾ ਜਾਂਦਾ ਸੀ।'

ਹੁਣ ਸਾਡੇ ਦੇਸ਼ ਵਿੱਚ ਇਸ ਦਾ ਆਧੁਨਿਕ ਰੂਪ ਪ੍ਰਚੱਲਿਤ ਹੈ। ਰਾਜਸਥਾਨ ਵਿੱਚ ਸਥਾਨਕ ਅਧਿਕਾਰੀ ਬੀਪੀਐੱਲ (ਗ਼ਰੀਬੀ ਰੇਖਾ ਤੋਂ ਹੇਠਾਂ) ਪਰਿਵਾਰਾਂ ਨੂੰ ਆਪਣੇ ਘਰਾਂ ਵਿੱਚ ਇਹ ਸ਼ਬਦ ਲਿਖ ਕੇ, ਕਿ ਉਹ ਗ਼ਰੀਬ ਹਨ ਅਤੇ ਕੌਮੀ ਭੋਜਨ ਸੁਰੱਖਿਆ ਕਾਨੂੰਨ ਤਹਿਤ ਅਨਾਜ ਲੈਂਦੇ ਹਨ, ਪੂਰੀ ਦੁਨੀਆਂ ਵਿੱਚ ਢਿੰਡੋਰਾ ਪਿੱਟਣ ਲਈ ਮਜਬੂਰ ਕਰਕੇ ਉਨ੍ਹਾਂ ਨੂੰ ਇੱਕ ਤਰ੍ਹਾਂ 'ਦਾਗ਼' ਦੇ ਰਹੇ ਹਨ।

ਇਹ ਅਸੰਵੇਦਨਸ਼ੀਲਤਾ ਪ੍ਰਤੱਖ ਹੈ। ਮੱਧ ਪ੍ਰਦੇਸ਼ ਦੇ ਕੁਝ ਜ਼ਿਲ੍ਹਿਆਂ ਵਿੱਚ ਵੀ ਅਜਿਹੀਆਂ ਮੰਗਾਂ ਕੀਤੇ ਜਾਣ ਦੀਆਂ ਖ਼ਬਰਾਂ ਹਨ। ਆਜ਼ਾਦੀ ਦੇ ਸੱਤਰ ਸਾਲਾਂ ਬਾਅਦ ਵੀ ਇਹੋ ਜਿਹੀ ਜ਼ਿੱਲਤ!

ਸਰਕਾਰੀ ਤਰਕ ਇਹ ਹੈ ਕਿ ਯੋਗ ਦਾਅਵੇਦਾਰਾਂ ਵਿੱਚੋਂ ਝੂਠੇ ਤੇ ਜਾਅਲੀ ਦਾਅਵੇਦਾਰ ਨੂੰ ਕੱਢਣ ਲਈ ਅਜਿਹੀਆਂ ਅਪਮਾਨਜਨਕ ਕਾਰਵਾਈਆਂ ਜ਼ਰੂਰੀ ਹਨ। ਧਿਆਨ ਦੇਣ ਯੋਗ ਗੱਲ ਸਿਰਫ਼ ਇਹ ਹੈ ਕਿ ਕੇਂਦਰ ਅਤੇ ਸੂਬਾਈ ਸਰਕਾਰਾਂ ਅਮੀਰ ਅਤੇ ਸ਼ਕਤੀਸ਼ਾਲੀ ਅਪਰਾਧੀਆਂ ਦੇ ਨਾਂ ਲੈ ਕੇ ਉਨ੍ਹਾਂ ਨੂੰ ਸ਼ਰਮਿੰਦਾ ਕਰਨ ਦਾ ਹੌਸਲਾ ਕਦੇ ਵੀ ਨਹੀਂ ਕਰਦੀਆਂ।

**ਮਨਾਂ ਚੋਂ ਵਿਸਾਰਿਆ ਜਰਨੈਲ**

ਸਾਬਕਾ ਫ਼ੌਜੀ ਮੇਜਰ (ਸੇਵਾਮੁਕਤ) ਗੁਰਦੀਪ ਸਮਰਾ ਨੇ ਪ੍ਰਮਾਣਕ ਫ਼ੌਜੀ ਨਾਇਕ, ਫੀਲਡ ਮਾਰਸ਼ਲ ਸੈਮ ਮਾਣਕਸ਼ਾਅ ਪ੍ਰਤੀ ਮੀਡੀਆ ਦੇ ਵਿਰੂਪ ਅਤੇ ਪੱਖਪਾਤੀ ਰਵੱਈਏ ਉੱਤੇ ਅਫ਼ਸੋਸ ਜ਼ਾਹਿਰ ਕਰਨ ਲਈ ਲਿਖਿਆ। ਸੇਵਾਮੁਕਤ ਮੇਜਰ ਆਖਦਾ ਹੈ ਕਿ 27 ਜੂਨ ਨੂੰ ਇਸ ਮਹਾਨ ਸੈਨਿਕ ਦੀ ਬਰਸੀ ਸੀ, ਪਰ "ਕਿਸੇ ਵੀ ਅਖ਼ਬਾਰ ਵਿੱਚ ਜਾਂ ਉੱਚੀ ਆਵਾਜ਼ ਵਿੱਚ ਊਲਜਲੂਲ ਨੂੰ ਵੱਡੀਆਂ ਖ਼ਬਰਾਂ ਵਜੋਂ ਕਿੱਲ੍ਹ ਕਿੱਲ੍ਹ ਕੇ ਪੇਸ਼ ਕਰਨ ਵਾਲੇ ਟੈਲੀਵਿਜ਼ਨ ਚੈਨਲਾਂ ਉੱਤੇ ਇਸ ਬਾਰੇ ਥੋੜ੍ਹਾ ਜਿਹਾ ਵੀ ਜ਼ਿਕਰ ਨਹੀਂ ਕੀਤਾ ਗਿਆ।"

ਮੇਜਰ ਸਮਰਾ ਨੇ ਲੋਹ ਪੁਰਸ਼ ਵਜੋਂ ਜਾਣੇ ਜਾਂਦੇ ਫੀਲਡ ਮਾਰਸ਼ਲ ਦੇ ਸਨਮਾਨ ਵਿੱਚ ਇੱਕ ਨਜ਼ਮ ਲਿਖੀ:

ਸੈਮ ਬੜਾ ਜਾਂਬਾਜ਼ ਸੀ, ਕਮਾਂਡਰ ਜੋ ਅੱਗੇ ਹੋ ਕੇ ਅਗਵਾਈ ਕਰਦਾ ਸੀ।
ਉਹ ਸਮੇਂ ਸਿਰ ਫ਼ੈਸਲੇ ਲੈਂਦਾ ਸੀ ਤੇ ਉਹ ਕੋਰੀ ਗੱਲ ਕਹਿਣ ਤੋਂ ਨਾ ਡਰਦਾ ਸੀ।
ਕੋਈ ਸਿਆਸਤਦਾਨ ਉਸ ਨੂੰ ਛੁਟਿਆ ਨਹੀਂ ਸਕਦਾ ਸੀ, ਜਦੋਂ ਉਹ ਆਪਣੇ ਮਨ ਦੀ ਗੱਲ ਕਹਿੰਦਾ ਸੀ।
ਉਸ ਨੇ ਜੰਗ ਜਿੱਤੀ ਸੀ ਅਤੇ ਦੁਸ਼ਮਣ ਨੂੰ ਧੂੜ ਚਟਾਈ ਸੀ।
ਨਮ ਅੱਖਾਂ ਤੇ ਸਾਹ ਰੋਕ ਕੇ ਸੈਨਾ ਉਸ ਨੂੰ ਯਾਦ ਕਰਦੀ ਸੀ।
ਕੋਈ ਜਰਨੈਲ ਉਸ ਦੀ ਬਰਾਬਰੀ ਨਹੀਂ ਕਰ ਸਕਦਾ, ਉਹ ਸੀਨਾ ਤਾਣ ਕੇ ਤੁਰਦਾ ਸੀ।
ਹੁਣ ਤਾਂ ਐਸੇ ਬੌਣੇ ਹਨ, ਜੋ ਕਠਪੁਤਲੀਆਂ ਜਿਹਾ ਕਰਦੇ ਨੇ ਵਿਹਾਰ।
ਉਹ ਦੇਹਾਂ 'ਤੇ ਤਾਂ ਹੁਕਮ ਚਲਾਉਂਦੇ ਹਨ, ਪਰ ਦਿਲਾਂ 'ਤੇ ਨਹੀਂ ਕਰਦੇ ਰਾਜ।
ਬਹੁਤ ਖ਼ੂਬ! ਬਹੁਤ ਖ਼ੂਬ!!

ਮੈਂ ਇਸ ਮਹਾਨ ਸੈਨਿਕ ਦੇ ਸਨਮਾਨ ਵਿੱਚ ਆਪਣਾ ਕੌਫ਼ੀ ਦਾ ਕੱਪ ਉਠਾਉਂਦਾ ਹਾਂ। ਤੁਸੀਂ ਵੀ ਮੇਰੇ ਨਾਲ ਹਮਪਿਆਲਾ ਹੋਵੋ!

**(ਪੰਜਾਬੀ ਟ੍ਰਿਬਿਊਨ ਵਿਚੋਂ ਧੰਨਵਾਦ ਸਹਿਤ)**

# ਕੀ ਚੀਨ ਨਾਲ ਤਣਾਅ ਕੁਝ ਜ਼ਿਆਦਾ ਵਧਿਆ ਹੈ ?

**ਅਰੂਣਾਚਲ ਪ੍ਰਦੇਸ਼ ਵਿਚ ਦਲਾਈ ਲਾਮਾ ਦੀ ਯਾਤਰਾ ਸਮੇਂ ਚੀਨ ਨੇ ਅਜਿਹੀ ਪ੍ਰਤੀਕਿਰਿਆ ਜ਼ਾਹਰ ਕੀਤੀ ਸੀ। ਪਰ ਇਹ ਕਾਰਨ ਹੈ ਤਾਂ ਯੂ.ਪੀ.ਏ. ਦੇ ਦੌਰ ਵਿਚ ਵੀ ਦਲਾਈ ਲਾਮਾ ਅਰੂਣਾਚਲ ਪ੍ਰਦੇਸ਼ ਗਏ ਸਨ ਅਤੇ ਫਿਰ ਤਿੱਬਤ ਨੂੰ ਲੈ ਕੇ ਭਾਰਤ ਨੇ ਆਪਣੀ ਨੀਤੀ ਵਿਚ ਕੋਈ ਖ਼ਾਸ ਪਰਿਵਰਤਣ ਕੀਤਾ ਹੈ ਜਾਂ ਪੁਰਾਣੀ ਨੀਤੀ ਵਿਚ ਆਕਰਮਕਤਾ ਦਾ ਇਕ ਹੋਰ ਕਦਮ ਧਰਿਆ ਹੈ, ਇਹ ਵੀ ਸਾਫ਼ ਨਹੀਂ ਹੈ। ਜ਼ਾਹਰ ਹੈ ਚੀਨ ਸਾਡੇ ਸਾਹਮਣੇ ਮੌਜੂਦ ਕਾਰਨਾਂ ਤੋਂ ਨਹੀਂ ਖਿਝਿਆ ਹੋਵੇਗਾ, ਕਾਰਨ ਕੁਝ ਹੋਰ ਹੋਣਗੇ।**

**ਰਵੀਸ਼ ਕੁਮਾਰ**



ਚੀਨ ਨੂੰ ਅਸੀਂ ਪੁਰਾਣੇ ਕਾਰਨਾਂ ਦੀ ਨਜ਼ਰ ਨਾਲ ਦੇਖਣ ਦੇ ਆਦੀ ਹੋ ਰਹੇ ਹਾਂ, ਬਿਹਤਰ ਹੈ ਪੁਰਾਣੇ ਕਾਰਨਾਂ ਦੇ ਨਾਲ ਨਾਲ ਉਸ ਦੀਆਂ ਦੂਰਦਰਸ਼ੀ ਨੀਤੀਆਂ ਦੀ ਵੀ ਸਮੀਖਿਆ ਕਰਨੀ ਚਾਹੀਦੀ ਹੈ।

ਜਦੋਂ ਕਿਤੇ ਕੁਝ ਨਹੀਂ ਹੋ ਰਿਹਾ ਹੁੰਦਾ ਹੈ ਤਾਂ ਭਾਰਤ ਤੇ ਚੀਨ ਦੀ ਸਰਹੱਦ 'ਤੇ ਕਿਤੇ ਕੁਝ ਹੋਣ ਲਗਦਾ ਹੈ। ਜੇਕਰ ਇਸ ਦਾ ਸਬੰਧ ਮਨੋਵਿਗਿਆਨਕ ਦਬਾਅ ਬਣਾਉਣ ਨਾਲ ਹੈ ਤਾਂ ਅਜਿਹੇ ਵਿਸ਼ਿਆਂ ਤੋਂ ਦੂਰ ਰਹਿਣ ਤੋਂ ਬਾਅਦ ਵੀ ਮੈਨੂੰ ਲਗਦਾ ਹੈ ਕਿ ਹੁਣ ਚੀਨ ਉਸ ਤਰ੍ਹਾਂ ਦਾ ਮਨੋਵਿਗਿਆਨਕ ਦਬਾਅ ਨਹੀਂ ਬਣਾ ਪਾਉਂਦਾ। ਜੇਕਰ ਬਣਾ ਪਾਉਂਦਾ ਤਾਂ ਅਮਰਨਾਥ ਯਾਤਰਾ ਵਾਂਗ ਕੈਲਾਸ਼ ਮਾਨਸਰੋਵਰ ਯਾਤਰਾ ਰੋਕ ਦੇਣ 'ਤੇ ਹੰਗਾਮਾ ਮਚ ਗਿਆ ਹੁੰਦਾ। ਇਸ ਨਾਲੋਂ ਜ਼ਿਆਦਾ ਹੰਗਾਮਾ ਪਾਕਿਸਤਾਨ ਦੇ ਨਾਲ ਕੁਝ ਹੋਣ 'ਤੇ ਹੋਣ ਜਾਂਦਾ ਹੈ। ਕਾਂਗਰਸ ਦੇ ਬੁਲਾਰੇ ਅਭਿਸ਼ੇਕ ਮਨੂ ਸਿੰਘਵੀ ਨੇ ਕਿਹਾ ਹੈ ਕਿ ਪਿਛਲੇ 45 ਦਿਨਾਂ ਵਿਚ ਚੀਨ ਵਲੋਂ 120 ਘੁਸਪੈਠ ਹੋਏ ਹਨ। ਇਸ ਸਾਲ ਅਜਿਹੇ 240 ਘੁਸਪੈਠ ਹੋ ਚੁੱਕੇ ਹਨ। ਅਜਿਹਾ ਪਹਿਲਾਂ ਕਦੇ ਨਹੀਂ ਹੋਇਆ। ਜੇਕਰ ਸਿੰਘਵੀ ਦੀ ਗੱਲ ਸਹੀ ਹੈ ਤਾਂ ਕੀ ਚੀਨ ਅਸਾਧਾਰਨ ਤੌਰ 'ਤੇ ਆਪਣੀ ਆਕਰਮਕਤਾ ਨੂੰ ਤਿੱਖਾ ਕਰ ਰਿਹਾ ਹੈ। ਭਾਰਤ ਲਈ ਸਸਤੇ ਸਾਮਾਨ ਦਾ ਬਰਾਮਦਕਾਰ ਮੁਲਕ ਕਿਤੇ ਸਰਹੱਦ 'ਤੇ ਭਾਰੀ ਕੀਮਤ ਤਾਂ ਨਹੀਂ ਵਸੂਲਣਾ ਚਾਹੁੰਦਾ। 'ਟਾਈਮਜ਼ ਆਫ਼ ਇੰਡੀਆ' ਦੀ ਖ਼ਬਰ ਅਨੁਸਾਰ ਭਾਰਤ ਨੇ ਡੋਕਲਾਮ ਵਿਚ 1962 ਮਗਰੋਂ ਪਹਿਲੀ ਵਾਰ ਭਾਰੀ ਮਾਤਰਾ ਵਿਚ ਫ਼ੌਜੀਆਂ ਦੀ ਤੈਨਾਤੀ ਕੀਤੀ ਹੈ। ਭਾਰਤ ਕੋਈ ਜੋਖਮ ਨਹੀਂ ਲੈਣਾ ਚਾਹੁੰਦਾ ਪਰ ਭਾਰਤ ਨਾਲ 5 ਅਰਬ ਡਾਲਰ ਦਾ ਕਾਰੋਬਾਰ ਕਰਨ ਵਾਲਾ ਚੀਨ ਏਨੇ ਵੱਡੇ ਬਾਜ਼ਾਰ ਨੂੰ ਜੋਖਮ ਵਿਚ ਕਿਉਂ ਪਾਉਣਾ ਚਾਹੇਗਾ ?

ਸਿੱਕਮ, ਭੂਟਾਨ ਤੇ ਤਿੱਬਤ ਦੇ ਤ੍ਰਿਕੋਣ 'ਤੇ ਹੈ ਡੋਕਲਮ, ਉਥੇ ਚੀਨ ਦੀ ਟੁਕੜੀ ਸੜਕ ਬਣਾਉਣ ਲਈ ਦਾਖ਼ਲ ਹੁੰਦੀ ਹੈ। ਉਥੇ ਪੈਟਰੋਲਿੰਗ ਕਰ ਰਹੀ ਰਾਇਲ ਭੂਟਾਨ ਫੌਜ ਰੋਕਦੀ ਹੈ ਤੇ ਭਾਰਤ ਦੀ ਫ਼ੌਜ ਵੀ ਉਸ ਵਿਚ ਸ਼ਾਮਲ ਹੋ ਜਾਂਦੀ ਹੈ। ਖ਼ਬਰ ਆਈ ਹੈ ਕਿ ਚੀਨ ਨੇ ਭਾਰਤ ਦੇ ਅਸਥਾਈ ਬੰਕਰ ਤਹਿਸ-ਨਹਿਸ ਕਰ ਦਿੱਤੇ। ਮੀਡੀਆ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਚੀਨ ਅਤੇ ਭਾਰਤ ਦੇ ਫ਼ੌਜੀਆਂ ਵਿਚਾਲੇ ਗੁੱਥਮਗੁੱਥੀ ਹੋਈ ਹੈ। ਹਥਿਆਰਾਂ ਦਾ ਇਸਤੇਮਾਲ ਨਹੀਂ ਹੋਇਆ। ਭਾਰਤ ਨਹੀਂ ਚਾਹੁੰਦਾ ਕਿ ਚੀਨ ਉਥੇ ਸੜਕ ਪੂਰੀ ਕਰੇ, ਇਸ ਨਾਲ ਉਹ ਸਿਲੀਗੁੜੀ ਕਾਰੀਡੋਰ ਦੇ ਕਾਫ਼ੀ ਨੇੜੇ ਪਹੁੰਚ ਜਾਵੇਗਾ। ਉਧਰ ਚੀਨ ਦਾ ਦਾਅਵਾ ਹੈ ਕਿ ਉਹ ਆਪਣੀ ਸਰਹੱਦ ਵਿਚ ਸੜਕ ਬਣਾ ਰਿਹਾ ਹੈ। ਭਾਰਤ ਉਸ ਦੀ ਸਰਹੱਦ ਵਿਚ ਘੁਸਪੈਠ ਦਾ ਦੋਸ਼ ਲਗਾ ਰਿਹਾ ਹੈ। ਉਥੋਂ ਦੀ ਫ਼ੌਜ ਪੀਐਲਏ ਦੇ ਬੁਲਾਰੇ ਨੇ ਭਾਰਤ ਨੂੰ 1962 ਯੁੱਧ ਦੀ ਹਾਰ ਦੀ ਯਾਦ ਦਿਵਾਉਂਦੇ ਹੋਏ ਕਿਹਾ ਕਿ ਭਾਰਤੀ ਫ਼ੌਜ ਯੁੱਧ ਲਈ ਜ਼ਿਆਦਾ ਬੇਚੈਨ ਨਾ ਹੋਵੇ। ਇਸ ਹੱਦ ਤੱਕ ਬਿਆਨਬਾਜ਼ੀ ਦੀ ਜ਼ਰੂਰਤ ਕਿਉਂ ਪਈ ? ਭਾਰਤ ਦੇ ਥਲ ਸੈਨਾ ਮੁਖੀ ਜਨਰਲ ਬਿਪਨ ਰਾਵਤ ਨੇ ਕਿਹਾ ਸੀ ਕਿ ਭਾਰਤ ਆਪਣੇ ਅੰਦਰੂਨੀ ਅਤਿਵਾਦ ਨਾਲ ਜੂਝਦੇ ਹੋਏ ਵੀ ਦੋ ਤਰਫ਼ਾ ਯੁੱਧ ਝੱਲ ਸਕਦਾ ਹੈ। ਭਾਰਤ ਕਿਤੋਂ ਵੀ ਚੀਨ ਦੇ ਮਨੋਵਿਗਿਆਨਕ ਦਬਾਅ ਵਿਚ ਨਹੀਂ ਲਗਦਾ ਹੈ। ਬਲਕਿ ਵਿਦੇਸ਼ ਮੰਤਰਾਲੇ ਨੇ ਇਕ ਬਿਆਨ ਦਿੱਤਾ ਕਿ ਭਾਰਤ ਚੀਨ ਦੇ ਤਾਜ਼ਾ ਕਦਮਾਂ ਨੂੰ ਲੈ ਕੇ ਚਿੰਤਤ ਹੈ ਤੇ ਚੀਨ ਸਰਕਾਰ ਨੂੰ ਆਪਣੀ ਚਿੰਤਾ ਤੋਂ ਜਾਣੂ ਕਰਵਾ ਚੁੱਕਾ ਹੈ ਕਿ ਇਸ ਤਰ੍ਹਾਂ ਦੇ ਨਿਰਮਾਣ ਨਾਲ ਮੌਜੂਦਾ ਸਥਿਤੀ ਵਿਚ ਕਾਫ਼ੀ ਬਦਲਾਅ ਆ ਜਾਂਦਾ ਹੈ।

ਜੰਮੂ-ਕਸ਼ਮੀਰ ਸਰਹੱਦ 'ਤੇ ਭਾਰਤ ਤੇ ਚੀਨ ਲਾਈਨ ਆਫ਼ ਐਕਚੁਅਲ ਕੰਟਰੋਲ ਨੇੜੇ ਟਕਰਾਉਂਦੇ ਰਹੇ ਹਨ। 2013 ਅਤੇ 2014 ਵਿਚ ਚੀਨ ਨੇ ਭਾਰਤ ਦੀ ਸਰਹੱਦ ਵਿਚ ਘੁਸਪੈਠ ਕੀਤੀ ਸੀ। ਡੋਕਲਾਮ ਦਾ ਵਿਵਾਦ ਪਹਿਲੀ ਵਾਰ ਏਨਾ ਚਰਚਿਤ ਹੋਇਆ ਹੈ। ਭਾਰਤ ਦੇ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਇੰਡੀਆ ਟੁਡੇ ਚੈਨਲ ਦੇ ਪ੍ਰੋਗਰਾਮ ਵਿਚ ਬਿਆਨ ਦੇ ਦਿੱਤਾ ਕਿ ਭਾਰਤ ਵੀ 1962 ਵਾਲਾ ਭਾਰਤ ਨਹੀਂ ਹੈ, 2017 ਦਾ ਭਾਰਤ ਹੈ। ਚੀਨ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਵੀ ਜਵਾਬ ਉਧਾਰ ਨਹੀਂ ਰੱਖਿਆ। ਕਿਹਾ ਕਿ ਚੀਨ ਵੀ 1962 ਵਾਲਾ ਚੀਨ ਨਹੀਂ ਹੈ। ਰੱਖਿਆ ਮੰਤਰੀ ਜੇਤਲੀ ਦਾ ਕਹਿਣਾ ਹੈ ਕਿ ਇਲਾਕੇ ਵਿਚ ਟਕਰਾਅ ਦੀ ਸ਼ੁਰੂਆਤ ਬੀਜਿੰਗ ਨੇ ਸੜਕ ਨਿਰਮਾਣ ਦੀ ਪਹਿਲ ਤੋਂ ਕੀਤੀ ਸੀ, ਜਿਸ ਨੂੰ ਲੈ ਕੇ ਭਾਰਤ ਚਿੰਤਤ ਹੈ।

ਡੋਕਲਮ ਦਾ ਮੌਜੂਦਾ ਵਿਵਾਦਤ ਖੇਤਰ ਮਾਤਰ 90 ਵਰਗ ਕਿਲੋਮੀਟਰ ਦਾ ਪਹਾੜੀ ਇਲਾਕਾ ਹੈ। ਭੂਟਾਨ ਦੀ ਸਰਹੱਦ ਤੱਕ ਪਹੁੰਚਣ ਲਈ ਚੀਨ ਡੋਕਲਮ ਦੇ ਰਸਤੇ ਸੜਕ ਬਣਾ ਰਿਹਾ ਹੈ। ਚੀਨ ਦਾ ਕਹਿਣਾ ਹੈ ਕਿ ਸਿੱਕਮ 'ਤੇ 1890 ਦੀ ਚੀਨ ਤੇ ਬਰਤਾਨੀਆ ਦੀ ਸੰਧੀ ਦਾ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਵੀ ਸਮਰਥਨ ਕੀਤਾ ਸੀ। ਚੀਨ ਦੇ ਉਦੋਂ ਦੇ ਪ੍ਰਧਾਨ ਮੰਤਰੀ ਚਾਉ ਐਨ ਲਾਈ ਨੂੰ ਭੇਜੇ ਖ਼ਤ ਵਿਚ ਉਨ੍ਹਾਂ ਨੇ ਇਹ ਸਮਰਥਨ ਦਿੱਤਾ ਸੀ। ਚੀਨ ਦਾ ਕਹਿਣਾ ਹੈ ਕਿ ਭਾਰਤ ਇਸ ਸੰਧੀ ਦਾ ਸਨਮਾਨ ਕਰੇ ਅਤੇ ਡੋਕਲਮ ਤੋਂ ਆਪਣੀ ਫ਼ੌਜ ਵਾਪਸ ਬੁਲਾਏ। ਭੂਟਾਨ ਨੇ ਚੀਨ ਨੂੰ ਕਿਹਾ ਹੈ ਕਿ ਉਹ ਉਸ ਦੀ ਸਰਹੱਦ 'ਤੇ ਕਬਜ਼ਾ ਕਰ ਰਿਹਾ ਹੈ, ਇਸ 'ਤੇ ਚੀਨ ਦਾ ਕਹਿਣਾ ਹੈ ਕਿ ਭਾਰਤ, ਭੂਟਾਨ ਦਾ ਢਾਲ ਵਾਂਗ ਇਸਤੇਮਾਲ ਕਰ ਰਿਹਾ ਹੈ। ਭਾਰਤ ਤੇ ਭੂਟਾਨ ਵਿਚਾਲੇ ਸਮਝੌਤਾ ਹੈ ਕਿ ਭਾਰਤ ਭੂਟਾਨ ਦੀਆਂ ਸਰਹੱਦਾਂ ਦੀ ਸੁਰੱਖਿਆ ਕਰੇਗਾ।

ਚਿੱਠੀ ਦਿਖਾ ਕੇ ਕਿਸੇ ਭੂਗੋਲਿਕ ਖੇਤਰ 'ਤੇ ਦਾਅਵੇਦਾਰੀ ਵੀ ਅਜੀਬ ਹਾਸੋਹੀਣੀ ਹੈ। ਕੌਮਾਂਤਰੀ ਸਰਹੱਦਾਂ 'ਤੇ ਚਿੱਠੀ ਤੇ ਬਿਆਨਾਂ ਨਾਲ ਦਾਅਵੇ ਕੀਤੇ ਜਾਣ ਲੱਗੇ ਤਾਂ ਹੋ ਚੁੱਕਿਆ। ਜ਼ਾਹਰ ਹੈ ਜਾਣਕਾਰ ਸਮਝਣ ਦਾ ਯਤਨ ਕਰ ਰਹੇ ਹਨ ਕਿ ਚੀਨ ਏਨਾ ਆਕਰਮਕ ਕਿਉਂ ਹੈ ? ਕੀ ਭਾਰਤ ਦੇ ਵਨ ਬੈਲਟ ਵਨ ਰੋਡ ਪ੍ਰੋਜੈਕਟ ਵਿਚ ਸ਼ਾਮਲ ਨਾ ਹੋਣ ਕਾਰਨ ਨਾਰਾਜ਼ ਹੈ, ਕੀ ਭਾਰਤ ਤੇ ਅਮਰੀਕੀ ਦੀ ਨੇੜਤਾ ਤੋਂ ਨਾਰਾਜ਼ ਹੈ, ਕੀ ਦਲਾਈ ਲਾਮਾ ਦੇ ਅਰੂਣਾਚਲ ਪ੍ਰਦੇਸ਼ ਜਾਣ ਤੋਂ ਨਾਰਾਜ਼ ਹੈ, ਕੋਈ ਇਕ ਸਪਸ਼ਟ ਕਾਰਨ ਨਜ਼ਰ ਨਹੀਂ ਆਉਂਦਾ ਹੈ। 2014 ਵਿਚ ਜਦੋਂ ਚੀਨ ਦੇ ਰਾਸ਼ਟਰਪਤੀ ਭਾਰਤ ਆਏ ਸਨ, ਉਦੋਂ ਉਨ੍ਹਾਂ ਦਾ ਜ਼ੋਰਦਾਰ ਸਵਾਗਤ ਕੀਤਾ ਗਿਆ ਸੀ।

ਸਾਬਰਮਤੀ ਦੇ ਤਟ 'ਤੇ ਝੂਲਾ ਵੀ ਝੁਲਾਇਆ ਗਿਆ ਸੀ, ਉਦੋਂ ਵੀ ਚੀਨ ਨੇ ਲਦੱਾਖ ਖੇਤਰ ਵਿਚ ਘੁਸਪੈਠ ਕਰ ਦਿੱਤੀ ਸੀ। ਉਦੋਂ ਵੀ ਕੀ ਉਸ ਘੁਸਪੈਠ ਨੂੰ ਅਸੀਂ ਇਨ੍ਹਾਂ ਕਾਰਨਾਂ ਦੇ ਸਬੰਧ ਵਿਚ ਦੇਖ ਸਕਦੇ ਹਾਂ। ਉਦੋਂ ਤਾਂ ਭਾਰਤ ਨੇ ਵਨ ਬੈਲਟ ਵਨ ਰੋਡ ਦਾ ਵਿਰੋਧ ਵੀ ਨਹੀਂ ਕੀਤਾ ਸੀ।

ਤੁਹਾਨੂੰ ਦਸ ਦਈਏ ਵਨ ਬੈਲਟ, ਵਨ ਰੋਡ ਚੀਨ ਦਾ ਹੁਣ ਤਕ ਦਾ ਸਭ ਤੋਂ ਉਤਸ਼ਾਹੀ ਪ੍ਰੋਜੈਕਟ ਹੈ, ਜਿਸ ਦਾ ਬਜਟ ਹੈ 10 ਅਰਬ ਅਮਰੀਕੀ ਡਾਲਰ ਭਾਵ 700 ਖ਼ਰਬ ਰੁਪਏ ਜੋ ਭਾਰਤ ਦੀ ਕੁੱਲ ਅਰਥਵਿਵਸਥਾ ਦਾ ਕਰੀਬ ਇਕ ਤਿਹਾਈ ਹੈ। ਵਨ ਬੈਲਟ ਵਨ ਰੋਡ ਚੀਨ ਦੇ ਰਾਸ਼ਟਪਤੀ ਸ਼ੀ ਚਿਨਫਿੰਗ ਦਾ ਸੁਪਨਾ ਹੈ। ਜਿਸ ਦਾ ਮਕਸਦ ਦੱਸਿਆ ਗਿਆ ਹੈ ਏਸ਼ਿਆਈ ਮੁਲਕਾਂ ਨਾਲ ਚੀਨ ਦਾ ਸੰਪਰਕ ਅਤੇ ਸਹਿਯੋਗ ਬਿਹਤਰ ਕਰਨਾ ਅਤੇ ਅਫ਼ਰੀਕਾ ਤੇ ਯੂਰਪ ਨੂੰ ਵੀ ਏਸ਼ਿਆਈ ਮੁਲਕਾਂ ਨਾਲ ਨੇੜਿਓਂ ਜੋੜਨਾ। ਬੀਜਿੰਗ ਵਿਚ ਇਸ ਦੇ ਉਦਘਾਟਨ ਮੌਕੇ ਚੀਨ ਸਮੇਤ 29 ਮੁਲਕਾਂ ਦੇ ਰਾਸ਼ਟਰ ਮੁਖੀ ਅਤੇ 70 ਹੋਰਨਾਂ ਮੁਲਕਾਂ ਦੇ ਪ੍ਰਤੀਨਿਧ ਮੌਜੂਦ ਰਹੇ। ਇਸ ਪ੍ਰੋਜੈਕਟ ਤਹਿਤ ਜ਼ਮੀਨ ਅਤੇ ਸਮੁੰਦਰੀ ਰਸਤਿਆਂ ਰਾਹੀਂ ਵਾਪਰ ਮਾਰਗਾਂ ਨੂੰ ਬਿਹਤਰ ਬਣਾਇਆ ਜਾਵੇਗਾ। ਕਈ ਹਾਈ ਸਪੀਡ ਰੇਲ ਨੈੱਟਵਰਕ ਹੋਣਗੇ ਜੋ ਯੂਰਪ ਤੱਕ ਜਾਣਗੇ। ਏਸ਼ਿਆ ਅਤੇ ਅਫਰੀਕਾ ਵਿਚ ਕਈ ਬੰਦਰਗਾਹਾਂ ਤੋਂ ਇਹ ਰੂਟ ਲੰਘਣਗੇ ਤੇ ਇਸ ਰਸਤੇ ਵਿਚ ਕਈ ਫਰੀ ਟਰੇਡ ਜ਼ੋਨ ਆਉਣਗੇ। ਚੀਨ ਦੁਨੀਆ ਦੇ 65 ਮੁਲਕਾਂ ਨੂੰ ਇਕ ਦੂਸਰੇ ਦੇ ਨੇੜੇ ਲਿਆਏਗਾ ਤੇ ਦੁਨੀਆ ਦੀ ਦੋ-ਤਿਹਾਈ ਆਬਾਦੀ ਨੂੰ ਆਪਣੀ ਅਰਥਵਿਵਸਥਾ ਨਾਲ ਸਿੱਧਾ ਜੋੜ ਦਏਗਾ।

ਭਾਰਤ ਨੇ ਉਦੋਂ ਵੀ ਆਪਣੀ ਭੂਗੋਲਿਕ ਪ੍ਰਭੂਸੱਤਾ ਨੂੰ ਤਰਜੀਹ ਦਿੱਤੀ ਅਤੇ ਏਨੇ ਮਹੱਤਵਪੂਰਨ ਪ੍ਰੋਜੈਕਟ ਤੋਂ ਖ਼ੁਦ ਨੂੰ ਅਲੱਗ ਕਰ ਲਿਆ। ਮਈ ਵਿਚ ਚੀਨ ਕਿਉਂ ਪ੍ਰੇਸ਼ਾਨ ਹੋਇਆ ਸੀ, ਜਦੋਂ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਸਾਮ ਅਤੇ ਅਰੂਣਾਚਲ ਪ੍ਰਦੇਸ਼ ਨੂੰ ਜੋੜਨ ਵਾਲੇ ਪੁਲ ਦਾ ਉਦਘਾਟਨ ਕਰਨ ਗਏ। ਉਦੋਂ ਤਾਂ ਉਹ ਟਰੰਪ ਦੇ ਅਮਰੀਕਾ ਵੀ ਨਹੀਂ ਗਏ ਸਨ। ਉਦੋਂ ਤਾਂ ਟਰੰਪ ਨੇ ਚੀਨ ਦੇ ਰਾਸ਼ਟਪਤੀ ਦੀ ਹੀ ਜਮ ਕੇ ਤਾਰੀਫ਼ ਕੀਤੀ ਸੀ। ਬ੍ਰਹਮਪੁੱਤਰ ਨਦੀ 'ਤੇ ਬਣੇ ਇਸ ਪੁਲ ਕਾਰਨ ਅਸਾਮ ਅਤੇ ਅਰੂਣਾਚਲ ਪ੍ਰਦੇਸ਼ ਕਾਫ਼ੀ ਨੇੜੇ ਆ ਗਏ। ਇਹ ਪੁਲ ਭਾਰਤ-ਚੀਨ ਸਰਹੱਦ ਦੇ ਕਾਫ਼ੀ ਨੇੜੇ ਹੈ। ਉਦੋਂ ਚੀਨ ਨੇ ਬਿਆਨ ਜਾਰੀ ਕਰ ਕੇ ਕਿਹਾ ਸੀ ਕਿ ਭਾਰਤ ਨਾਲ ਉਸ ਦਾ ਸਰਹੱਦੀ ਵਿਵਾਦ ਚੱਲ ਰਿਹਾ ਹੈ, ਇਸ ਲਈ ਪੂਰਬ-ਉਤਰ ਭਾਰਤ ਵਿਚ ਬੁਨਿਆਦੀ ਢਾਂਚਿਆਂ ਦਾ ਨਿਰਮਾਣ ਕਰਨ ਵਿਚ ਸੰਜਮ ਵਰਤੇ। ਅਰੂਣਾਚਲ ਪ੍ਰਦੇਸ਼ ਵਿਚ ਦਲਾਈ ਲਾਮਾ ਦੀ ਯਾਤਰਾ ਸਮੇਂ ਚੀਨ ਨੇ ਅਜਿਹੀ ਪ੍ਰਤੀਕਿਰਿਆ ਜ਼ਾਹਰ ਕੀਤੀ ਸੀ। ਪਰ ਇਹ ਕਾਰਨ ਹੈ ਤਾਂ ਯੂ.ਪੀ.ਏ. ਦੇ ਦੌਰ ਵਿਚ ਵੀ ਦਲਾਈ ਲਾਮਾ ਅਰੂਣਾਚਲ ਪ੍ਰਦੇਸ਼ ਗਏ ਸਨ ਅਤੇ ਫਿਰ ਤਿੱਬਤ ਨੂੰ ਲੈ ਕੇ ਭਾਰਤ ਨੇ ਆਪਣੀ ਨੀਤੀ ਵਿਚ ਕੋਈ ਖ਼ਾਸ ਪਰਿਵਰਤਣ ਕੀਤਾ ਹੈ ਜਾਂ ਪੁਰਾਣੀ ਨੀਤੀ ਵਿਚ ਆਕਰਮਕਤਾ ਦਾ ਇਕ ਹੋਰ ਕਦਮ ਧਰਿਆ ਹੈ, ਇਹ ਵੀ ਸਾਫ਼ ਨਹੀਂ ਹੈ। ਜ਼ਾਹਰ ਹੈ ਚੀਨ ਸਾਡੇ ਸਾਹਮਣੇ ਮੌਜੂਦ ਕਾਰਨਾਂ ਤੋਂ ਨਹੀਂ ਖਿਝਿਆ ਹੋਵੇਗਾ, ਕਾਰਨ ਕੁਝ ਹੋਰ ਹੋਣਗੇ।

ਚੀਨ ਨੂੰ ਅਸੀਂ ਪੁਰਾਣੇ ਕਾਰਨਾਂ ਦੀ ਨਜ਼ਰੇ ਦੇਖਣ ਦੇ ਆਦੀ ਹੋ ਰਹੇ ਹਾਂ, ਬਿਹਤਰ ਹੈ ਪੁਰਾਣੇ ਕਾਰਨਾਂ ਦੇ ਨਾਲ ਨਾਲ ਉਸ ਦੀਆਂ ਦੂਰਦਰਸ਼ੀ ਨੀਤੀਆਂ ਦੀ ਵੀ ਸਮੀਖਿਆ ਕਰਨੀ ਚਾਹੀਦੀ ਹੈ। ਹੋ ਸਕਦਾ ਹੈ ਦੁਨੀਆ ਦੇ ਪੱਧਰ 'ਤੇ ਦੋਸਤਾਨਾ ਗਠਜੋੜ ਬਦਲ ਰਹੇ ਹੋਣ। ਭਾਰਤ ਦੇ ਪ੍ਰਧਾਨ ਮੰਤਰੀ ਖੁੱਲ੍ਹ ਕੇ ਏਸ਼ੀਆ ਦੀ ਸਦੀ ਗੱਲ ਕਰਦੇ ਹਨ, ਚੀਨ ਏਸ਼ੀਆ ਦੀ ਅਗਵਾਈ ਕਰਨ ਦੀ ਦੱਬੀ ਇੱਛਾ ਰੱਖਦਾ ਹੈ। ਉਹ ਕਦੇ ਪਾਕਿਸਤਾਨ ਨਾਲ ਗਵਾਦਰ ਪ੍ਰੋਜੈਕਟ ਰਾਹੀਂ ਭਾਰਤ ਨੂੰ ਘੇਰਦਾ ਹੈ ਤਾਂ ਭਾਰਤ ਉਥੋਂ 72 ਕਿਲੋਮੀਟਰ ਦੂਰ ਇਰਾਨ ਨਾਲ ਮਿਲ ਕੇ ਚਾਬਹਾਰ ਪ੍ਰੋਜੈਕਟ ਰਾਹੀਂ ਚੀਨ ਦੇ ਦਾਅ 'ਚੋਂ ਨਿਕਲ ਜਾਂਦਾ ਹੈ। ਪਰ ਕੀ ਚੀਨ ਭਾਰਤੀ ਸਰਹੱਦ 'ਤੇ ਆਮ ਨਾਲੋਂ ਜ਼ਿਆਦਾ ਸਰਗਰਮ ਹੋ ਰਿਹਾ ਹੈ ?

# ਟਰੰਪ ਦੀ ਫਿਸਲਪੱਟੀ 'ਤੇ ਜ਼ਰਾ ਸੰਭਲ ਕੇ ਚੱਲੋ !

**ਮੋਦੀ ਨੇ ਵੀ ਟਰੰਪ ਨੂੰ ਖ਼ੁਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਅਮਰੀਕਾ ਵਿਚ ਕੰਮ ਕਰ ਰਹੇ ਭਾਰਤੀਆਂ ਦੇ ਐਚ1ਬੀ ਵੀਜ਼ਾ ਦੀ ਗੱਲ ਤੱਕ ਨਹੀਂ ਛੇੜੀ। 5 ਲੱਖ ਪਰਵਾਸੀ ਭਾਰਤੀ ਜਿਸ ਗੱਲ ਨਾਲ ਪ੍ਰਭਾਵਤ ਹੋਣਗੇ, ਉਸ ਦਾ ਜ਼ਿਕਰ ਤੱਕ ਨਾ ਹੋਵੇ, ਕੀ ਇਹ ਹੈਰਾਨੀਜਨਕ ਨਹੀਂ ਹੈ ? ਸ਼ਾਇਦ ਮੋਦੀ ਨੇ ਇਹ ਸੋਚਿਆ ਕਿ ਪਹਿਲਾਂ ਟਰੰਪ ਨਾਲ ਵਿਅਕਤੀਗਤ ਸਮੀਕਰਨ ਬਣ ਜਾਣ, ਉਸ ਤੋਂ ਬਾਅਦ ਇਸ ਮੁੱਦੇ ਨੂੰ ਛੇੜਨਾ ਠੀਕ ਰਹੇਗਾ। ਇਸੇ ਤਰ੍ਹਾਂ ਜਲਵਾਯੂ ਸਮਝੌਤੇ ਨੂੰ ਰੱਦ ਕਰਦਿਆਂ ਟਰੰਪ ਨੇ ਭਾਰਤ 'ਤੇ ਅਰਬਾਂ-ਖ਼ਰਬਾਂ ਡਾਲਰ ਝਾੜਨ ਦਾ ਜੋ ਫੂਹੜ ਦੋਸ਼ ਲਾਇਆ ਸੀ, ਉਸ 'ਤੇ ਮੋਦੀ ਨੇ ਚੁੱਪੀ ਧਾਰ ਲਈ।**

**ਵੇਦਪ੍ਰਤਾਪ ਵੈਦਿਕ**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਅਮਰੀਕਾ ਜਾਣ ਤੋਂ ਪਹਿਲਾਂ ਖ਼ਦਸ਼ਾ ਇਹ ਸੀ ਕਿ ਰਾਸ਼ਟਰਪਤੀ ਡੋਨਲਡ ਟਰੰਪ ਉਨ੍ਹਾਂ ਨਾਲ ਪਤਾ ਨਹੀਂ ਕਿਹੋ ਜਿਹਾ ਵਿਹਾਰ ਕਰਨਗੇ। ਸਾਬਕਾ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨਾਲ ਮੋਦੀ ਦੀ ਜੁਗਲਬੰਦੀ ਮਸ਼ਹੂਰ ਸੀ ਤੇ ਟਰੰਪ ਇਸ ਗੱਲ ਲਈ ਮਸ਼ਹੂਰ ਹੋ ਗਏ ਹਨ ਕਿ ਉਹ ਓਬਾਮਾਵਾਦ ਨੂੰ ਨਸ਼ਟ ਕਰਨ ਤੇ ਤੁਲੇ ਹੋਏ ਹਨ। ਅਜਿਹੇ ਸਮੇਂ ਅਸੀਂ ਇਹ ਮੰਨ ਕੇ ਚੱਲ ਰਹੇ ਸੀ ਕਿ ਮੋਦੀ ਦੀ ਇਸ ਅਮਰੀਕੀ ਫੇਰੀ ਦੌਰਾਨ ਜੇਕਰ ਕੋਈ ਗੜਬੜ ਨਾ ਹੋਈ ਤਾਂ ਇਹੀ ਵੱਡੀ ਪ੍ਰਾਪਤੀ ਹੋਵੇਗੀ। ਅਮਰੀਕਾ ਨਾਲ ਦੋਸਤਾਨਾ ਗਠਜੋੜ ਵਾਲੇ ਮੁਲਕਾਂ ਜਰਮਨੀ ਤੇ ਆਸਟਰੇਲੀਆ ਦੇ ਨੇਤਾਵਾਂ ਨਾਲ ਟਰੰਪ ਜਿਸ ਤਰ੍ਹਾਂ ਟੱਕਰੇ ਹਨ, ਉਸ ਨੂੰ ਦੇਖਦਿਆਂ ਇਹ ਉਮੀਦ ਨਹੀਂ ਸੀ ਕਿ ਉਹ ਮੋਦੀ ਨੂੰ ਗਲੇ ਲਗਾਉਣਗੇ। ਐਚ1ਬੀ ਵੀਜ਼ਾ ਤੇ ਪੈਰਿਸ ਜਲਵਾਯੂ ਸਮਝੌਤੇ ਨੂੰ ਲੈ ਕੇ ਟਰੰਪ ਨੇ ਭਾਰਤ 'ਤੇ ਜੋ ਤੇਜ਼ਾਬ ਸੁੱਟਿਆ ਸੀ, ਉਸ ਦੇ ਸਬੰਧ ਵਿਚ ਲੱਗਾ ਸੀ ਕਿ ਵ੍ਹਾਈਟ ਹਾਊਸ ਵਿਚ ਕਿਤੇ ਮੋਦੀ ਤੇ ਟਰੰਪ ਵਿਚਾਲੇ ਕੋਈ ਮੁਠਭੇੜ ਨਾ ਹੋ ਜਾਵੇ।

ਪਰ ਮੁਠਭੇੜ ਦੀ ਬਜਾਏ ਦੋਹਾਂ ਨੇਤਾਵਾਂ ਵਿਚ ਗਲਵੱਕੜੀ ਏਨੀ ਗੂੜ੍ਹੀ ਹੋਈ ਕਿ ਸ਼ਾਇਦ ਪਹਿਲਾਂ ਕਿਸੇ ਦੋ ਨੇਤਾਵਾਂ ਵਿਚਾਲੇ ਨਹੀਂ ਹੋਈ। ਇਹ ਮੂਲ ਤੌਰ 'ਤੇ ਇਸਲਾਮੀ ਰਿਵਾਜ਼ ਹੈ ਪਰ ਇਸ ਮਾਮਲੇ ਵਿਚ ਮੋਦੀ ਨੇ ਅਰਬਾਂ ਨੂੰ ਵੀ ਮਾਤ ਦੇ ਦਿੱਤੀ। ਦੋਵੇਂ ਨੇਤਾ ਇਕ-ਦੂਸਰੇ ਤੋਂ ਏਨੇ ਖ਼ੁਸ਼ ਦਿਖਾਈ ਦਿੱਤੇ ਕਿ ਦੋਹਾਂ ਨੇ ਇਕ-ਦੂਸਰੇ ਨੂੰ 'ਮਹਾਨ' ਕਹਿ ਦਿੱਤਾ। ਟਰੰਪ ਨੇ ਭਾਰਤ ਨੂੰ ਅਮਰੀਕਾ ਦਾ 'ਸੱਚਾ ਦੋਸਤ' ਐਲਾਨ ਦਿੱਤਾ। ਮੋਦੀ ਨੂੰ ਪ੍ਰਭਾਵਤ ਕਰਨ ਵਿਚ ਟਰੰਪ ਨੇ ਕੋਈ ਕਸਰ ਨਹੀਂ ਛੱਡੀ। ਆਪਣੀ ਪਤਨੀ ਮੇਲਾਨੀਆ ਤੇ ਧੀ ਇਵਾਂਕਾ ਤੋਂ ਵੀ ਮੋਦੀ ਦਾ ਸਵਾਗਤ ਕਰਵਾ ਦਿੱਤਾ। ਟਰੰਪ ਇਸ ਤੋਂ ਵੀ ਅੱਗੇ ਨਿਕਲ ਗਏ। ਮੋਦੀ ਦੇ ਵਾਸ਼ਿੰਗਟਨ ਪੁੱਜਣ ਦੇ ਕੁਝ ਘੰਟੇ ਪਹਿਲਾਂ ਹੀ ਹਿਬਬੁਲ ਮੁਜਾਹਿਦੀਨ ਦੇ ਆਗੂਲ ਸਲਾਹੂਦੀਨ ਨੂੰ ਉਨ੍ਹਾਂ ਨੇ ਵਿਸ਼ਵ-ਅਤਿਵਾਦੀ ਐਲਾਨ ਕਰਵਾ ਦਿੱਤਾ। ਪਾਕਿਸਤਾਨ ਬੁਖਲਾ ਗਿਆ। ਭਾਰਤੀਆਂ ਨੂੰ ਸੰਦੇਸ਼ ਮਿਲਿਆ ਕਿ ਉਨ੍ਹਾਂ ਦੇ ਰਿਸਦੇ ਜ਼ਖ਼ਮਾਂ 'ਤੇ ਮਲ੍ਹਮ ਲਗਾਉਣ ਵਾਲਾ ਕੋਈ ਨੇਤਾ ਹੈ ਤਾਂ ਉਹ ਟਰੰਪ ਹੀ ਹੈ।

ਏਨਾ ਹੀ ਨਹੀਂ, ਸਾਂਝੇ ਬਿਆਨ ਵਿਚ ਅਮਰੀਕਾ ਨੇ ਪਾਕਿਸਤਾਨ ਤੋਂ ਮੰਗ ਕੀਤੀ ਕਿ ਉਹ ਮੁੰਬਈ ਤੇ ਪਠਾਨਕੋਟ ਦੇ ਹਮਲਾਵਾਰਾਂ ਨੂੰ ਜਲਦੀ ਸਜ਼ਾ ਦੇਵੇ। ਉਸ ਨੇ ਭਾਰਤ ਨਾਲ ਮਿਲ ਕੇ ਅਤਿਵਾਦ ਖ਼ਿਲਾਫ਼ ਸਾਂਝੀ ਮੁਹਿੰਮ ਚਲਾਉਣ ਦਾ ਵੀ ਐਲਾਨ ਕੀਤਾ। ਭਾਰਤ ਨੂੰ ਖ਼ੁਸ਼ ਕਰਨ ਲਈ ਚੀਨ ਦੀ 'ਵਨ ਬੈਲਟ, ਵਨ ਰੋਡ' ਯੋਜਨਾ 'ਤੇ ਕਿਹਾ ਕਿ ਉਹ ਸਬੰਧਤ ਮੁਲਕਾਂ ਦੀ ਪ੍ਰਭੂਸੱਤਾ ਤੇ ਸਰਹੱਦਾਂ ਦੀ ਉਲੰਘਣਾ ਨਾ ਕਰੇ। ਉਸ ਦਾ ਇਸ਼ਾਰਾ ਪਾਕਿਸਤਾਨੀ ਕਬਜ਼ੇ ਵਾਲੇ ਕਸ਼ਮੀਰ ਗਿਲਗਿਤ ਵਿਚੋਂ ਚੀਨੀ ਸੜਕ ਬਣਾਉਣ ਵੱਲ ਸੀ। ਇਸ ਸਮੇਂ ਭਾਰਤ ਦੀਆਂ ਦੋ ਦੁਖਦੀਆਂ ਰਗਾਂ ਹਨ। ਚੀਨ ਤੇ ਪਾਕਿਸਤਾਨ ! ਟਰੰਪ ਨੇ ਦੋਹਾਂ 'ਤੇ ਮਲ੍ਹਮ ਲਗਾ ਦਿੱਤਾ।

ਇਸੇ ਤਰ੍ਹਾਂ ਟਰੰਪ ਨੇ ਮੋਦੀ ਨੂੰ ਇਹ ਵਿਸ਼ਵਾਸ ਵੀ ਦਿਵਾ ਦਿੱਤਾ ਕਿ ਭਾਰਤ ਦੇ ਆਰਥਿਕ ਵਿਕਾਸ ਵਿਚ ਅਮਰੀਕਾ ਦੀ ਡੂੰਘੀ ਦਿਲਚਸਪੀ ਹੈ। ਉਹ ਭਾਰਤ ਨੂੰ ਗੈਸ ਸਪਲਾਈਕਰਨਾ ਚਾਹੁੰਦਾ ਹੈ, ਖੇਤੀ ਦੀਆਂ ਨਵੀਂਆਂ ਨਵੀਂਆਂ ਤਕਨੀਕਾਂ ਦੇਣੀਆਂ ਚਾਹੁੰਦਾ ਹੈ ਤੇ ਅਜਿਹੇ ਆਰਥਿਕ ਉਪਕਰਨ ਸ਼ੁਰੂ ਕਰਨਾ ਚਾਹੁੰਦਾ ਹੈ, ਜਿਸ ਨਾਲ ਦੋਹਾਂ ਮੁਲਕਾਂ ਵਿਚ ਲੱਖਾਂ ਰੁਜ਼ਗਾਰ ਪੈਦਾ ਹੋਣ। ਟਰੰਪ ਦਾ ਅਸਲੀ ਰੂਪ ਇਨ੍ਹਾਂ ਬਿਆਨਾਂ ਵਿਚ ਪ੍ਰਗਟ ਹੁੰਦਾ ਹੈ। ਉਹ ਮੂਲ ਤੌਰ 'ਤੇ ਵਪਾਰੀ ਹੈ। ਵਾਪਰੀ ਲਈ ਗ੍ਰਾਹਕ ਰੱਬ ਹੁੰਦਾ ਹੈ। ਉਹ ਉਸ ਨੂੰ ਪਟਾਉਣ ਲਈ ਸਬਜ਼-ਬਾਗ਼ਾਂ ਦਾ ਅੰਬਾਰ ਲਗਾ ਦਿੰਦਾ ਹੈ। ਟਰੰਪ ਨੇ ਵੀ ਲਗਾਏ। ਉਨ੍ਹਾਂ ਨੇ ਮੋਦੀ ਨੂੰ ਕਿਹਾ ਕਿ ਦੁਨੀਆ ਦੇ ਸਰਵੋਤਮ ਹਥਿਆਰ ਅਮਰੀਕਾ ਵਿਚ ਬਣਦੇ ਹਨ। ਉਹ ਉਨ੍ਹਾਂ ਨੂੰ ਭਾਰਤ ਨੂੰ ਖ਼ੁਸ਼ੀ ਖ਼ੁਸ਼ੀ ਦੇਣ ਲਈ ਤਿਆਰ ਹੈ। ਟਰੰਪ ਨੇ ਇਸ ਤੱਥ ਦੀ ਵੀ ਭਰਪੂਰ ਤਾਰੀਫ਼ ਕੀਤੀ ਕਿ ਭਾਰਤ ਨੇ ਅਮਰੀਕਾ ਤੋਂ ਇਕੋ ਵੇਲੇ 100 ਨਵੇਂ ਹਵਾਈ ਜਹਾਜ਼ ਖ਼ਰੀਦੇ ਹਨ। ਏਨਾ ਵੱਡਾ

ਬਾਕੀ ਸਫ਼ਾ 32 'ਤੇ


$20 Off For
Trans-Alliance Carriers
SPECIAL TIRE PRICING
TRANS-ALLIANCE
TOGETHER WE SAVE
TRAILER TIRES STARTING AT
$259*
REGULAR RETAIL $324
ROADMASTER TIRES
ENGINEERED BY COOPERTIRES
TRAILER TIRES STARTING AT
$289*
REGULAR RETAIL $354
KELLY TIRES
TRAILER TIRES STARTING AT
$359*
REGULAR RETAIL $424
GOODYEAR
MARATHON
YOKOHAMA
*Add $10 per tire for Steer and $20 per tire for Drive tires.
Trans-Alliance Members save $15 off all other tire brands.
GOODYEAR
BFGoodrich
Continental
Firestone
PIRELLI
FORMULA By Pirelli
DAYTON
BRIDGESTONE
MICHELIN
TA TRUCK SERVICE
Commercial Tire Network
Current as of 6/1/17.
Offer valid now through December 31, 2017. Members do not pay $25 Single Tire Fee.
Prices do not include F.E.T., Mounting Labor, Balancing, Valve Stems, State or Local Taxes.
Visit ta-petro.com or find us on
TA
Nasdaq Listed
TRANS-ALLIANCE
TOGETHER WE SAVE
(855) 641-6955 • (888) 795-7035
sales@trans-alliance.com • www.trans-alliance.com

# ਮੰਗਲ ਹਠੂਰ ਦੀ ਪੁਸਤਕ 'ਆਪਣਾ ਪੰਜਾਬ ਭੁੱਲ ਜਾਇਓ ਨਾ' ਨੂੰ ਫਰਿਜਨੋਂ ਵਿਖੇ ਲੋਕ ਅਰਪਿਤ ਕੀਤੇ ਜਾਣ ਦਾ ਸਮਾਗਮ ਤਸਵੀਰਾਂ ਦੀ ਜ਼ੁਬਾਨੀ




Sponsor : Najar S Sahota Kabaddi Promotor

# ਗੁਰਦੁਆਰਾ ਸਾਹਿਬ ਖਾਲਸਾ ਕੇਅਰ ਫਾਉਂਡੇਸ਼ਨ

**GURDWARA SAHIB KHALSA CARE FOUNDATION**

**9989 Laurel Canyon Blvd, Pacoima CA 91331**

## ਧੰਨ ਧੰਨ ਸ੍ਰੀ ਗੁਰੂ ਹਰਕ੍ਰਿਸ਼ਨ ਸਾਹਿਬ ਜੀ ਦੇ ਪ੍ਰਕਾਸ਼ ਉਤਸਵ ਸਮਾਗਮ



ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ

**ਭਾਈ ਸਾਹਿਬ ਭਾਈ ਪਿੰਦਰਪਾਲ ਸਿੰਘ ਜੀ**
**ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ**

**ਐਤਵਾਰ 16 ਜੁਲਾਈ**
ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ

ਸੋਮਵਾਰ 17 ਜੁਲਾਈ ਤੋਂ ਸ਼ਨਿਚਰਵਾਰ 22 ਜੁਲਾਈ ਤੱਕ
ਹਰ ਰੋਜ਼ ਸ਼ਾਮੀਂ 6:00 ਵਜੇ ਤੋਂ ਰਾਤੀਂ 9:00 ਵਜੇ ਤੱਕ

**ਐਤਵਾਰ 23 ਜੁਲਾਈ**
ਸਵੇਰੇ 11:00 ਵਜੇ ਤੋਂ ਬਾਅਦ ਦੁਪਹਿਰ 1:00 ਵਜੇ ਤੱਕ



ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ

ਆਰੰਭ ਸ੍ਰੀ ਅਖੰਡ ਪਾਠ ਸਾਹਿਬ : 21 ਜੁਲਾਈ ਸ਼ੁਕਰਵਾਰ ਸਵੇਰੇ 9:00 ਵਜੇ ਅਤੇ ਭੋਗ ਸ੍ਰੀ ਅਖੰਡ ਪਾਠ ਸਾਹਿਬ : 23 ਜੁਲਾਈ ਐਤਵਾਰ ਸਵੇਰੇ 9:00 ਵਜੇ



**ਹੋਰ ਜਾਣਕਾਰੀ ਲਈ ਭਾਈ ਕਨ੍ਹਈਆ ਜੀ ਸੇਵਾ ਦਲ ਨਾਲ ਸੰਪਰਕ ਕਰੋ :**
ਬਲਦੇਵ ਸਿੰਘ (818) 468-9595, ਬਲਵਿੰਦਰ ਸਿੰਘ (818) 404-0811
ਮੱਖਣ ਸਿੰਘ (661) 225-7157, ਪਰਮਜੀਤ ਸਿੰਘ (626) 354-6653



# Travel for Less Inc.



SPECIALIZED IN DISCOUNT FARES WORLDWIDE
**INDIA | PAKISTAN | EUROPE**

ASIANA AIRLINES
A STAR ALLIANCE MEMBER

Asiana Airlines
Daily Flight To New Delhi

ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜ਼ਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।

**Best deals on major airlines like**

ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد ETIHAD AIRWAYS
Lufthansa
QATAR AIRWAYS القطرية

BBB IATAN

8th time in a row
2016 Best of Fremont Award

CALL US TO GET BEST RATES FOR YOUR AIR TICKETS TO INDIA AND WORLDWIDE.



CST NO : 2031914-40

We have moved to

**Serving the Bay Area Since 1996**
**32116-Alvarado Blvd. Union City, CA-94587**
Email: info@travelforlessinc.com

**CALL 510-791-3300** Book online 24x7 @ www.Letsflyhome.com

# Dr. AMRIT SINGH'S PHILANTHRO

## *Heart Specialist, Diplomat of Board of Internal Medicine & Cardiology, off*


Baba Iqbal Singh Book Release of Baba Iqbal Singh by PM


Baba Iqbal Singh Book Release stage New Delhi


Baru Sahib Students Nitnam



Tarlochan Singh MP


Sukhdev Si


Harry Baweja Char Sahibjade


Giani Harnam Singh ji Sis Ganj Gurdwara



Sach Khand Hazoor Sahib and Place of Bhai Dya Singh, Bhai Dharam Singh & Mai Bhago


Donated for deep water p

**GURGYAN PRACHAR COLLEGE, Mirpur Village, Amroha, UP. USA 562**


GURGYAN PRACHAR COLLEGE, Mirpur Village, Amroha, UP.


GGPC 30 Sigliger students


GGPC Donation of a Cow


Gurdwara Committee in Bombay


Manje Bistre Movie souvenir by Lily & Hoby Dhaliwal



Punjabi University Lecture of Dr. Singh


Dr. & Mrs. Singh honored by Dr. Gurnam


Zorawar, Er. Compt Sc., Dr. Amrit, Dr. JujharSinghs&Harjas Kaur


Medical Camp on Vaisakhi Patiala


Innaguration of Ward 11 for 30 patients of Rajindra Hosptial Pa


. Dr. Ajinderpal Singh, Senior Consultant Amritsar


Med Supdt. office Rajindra Hos Patiala


Principle Med Coll Patiala Dr Bhardwaj & Retd. I



# PANNU'S
## LEGAL SERVICES

G.S. Pannu
(Immigration Consultant, LDA)

ivisapass@gmail.com • FAX 510.279.7624

510.677.5200

IMMIGRATION
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

STUDENT VISA (EDUCATE YOUR CHILDREN IN USA)

DIVORCE
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624

VISA IN ONE DAY



M.K. Pannu
(Owner)




Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994
We Specialize to Asia, Europe, Middle East, Africa, Australia & etc.

Special fares to :
SFO TO DEL
LAX TO DEL




Special fares to
Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

Or Call (818) 762-9236

15549 Devonshire St., Ste. 206 Mission Hills, CA 91345



# GRAND OPENING

# Spice Jar
INDIAN CUISINE



· Specializing In Tandoor (Clay Oven)
· Vegetarian & Non-Vegetarian Curry

17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com

$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.

$9.99 All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.

20% OFF Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.

We Specialize In Catering All Occasions
50-1200 guests
Call Or Email For Catering:
spicejargrill@gmail.com

spicejarfontana
@spice_jar








# Scholarships Awards

**For students graduated in year 2017 from High/Middle school in Southern California, with one or both parents being Sikhs**

For application forms, guidelines for applicants, or more information, send email to:scholarshipandawards@gmail.com

## Academic Excellence Awards

*High School Graduates – TenAwards $1000 - $2500*

Middle School (8th grade) Graduates – Five Awards$250 - $600

### Eligibility Criteria:

*GPA B or higher for Academic Excellence Awards, C or higher for Outstanding Achievement Awards,&one or both parents being Sikhs*

## Outstanding Achievement Awards

*High School Graduates:$750*
*1-Sports;2-Visual & Performing Arts;*
*3-Community Service*

***Special Awards:****$200/each for Perfect score in SAT*
*$100/each for 80% or higher score on quiz*
*(quiz material supplied in advance)*

**Middle School Graduates:**Visual & Performing Arts
*Two ($250 and $200), $100/each for 80% or higher score on quiz (quiz material supplied in advance)*

Last date for receipt of completed applications: **Monday,July 23, 2017**

**Winners to receive awards at a Gala Lunch event**

**August 6, 2017 at 11 am**

**For More Info Call : Gurcharan Bains 661-877-6461, Sukhi Sandhu 805-402-5050, Baljit Toor 909-844-1600, Gurcharan Singh Dhillon 661-586-6485, Kajal Kalra 949-244-6452**

**Sponsored by: Sikh American Heritage Society**

# STOCKTON TEEYAN MELA 2017

Ladies Only Event

## ਤੀਆਂ ਦਾ ਮੇਲਾ

7th Annual Teeyan Mela
On
Saturday, August 5, 2017
12:00AM to 6:00PM

Venue: Delta Shelter
Micke Grove Park
11793 N. Micke Grove Road
Lodi, CA 95240

**Special Events:**

Miss Punjaban Competition

Age Groups:
Group 1: 1-7 years old
Group 2: 8-13 years old
Group 3: 14-18 years old

**Featuring: Gidha, Poetry, Plays, Bhangra, DJ, and Much More!**



ਇਸ ਮੌਕੇ ਤੇ ਕਪੜੇ ਅਤੇ ਗਹਿਣਿਆਂ ਦੇ ਸਟਾਲ ਵੀ ਲਾਏ ਜਾਣਗੇ

For More Info Please Contact:
Ashvinder Kaur (Ashu): (209) 298 6454 Simran K Atwal: (209) 993 7978
Email: Stocktonteeyan@gmail.com www.facebook.com/stocktonteeyan

FREE ENTRY PARKING: $6.00 No Cameras Will Be Allowed



# SINGH TRANSPORT INC




ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778, ਜਗਤਾਰ ਸਿੰਘ (510) 918-2439, (510) 943-9578





Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ

Follow us on:
Toll Free 1-866-FOR-RAJA
www.rajasweets.com
msbains@rajasweets.com

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

Call Makhan Bains or Ravinder Singh For Your Next Party

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders






ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ 200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING table cloth, napkins, chairs etc.

# ਮੀਰੀ-ਪੀਰੀ ਦਿਹਾੜਾ ਭਾਰੀ ਸ਼ਰਧਾ ਨਾਲ ਮਨਾਇਆ

## *ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਧਾਰਮਿਕ ਸਮਾਰੋਹ*



**ਅੰਮ੍ਰਿਤਸਰ/ਬਿਊਰੋ ਨਿਊਜ਼:**
ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਮੀਰੀ-ਪੀਰੀ ਦਿਹਾੜਾ ਅਕਾਲ ਤਖ਼ਤ ਸਾਹਿਬ ਵਿਖੇ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਦੇ ਭੋਗ ਉਪਰੰਤ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਭਾਈ ਇੰਦਰਜੀਤ ਸਿੰਘ ਮੁੰਬਈ ਵਾਲੇ ਨੇ ਗੁਰਬਾਣੀ ਕੀਰਤਨ ਕੀਤਾ ਅਤੇ ਅਰਦਾਸ ਗਿਆਨੀ ਮਲਕੀਤ ਸਿੰਘ ਹੈੱਡ ਗ੍ਰੰਥੀ ਅਕਾਲ ਤਖ਼ਤ ਸਾਹਿਬ ਨੇ ਕੀਤੀ। ਉਪਰੰਤ ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ ਦਰਬਾਰ ਸਾਹਿਬ ਨੇ ਹੁਕਮਨਾਮਾ ਲਿਆ।
ਸੰਗਤਾਂ ਨੂੰ ਮੀਰੀ-ਪੀਰੀ ਦੇ ਦਿਹਾੜੇ ਦੀ ਵਧਾਈ ਦਿੰਦਿਆਂ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਜੀ ਵੱਲੋਂ ਭਗਤੀ ਤੇ ਸ਼ਕਤੀ ਦਾ ਸੁਮੇਲ ਕੀਤਾ ਗਿਆ। ਇਸ ਮੌਕੇ ਗਿਆਨੀ ਗੁਰਬਚਨ ਸਿੰਘ ਸਾਹਿਬ ਨੇ ਦੇਸ਼-ਵਿਦੇਸ਼ ਵਿੱਚ ਵਸਦੇ ਹਰ ਸਿੱਖ ਨੂੰ ਅੰਮ੍ਰਿਤਧਾਰੀ ਹੋਣ ਦਾ ਉਪਦੇਸ਼ ਦਿੱਤਾ ਅਤੇ ਕਿਹਾ ਕਿ ਨੌਜਵਾਨ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਨਣ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ ਆਪਣਾ ਗੁਰੂ ਮੰਨਣ। ਇਸ ਉਪਰੰਤ ਢਾਡੀ ਗੁਰਮੇਜ ਸਿੰਘ ਸ਼ਹੂਰਾ, ਡਾ. ਦਲਜੀਤ ਸਿੰਘ ਵਿਛੋਆ, ਭਾਈ ਗੁਰਪ੍ਰਤਾਪ ਸਿੰਘ ਪਦਮ, ਭਾਈ ਗੁਰਭੇਜ ਸਿੰਘ ਚਵਿੰਡਾ ਵੱਲੋਂ ਢਾਡੀ ਵਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਹਰਚਰਨ ਸਿੰਘ ਮੁੱਖ ਸਕੱਤਰ, ਸੁਖਦੇਵ ਸਿੰਘ ਭੂਰਾਕੋਹਨਾ ਤੇ ਬਲਵਿੰਦਰ ਸਿੰਘ ਜੋੜਾਸਿੰਘਾਂ, ਐਡੀ ਸਕੱਤਰ, ਸਕੱਤਰ ਸਿੰਘ, ਹਰਿੰਦਰਪਾਲ ਸਿੰਘ, ਜਸਵਿੰਦਰ ਸਿੰਘ ਸਾਰੇ ਮੀਤ ਸਕੱਤਰ, ਸੁਲੱਖਣ ਸਿੰਘ ਭੰਗਾਲੀ ਮੈਨੇਜਰ, ਗੁਰਿੰਦਰ ਸਿੰਘ ਮੈਨੇਜਰ, ਹਰਜਿੰਦਰ ਸਿੰਘ ਭੂਰਾਕੋਹਨਾ, ਬਘੇਲ ਸਿੰਘ, ਸੁਖਰਾਜ ਸਿੰਘ ਤੇ ਲਖਬੀਰ ਸਿੰਘ ਵਧੀਕ ਮੈਨੇਜਰ, ਸਤਨਾਮ ਸਿੰਘ ਸੁਪ੍ਰਿੰਟੈਂਡੈਂਟ, ਮਲਕੀਤ ਸਿੰਘ ਬਹਿੜਵਾਲ ਸਹਾਇਕ ਸੁਪ੍ਰਿੰਟੈਂਡੈਂਟ, ਦਰਬਾਰ ਸਾਹਿਬ ਦਾ ਸਟਾਫ਼ ਅਤੇ ਹੋਰ ਸੰਗਤਾਂ ਹਾਜ਼ਰ ਸਨ।

# ਨੇਪਾਲ ਦੇ ਉਪ ਰਾਸ਼ਟਰਪਤੀ ਵਲੋਂ ਸਾਰਕ ਸਭਿਆਚਾਰਕ ਕਾਨਫਰੰਸ ਦੀ ਸਫ਼ਲਤਾ ਲਈ ਹਰਿਮੰਦਰ ਸਾਹਿਬ ਵਿਖੇ ਅਰਦਾਸ



**ਅੰਮ੍ਰਿਤਸਰ/ਬਿਊਰੋ ਨਿਊਜ਼ :** ਨੇਪਾਲ ਦੀ ਰਾਜਧਾਨੀ ਕਾਠਮੰਡੂ ਵਿਚ 7 ਤੋਂ 9 ਦਸੰਬਰ ਤੱਕ ਹੋ ਰਹੀ ਸਾਰਕ ਸਭਿਆਚਾਰਕ ਕੌਰਿਲੇਸ਼ਨ ਕਾਨਫਰੰਸ ਦੀ ਸਫ਼ਲਤਾ ਦੀ ਕਾਮਨਾ ਕਰਨ ਹਿਤ ਨਿਪਾਲ ਦੇ ਉਪ ਰਾਸ਼ਟਰਪਤੀ ਦੇ ਰਾਜਸੀ ਤੇ ਸਭਿਆਚਾਰਕ ਸਲਾਹਕਾਰ ਸ੍ਰੀ ਮਹਾਂਵੀਰ ਪ੍ਰਸ਼ਾਦ ਟੋਰਡੀ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜੇ। ਉਨ੍ਹਾਂ ਕਿਹਾ ਕਿ ਉਹ ਇਸ ਅਹਿਮ ਕਾਨਫਰੰਸ, ਜਿਸ ਵਿਚ ਭਾਰਤ, ਪਾਕਿਸਤਾਨ, ਭੂਟਾਨ, ਨੇਪਾਲ, ਬੰਗਲਾਦੇਸ਼, ਸ੍ਰੀਲੰਕਾ, ਮਾਲਦੀਵ ਤੇ ਅਫਗਾਨਿਸਤਾਨ ਦੇਸ਼ਾਂ ਨੂੰ ਸ਼ਾਮਲ ਹੋਣ ਦਾ ਸੱਦਾ ਦਿੱਤਾ ਗਿਆ ਹੈ, ਦੀ ਕਾਮਯਾਬੀ ਲਈ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾ ਸਹਿਤ ਅਰਦਾਸ ਕਰਨ ਆਏ ਹਨ। ਸ੍ਰੀ ਟੋਰਡੀ ਨੇ ਦੱਸਿਆ ਕਿ ਨੇਪਾਲ ਵਿਖੇ ਹੋ ਰਹੇ ਇਸ ਸੰਮੇਲਨ ਦੌਰਾਨ ਏਸ਼ੀਆ ਦੇ ਦੇਸ਼ਾਂ ਨੂੰ ਇਹ ਦੱਸਣ ਦਾ ਯਤਨ ਕੀਤਾ ਜਾਵੇਗਾ ਕਿ ਭਾਰਤ ਹੀ ਇਕ ਅਜਿਹਾ ਦੇਸ਼ ਹੈ, ਜੋ ਕਿ ਸੁਰੱਖਿਆ ਪ੍ਰੀਸ਼ਦ ਵਿਚ ਏਸ਼ੀਆ ਦੀ ਸਹੀ ਪ੍ਰਤੀਨਿਧਤਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਰਤ ਤੇ ਨੇਪਾਲ ਇਕ-ਦੂਸਰੇ ਦੇ ਗੂੜ੍ਹੇ ਮਿੱਤਰ ਹਨ ਅਤੇ ਇਥੋਂ ਤੱਕ ਕਿ ਭਾਰਤ ਦੀ ਗੋਰਖਾ ਬਟਾਲੀਅਨ ਵਿਚ ਨੇਪਾਲ ਦੇ ਨੌਜਵਾਨ ਭਰਤੀ ਹੋ ਕੇ ਭਾਰਤ ਦੀਆਂ ਸਰਹੱਦਾਂ ਦੀ ਰਾਖੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰਤ ਦੀ ਸਭਿਅਤਾ ਬਹੁਤੇ ਏਸ਼ੀਅਨ ਦੇਸ਼ਾਂ ਨਾਲ ਮਿਲਦੀ ਹੈ ਅਤੇ ਏਸ਼ੀਆ ਦੀ ਅਗਵਾਈ ਭਾਰਤ ਨੂੰ ਹੀ ਮਿਲਣੀ ਚਾਹੀਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸੁਰੱਖਿਆ ਪ੍ਰੀਸ਼ਦ ਵਿਚ ਸੋਧ ਕਰਕੇ ਅੱਠਵੇਂ ਤਾਕਤਵਰ ਦੇਸ਼ ਭਾਰਤ ਨੂੰ ਇਸ ਵਿਚ ਸਥਾਈ ਮੈਂਬਰਸ਼ਿਪ ਦਿੱਤੀ ਜਾਵੇ। ਇਸ ਮੌਕੇ ਡਾਯ ਐਚ. ਐਸ. ਨਾਗਪਾਲ, ਵਿਸ਼ਵ ਸੰਤ ਪ੍ਰੀਸ਼ਦ ਦੇ ਮੁਖੀ ਸੰਤ ਬਲਦੇਵ ਸਿੰਘ ਰਾਠੌੜ, ਰਕੇਸ਼ ਕਪੂਰ ਵੀ ਹਾਜ਼ਰ ਸਨ।

# ਯੂ.ਏ.ਈ. ਦੇ ਜਲ ਖੇਤਰ ਵਿਚ 22 ਬੇੜਿਆਂ ਵਿਚ ਸਵਾਰ 100 ਭਾਰਤੀ ਫਸੇ

**ਦੁਬਈ/ਬਿਊਰੋ ਨਿਊਜ਼ :**
ਸੰਯੁਕਤ ਅਰਬ ਅਮੀਰਾਤ (ਯੂਏਈ) ਦੇ ਜਲ ਖੇਤਰ ਵਿੱਚ 22 ਬੇੜਿਆਂ ਉਤੇ ਸਵਾਰ ਤਕਰੀਬਨ 100 ਭਾਰਤੀ ਜਹਾਜ਼ੀ ਫਸ ਗਏ ਹਨ। ਉਨ੍ਹਾਂ ਨੇ ਦੁਬਈ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੂੰ ਮਦਦ ਲਈ ਫ਼ਰਿਆਦ ਕੀਤੀ ਹੈ। ਇਹ ਖੁਲਾਸਾ ਇਕ ਮੀਡੀਆ ਰਿਪੋਰਟ ਤੋਂ ਹੋਇਆ ਹੈ। 'ਗਲਫ ਨਿਊਜ਼' ਨੇ ਦੁਬਈ ਵਿਚ ਭਾਰਤੀ ਕੌਂਸਲ ਜਨਰਲ ਵਿਪੁਲ ਦੇ ਹਵਾਲੇ ਨਾਲ ਲਿਖਿਆ ਕਿ ਇਸ ਗਰਮੀ ਵਿੱਚ ਯੂਏਈ ਦੇ ਜਲ ਖੇਤਰ ਵਿੱਚ ਫਸੇ ਵੱਡੀ ਗਿਣਤੀ ਜਹਾਜ਼ੀਆਂ ਨੇ ਮਦਦ ਲਈ ਬੇਨਤੀ ਕੀਤੀ ਹੈ। ਇਸ ਸਫ਼ੀਰ ਨੇ ਕਿਹਾ, 'ਹਾਲੇ ਅਸੀਂ 22 ਬੇੜਿਆਂ ਨਾਲ ਜੁੜੇ ਮਾਮਲੇ ਨੂੰ ਦੇਖ ਰਹੇ ਹਾਂ। ਇਨ੍ਹਾਂ ਉਤੇ ਤਕਰੀਬਨ 97 ਭਾਰਤੀ ਸਵਾਰ ਹਨ।' ਭਾਰਤੀ ਕੌਂਸਲੇਟ ਜਨਰਲ ਨੂੰ ਇਨ੍ਹਾਂ ਜਹਾਜ਼ਾਂ ਦੇ ਅਮਲੇ ਵਿੱਚ ਸ਼ਾਮਲ ਹੋਰ ਦੇਸ਼ਾਂ ਦੇ ਮੈਂਬਰਾਂ ਦੀ ਅਸਲ ਗਿਣਤੀ ਬਾਰੇ ਨਹੀਂ ਪਤਾ ਪਰ ਮਿਸ਼ਨ ਨੇ ਕਿਹਾ ਕਿ ਇਨ੍ਹਾਂ ਬੇੜਿਆਂ ਉਤੇ ਸ੍ਰੀਲੰਕਾ, ਫਿਲਪੀਨਜ਼, ਮਿਆਂਮਾਰ ਤੇ ਪਾਕਿਸਤਾਨ ਦੇ ਜਹਾਜ਼ੀ ਵੀ ਹਨ।
ਅਖ਼ਬਾਰ ਦੇ ਸਵਾਲ ਦੇ ਜਵਾਬ ਵਿੱਚ ਮਿਸ਼ਨ ਨੇ ਕਿਹਾ, 'ਕੰਟਰੈਕਟ ਸਮਾਪਤ ਹੋਣ ਬਾਅਦ ਵੀ ਵਾਪਸ ਨਾ ਭੇਜਣ, ਬਕਾਇਆ ਤਨਖਾਹ ਨਾ ਦੇਣ, ਖਾਣਾ, ਤਾਜ਼ਾ ਪਾਣੀ ਤੇ ਈਂਧਣ ਉਪਲਬਧ ਨਾ ਕਰਾਉਣ ਉਤੇ ਜਹਾਜ਼ੀਆਂ ਨੇ ਚਿੰਤਾ ਜ਼ਾਹਰ ਕੀਤੀ ਹੈ।' ਅਖ਼ਬਾਰ ਨੇ ਕਿਹਾ ਕਿ ਜ਼ਿਆਦਾਤਰ ਜਹਾਜ਼ੀਆਂ ਨੇ ਉਨ੍ਹਾਂ ਦੇ ਮਾਲਕਾਂ ਵੱਲੋਂ ਪਿਛਲੇ ਕਈ ਮਹੀਨਿਆਂ ਤੋਂ ਤਨਖ਼ਾਹਾਂ ਨਾ ਦਿੱਤੇ ਜਾਣ ਬਾਰੇ ਸ਼ਿਕਾਇਤ ਕੀਤੀ ਹੈ। ਉਹ ਕੰਟਰੈਕਟ ਖ਼ਤਮ ਹੋਣ ਬਾਅਦ ਆਪਣੇ ਬਕਾਏ ਲੈ ਕੇ ਘਰਾਂ ਨੂੰ ਜਾਣਾ ਚਾਹੁੰਦੇ ਹਨ।
ਕੌਂਸਲੇਟ ਜਨਰਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਬਕਾਏ, ਖਾਣੇ, ਪਾਣੀ ਤੇ ਤੇਲ ਦੀ ਵਿਵਸਥਾ ਲਈ ਏਜੰਟਾਂ ਤੇ ਮਾਲਕਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਇਨ੍ਹਾਂ ਨੂੰ ਘਰਾਂ ਨੂੰ ਭੇਜਣ ਲਈ ਬੇਨਤੀ ਕੀਤੀ ਜਾ ਰਹੀ ਹੈ। ਅਖ਼ਬਾਰ ਮੁਤਾਬਕ ਮਿਸ਼ਨ ਨੇ ਪਿਛਲੇ ਹਫਤਿਆਂ ਦੌਰਾਨ ਐਮਵੀ ਗਲਫ ਪਰਲ, ਐਮਵੀ ਅਯਾਹ, ਇੰਜਾਜ਼ 2, ਐਮਵੀ ਸਲੇਮ, ਐਮਵੀ ਰੌਕ ਅਤੇ ਏਐਲ ਹਮਾਦ-1 ਜਹਾਜ਼ਾਂ ਦੇ 36 ਨਾਵਿਕਾਂ ਦੀ ਵਤਨ ਵਾਪਸੀ ਵਿੱਚ ਮਦਦ ਕੀਤੀ ਹੈ। ਕੌਂਸਲੇਟ ਨੇ ਕੁੱਝ ਜਹਾਜ਼ੀਆਂ ਨੂੰ ਖਾਣੇ ਤੇ ਤੇਲ ਤੋਂ ਇਲਾਵਾ ਮੋਬਾਈਲ ਫੋਨ ਵੀ ਰੀਚਾਰਜ ਕਰਾ ਕੇ ਦਿੱਤੇ ਹਨ।
ਸ੍ਰੀ ਵਿਪੁਲ ਨੇ ਕਿਹਾ ਕਿ ਮਿਸ਼ਨ ਵੱਲੋਂ ਫਸੇ ਜਹਾਜ਼ੀਆਂ ਦੇ ਕੇਸ ਸਬੰਧਤ ਅਧਿਕਾਰੀਆਂ ਕੋਲ ਉਠਾਏ ਜਾ ਰਹੇ ਹਨ। ਉਨ੍ਹਾਂ ਸਪੱਸ਼ਟ ਕੀਤਾ, 'ਅਸੀਂ ਇਕੱਲੇ ਉਨ੍ਹਾਂ ਦੀਆਂ ਸਮੱਸਿਆਵਾਂ ਖਾਸ ਤੌਰ 'ਤੇ ਉਨ੍ਹਾਂ ਦੀਆਂ ਬਕਾਇਆ ਤਨਖ਼ਾਹਾਂ ਨੂੰ ਹੱਲ ਨਹੀਂ ਕਰ ਸਕਦੇ।' ਉਨ੍ਹਾਂ ਨੇ ਭਾਰਤੀ ਜਹਾਜ਼ੀਆਂ ਨੂੰ ਵੀ ਬੇਨਤੀ ਕੀਤੀ ਹੈ ਕਿ ਉਹ ਅਜਿਹੀ ਸਥਿਤੀ ਤੋਂ ਬਚਣ ਲਈ ਜੁਆਇਨ ਕਰਨ ਤੋਂ ਪਹਿਲਾਂ ਸ਼ਿੱਪਿੰਗ ਕੰਪਨੀਆਂ ਦੀ ਮਾਲੀ ਹਾਲਤ ਤੇ ਭਰੋਸੇਯੋਗਤਾ ਪੜਤਾਲ ਲਿਆ ਕਰਨ।

# ਸੰਗਤ ਦੇ ਵਿਰੋਧ ਮਗਰੋਂ ਹਰਿਮੰਦਰ ਸਾਹਿਬ ਵਿੱਚ ਗੂੜ੍ਹੇ ਰੰਗਾਂ ਦੀਆਂ ਲਾਈਟਾਂ ਕੀਤੀਆਂ ਬੰਦ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿੱਚ ਅਤਿ-ਆਧੁਨਿਕ ਲਾਈਟਾਂ ਲਾਉਣ ਦੇ ਚੱਲ ਰਹੇ ਕੰਮ ਦੌਰਾਨ ਤਜਰਬੇ ਵਜੋਂ ਗੂੜ੍ਹੇ ਰੰਗਾਂ ਦੀਆਂ ਲਾਈਟਾਂ ਦਾ ਪ੍ਰਦਰਸ਼ਨ ਕੀਤੇ ਜਾਣ 'ਤੇ ਸੰਗਤ ਵੱਲੋਂ ਵਿਰੋਧ ਕੀਤਾ ਗਿਆ ਹੈ। ਇਸ ਕਾਰਨ ਲਾਈਟਾਂ ਬੰਦ ਕਰ ਦਿੱਤੀਆਂ ਗਈਆਂ ਹਨ ਅਤੇ ਹੁਣ ਪ੍ਰਾਜੈਕਟ ਮੁਕੰਮਲ ਹੋਣ ਮਗਰੋਂ ਹੀ ਦੁਬਾਰਾ ਸ਼ੁਰੂ ਹੋਣਗੀਆਂ। ਲਗਭਗ 13 ਕਰੋੜ ਰੁਪਏ ਦੀ ਇਸ ਯੋਜਨਾ ਤਹਿਤ ਇਕ ਨਾਮੀ ਕੰਪਨੀ ਦੀਆਂ ਅਤਿ-ਆਧੁਨਿਕ ਲਾਈਟਾਂ ਲਾਈਆਂ ਗਈਆਂ ਹਨ। ਪਿਛਲੇ ਦਿਨੀਂ ਤਜਰਬੇ ਵਜੋਂ ਦੋ-ਤਿੰਨ ਦਿਨ ਪਰਿਕਰਮਾ, ਘੰਟਾ ਘਰ, ਆਟਾ ਮੰਡੀ ਚੌਕ ਵਾਲੇ ਪਾਸੇ ਲਾਲ, ਨੀਲੇ ਤੇ ਹਰੇ ਰੰਗ ਦੀਆਂ ਲਾਈਟਾਂ ਪ੍ਰਦਰਸ਼ਤ ਕੀਤੀਆਂ ਗਈਆਂ ਸਨ। ਸ੍ਰੀ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਦੇ ਸਿੱਧੇ ਪ੍ਰਸਾਰਨ ਦੌਰਾਨ ਰਾਤ ਸਮੇਂ ਸ਼ਰਧਾਲੂਆਂ ਨੇ ਇਨ੍ਹਾਂ ਲਾਈਟਾਂ ਦਾ ਪ੍ਰਦਰਸ਼ਨ ਵੀ ਵੇਖਿਆ। ਕੁਝ ਸ਼ਰਧਾਲੂਆਂ ਵੱਲੋਂ ਇਸ ਰੂਹਾਨੀ ਅਸਥਾਨ 'ਤੇ ਇਨ੍ਹਾਂ ਗੂੜ੍ਹੇ ਰੰਗਾਂ ਵਾਲੀਆਂ ਲਾਈਟਾਂ ਦੇ ਪ੍ਰਦਰਸ਼ਨ 'ਤੇ ਇਤਰਾਜ਼ ਕੀਤਾ ਗਿਆ ਹੈ। ਸਿੱਖ ਵਿਦਵਾਨ ਭਾਈ ਅਸ਼ੋਕ ਸਿੰਘ ਬਾਗੜੀਆ ਨੇ ਆਖਿਆ ਕਿ ਇਸ ਰੂਹਾਨੀ ਅਸਥਾਨ 'ਤੇ ਅਜਿਹੀਆਂ ਗੂੜ੍ਹੇ ਤੇ ਭੜਕਾਊ ਰੰਗਾਂ ਵਾਲੀਆਂ ਲਾਈਟਾਂ ਦਾ ਪ੍ਰਭਾਵ ਠੀਕ ਨਹੀਂ ਹੈ। ਇਸ ਦੌਰਾਨ ਤਕਨੀਕੀ ਮਾਹਰਾਂ ਨੇ ਸਪਸ਼ਟ ਕੀਤਾ ਕਿ ਤਜਰਬੇ ਵਜੋਂ ਇਨ੍ਹਾਂ ਲਾਈਟਾਂ ਦਾ ਪ੍ਰਦਰਸ਼ਨ ਕੀਤਾ ਗਿਆ ਸੀ, ਜਿਸ ਨੂੰ ਬੰਦ ਕਰ ਦਿੱਤਾ ਗਿਆ ਹੈ। ਇਹ ਯੋਜਨਾ 20 ਜੁਲਾਈ ਤੱਕ ਮੁਕੰਮਲ ਹੋਣ ਦੀ ਉਮੀਦ ਹੈ ਅਤੇ ਇਸ ਮਗਰੋਂ ਹੀ ਕੰਪਿਊਟਰ ਦੀ ਮਦਦ ਨਾਲ ਹਲਕੇ ਰੰਗਾਂ ਦੀ ਚੋਣ ਕੀਤੀ ਜਾਵੇਗੀ। ਇਕ ਹੋਰ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਅਤਿ-ਆਧੁਨਿਕ ਲਾਈਟਾਂ ਲਾਉਣ ਦੀ ਯੋਜਨਾ ਹੇਠ ਲਾਈਟਾਂ ਲਾਉਣ ਦਾ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਹੁਣ ਇਨ੍ਹਾਂ ਨੂੰ ਕੁਨੈਕਸ਼ਨ ਦਿੱਤੇ ਜਾ ਰਹੇ ਹਨ। ਜਲਦੀ ਹੀ ਕੰਮ ਮੁਕੰਮਲ ਹੋ ਜਾਵੇਗਾ।



# "ਕਰਜ਼ਾ ਮੁਆਫ਼ੀ ਪੱਕੀ, ਪਰ ਥੋੜਾ ਸਮਾਂ ਲੱਗੂ"



**ਚੰਡੀਗੜ੍ਹ/ਬਿਊਰੋ ਨਿਊਜ਼:** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਰਜ਼ਾ ਮੁਆਫ਼ੀ ਬਾਰੇ ਫ਼ੈਸਲਾ ਅਮਲ ਵਿੱਚ ਲਿਆਉਣ ਲਈ ਨੋਟੀਫਿਕੇਸ਼ਨ ਛੇਤੀ ਜਾਰੀ ਕਰਨ ਦਾ ਭਰੋਸਾ ਦਿੰਦਿਆਂ ਸਪੱਸ਼ਟ ਕੀਤਾ ਕਿ ਜਿਨ੍ਹਾਂ ਕਿਸਾਨਾਂ ਦਾ ਕਰਜ਼ਾ ਮੁਆਫ਼ ਹੋ ਚੁੱਕਾ ਹੈ, ਉਨ੍ਹਾਂ ਨੂੰ ਕਰਜ਼ੇ ਦੀ ਅਦਾਇਗੀ ਕਰਨ ਤੋਂ ਮੁਕਤ ਕੀਤਾ ਜਾਂਦਾ ਹੈ ਪਰ ਕਰਜ਼ਾ ਮੁਆਫ਼ੀ ਦਾ ਫ਼ੈਸਲਾ ਲਾਗੂ ਕਰਨ ਵਿੱਚ ਲਗਪਗ ਤਿੰਨ ਮਹੀਨਿਆਂ ਦਾ ਸਮਾਂ ਲੱਗਣ ਦੇ ਆਸਾਰ ਹਨ। 'ਹੱਕ ਕਮੇਟੀ' ਦੀ ਰਿਪੋਰਟ ਦੋ ਮਹੀਨਿਆਂ ਵਿੱਚ ਆਵੇਗੀ ਜਿਸ ਤੋਂ ਬਾਅਦ ਵਿਭਾਗ ਵਜ਼ਾਰਤ ਨੂੰ ਰਿਪੋਰਟ ਲਾਗੂ ਕਰਨ ਲਈ ਪ੍ਰਵਾਨਗੀ ਦੇਵੇਗਾ, ਜਿਸ ਤੋਂ ਬਾਅਦ ਨੋਟੀਫਿਕੇਸ਼ਨ ਜਾਰੀ ਹੋਵੇਗਾ। ਕਰਜ਼ਾ ਮੁਆਫ਼ੀ ਸਕੀਮ ਦਾ ਲਾਭ ਪੰਜ ਏਕੜ ਤੱਕ ਦੀ ਮਾਲਕੀ ਵਾਲੇ 10.20 ਲੱਖ ਕਿਸਾਨਾਂ ਨੂੰ ਮਿਲੇਗਾ। ਵੀਰਵਾਰ ਨੂੰ ਇੱਥੇ ਵੱਖ-ਵੱਖ ਕਿਸਾਨ ਜਥੇਬੰਦੀਆਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਭਰੋਸਾ ਦਿਵਾਇਆ ਕਿ ਸਰਕਾਰ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਵਾਉਣ ਲਈ ਕੇਂਦਰ ਸਰਕਾਰ 'ਤੇ ਦਬਾਅ ਜਾਰੀ ਰੱਖੇਗੀ। ਮੁੱਖ ਮੰਤਰੀ ਨੇ ਭਰੋਸਾ ਦਿੱਤਾ ਕਿ ਇਹ ਮਾਮਲਾ ਉਨ੍ਹਾਂ ਦੇ ਏਜੰਡੇ 'ਤੇ ਸਭ ਤੋਂ ਉਪਰ ਹੈ ਅਤੇ ਕਿਸਾਨਾਂ ਦੇ ਦੁੱਖ-ਤਕਲੀਫ਼ਾਂ ਦੂਰ ਕਰਨ ਲਈ ਉਹ ਪੂਰੀ ਵਾਹ ਲਾ ਦੇਣਗੇ। ਆੜ੍ਹਤੀਆਂ ਦੇ ਕਰਜ਼ਿਆਂ ਬਾਰੇ ਮੁੱਖ ਮੰਤਰੀ ਨੇ ਆਖਿਆ ਕਿ ਇਨ੍ਹਾਂ ਦਾ ਹੱਲ ਕੱਢਣ ਲਈ ਆੜ੍ਹਤੀਆਂ ਨਾਲ ਗੱਲਬਾਤ ਵਾਸਤੇ ਕੈਬਨਿਟ ਸਬ-ਕਮੇਟੀ ਦਾ ਗਠਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਕੋਲ ਕਿਸੇ ਹੋਰ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਮਸਲੇ ਦਾ ਹੱਲ ਕੱਢਣ ਲਈ ਗੱਲਬਾਤ ਦਾ ਸਿਲਸਿਲਾ ਜਾਰੀ ਰੱਖਣ ਦੀ ਵਕਾਲਤ ਕਰਦਿਆਂ ਉਨ੍ਹਾਂ ਆਖਿਆ ਕਿ ਪੰਜਾਬ ਹੋਰ ਸੂਬਿਆਂ ਨੂੰ ਪਾਣੀ ਦੇਣ ਦੀ ਇਜਾਜ਼ਤ ਨਹੀਂ ਦੇਵੇਗਾ। ਬੀਕੇਯੂ (ਲੱਖੋਵਾਲ) ਨੇ ਕੀਟਨਾਸ਼ਕ ਅਤੇ ਨਦੀਨਨਾਸ਼ਕ ਦਵਾਈਆਂ ਦੀਆਂ ਕੀਮਤਾਂ ਘੱਟ ਕਰਨ ਅਤੇ 'ਪਗੜੀ ਸੰਭਾਲ ਜੱਟਾ ਲਹਿਰ' ਵੱਲੋਂ ਗੰਨੇ ਦਾ ਘੱਟੋ-ਘੱਟ ਭਾਅ 375 ਰੁਪਏ ਪ੍ਰਤੀ ਕੁਇੰਟਲ ਨਿਰਧਾਰਤ ਕਰਨ ਅਤੇ ਗੰਨੇ ਦੀ ਬਕਾਇਆ ਰਕਮ ਫੌਰੀ ਦੇਣ ਦੀ ਮੰਗ ਕਰਦਿਆਂ ਹੁਸ਼ਿਆਰਪੁਰ ਅਤੇ ਗੁਰਦਾਸਪੁਰ ਨੂੰ ਗੰਨਾ ਜ਼ੋਨ ਐਲਾਨਣ ਦੀ ਮੰਗ ਕੀਤੀ।
ਕਿਸਾਨ ਜਥੇਬੰਦੀਆਂ ਨੇ ਆਲੂ, ਮੱਕੀ ਅਤੇ ਬਾਸਮਤੀ ਦੀਆਂ ਫ਼ਸਲਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਹੇਠ ਲਿਆਉਣ ਦੀ ਮੰਗ ਕੀਤੀ ਤੇ ਇਸ ਲਈ ਫੰਡ ਕਾਇਮ ਕਰਨ 'ਤੇ ਜ਼ੋਰ ਦਿੱਤਾ। ਬੀ.ਕੇ.ਯੂ. (ਸਿੱਧੂਪੁਰ) ਨੇ ਖਰੀਦ ਏਜੰਸੀਆਂ ਦੀ ਥਾਂ ਕਿਸਾਨਾਂ ਨੂੰ ਖ਼ਰੀਦ ਦਾ ਸਿੱਧਾ ਭੁਗਤਾਨ ਅਤੇ ਲੋੜ ਅਨੁਸਾਰ ਟਰਾਂਸਫਾਰਮਰ ਬਦਲਣ ਦੇ ਮੁੱਦੇ ਚੁੱਕੇ। ਬੀ.ਕੇ.ਯੂ. (ਮਾਨ) ਨੇ 60 ਸਾਲ ਤੋਂ ਵੱਧ ਉਮਰ ਵਾਲੇ ਕਿਸਾਨਾਂ ਨੂੰ ਪੈਨਸ਼ਨ ਦਿੱਤੇ ਜਾਣ ਦੀ ਮੰਗ ਕੀਤੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਸੁਨੀਲ ਜਾਖੜ ਨੇ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਖੇਤੀਬਾੜੀ ਨੂੰ ਜੀ.ਐਸ.ਟੀ. ਤੋਂ ਬਾਹਰ ਰੱਖਣ ਦਾ ਮੁੱਦਾ ਕੇਂਦਰ ਸਰਕਾਰ ਕੋਲ ਉਠਾਵੇ।
ਮੀਟਿੰਗ ਵਿੱਚ ਕੈਬਨਿਟ ਮੰਤਰੀ ਮਨਪ੍ਰੀਤ ਬਾਦਲ ਤੇ ਤ੍ਰਿਪਤ ਰਜਿੰਦਰ ਸਿੰਘ ਬਾਜਵਾ, ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਲਾਲ ਸਿੰਘ ਤੇ ਕਈ ਪ੍ਰਸ਼ਾਸਨਿਕ ਅਧਿਕਾਰੀ ਹਾਜ਼ਰ ਸਨ।

# ਸਿੱਖ ਜਥੇ ਰੋਕਣ 'ਤੇ ਪਾਕਿ ਗੁਰਦੁਆਰਾ ਕਮੇਟੀ ਵੱਲੋਂ ਭਾਰਤ ਖ਼ਿਲਾਫ਼ ਮੁਜ਼ਾਹਰਾ 7 ਨੂੰ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਾਕਿਸਤਾਨ ਸਥਿਤ ਸਿੱਖ ਗੁਰਧਾਮਾਂ ਦੀ ਯਾਤਰਾ ਲਈ ਭਾਰਤ ਦੇ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਰੋਕਣ ਖ਼ਿਲਾਫ਼ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐਸਜੀਪੀਸੀ) ਵੱਲੋਂ 7 ਜੁਲਾਈ ਨੂੰ ਸਰਹੱਦ ਪਾਰ ਵਾਹਗਾ (ਪਾਕਿਸਤਾਨ) ਵਿੱਚ ਭਾਰਤ ਸਰਕਾਰ ਖ਼ਿਲਾਫ਼ ਮੁਜ਼ਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਐਲਾਨ ਲਾਹੌਰ ਵਿੱਚ ਔਕਾਫ਼ ਬੋਰਡ ਦੇ ਦਫ਼ਤਰ ਵਿੱਚ ਸੱਦੀ ਪ੍ਰੈੱਸ ਕਾਨਫਰੰਸ ਵਿੱਚ ਕੀਤਾ ਗਿਆ।
ਇਹ ਕਾਨਫਰੰਸ ਪੀਐਸਜੀਪੀਸੀ ਅਤੇ ਔਕਾਫ਼ ਬੋਰਡ ਦੇ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ ਸੀ। ਇਕ ਬਿਆਨ ਵਿੱਚ ਪੀਐਸਜੀਪੀਸੀ ਦੇ ਪ੍ਰਧਾਨ ਤਾਰਾ ਸਿੰਘ ਨੇ ਆਖਿਆ ਕਿ ਭਾਰਤ ਸਰਕਾਰ ਵੱਲੋਂ 8 ਅਤੇ 28 ਜੂਨ ਨੂੰ ਦੋ ਵਾਰ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ 'ਤੇ ਆਉਣ ਤੋਂ ਰੋਕਿਆ ਗਿਆ ਹੈ। ਉਨ੍ਹਾਂ ਸ਼੍ਰੋਮਣੀ ਕਮੇਟੀ, ਦਿੱਲੀ ਕਮੇਟੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਸਮੇਤ ਹੋਰ ਤਖ਼ਤਾਂ ਦੇ ਜਥੇਦਾਰਾਂ ਨੂੰ ਅਪੀਲ ਕੀਤੀ ਹੈ ਕਿ ਭਾਰਤੀ ਸਿੱਖ ਸ਼ਰਧਾਲੂਆਂ ਦੇ ਜਥਿਆਂ ਨੂੰ ਅਟਾਰੀ ਰੇਲਵੇ ਸਟੇਸ਼ਨ 'ਤੇ ਰੋਕੇ ਜਾਣ ਖ਼ਿਲਾਫ਼ ਭਾਰਤ ਸਰਕਾਰ ਦੀ ਨਿਖੇਧੀ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਦੇ ਇਸ ਰਵੱਈਏ ਖ਼ਿਲਾਫ਼ 7 ਜੁਲਾਈ ਨੂੰ ਵਾਹਗਾ ਸਰਹੱਦ ਵਿਖੇ ਰੋਸ ਮੁਜ਼ਾਹਰਾ ਕੀਤਾ ਜਾਵੇਗਾ। ਇਸ ਸਬੰਧ ਵਿੱਚ ਸੰਯੁਕਤ ਰਾਸ਼ਟਰ ਕੋਲ ਸ਼ਿਕਾਇਤ ਕਰਨ ਦਾ ਵੀ ਫ਼ੈਸਲਾ ਕੀਤਾ ਗਿਆ ਹੈ।
ਇਸ ਮੌਕੇ ਲਹਿੰਦੇ ਪੰਜਾਬ ਦੇ ਮੰਤਰੀ ਰਮੇਸ਼ ਸਿੰਘ ਅਰੋੜਾ, ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਮਨਿੰਦਰ ਸਿੰਘ, ਔਕਾਫ਼ ਬੋਰਡ ਦੇ ਚੇਅਰਮੈਨ ਮੁਹੰਮਦ ਸਦੀਕ ਉਲ ਫ਼ਰੂਕ, ਡਿਪਟੀ ਸਕੱਤਰ ਇਮਰਾਨ ਖਾਨ ਗੋਂਦਲ, ਫਰਾਜ ਅੱਬਾਸ, ਗੁਰਦੁਆਰਾ ਡੇਰਾ ਸਾਹਿਬ ਦੇ ਨਿਗਰਾਨ ਅਜ਼ਹਰ ਅੱਬਾਸ ਸ਼ਾਮਲ ਸਨ।

# ਉਤਸ਼ਾਹ ਨਾਲ ਮਨਾਇਆ ਗਿਆ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ

**ਅੰਮ੍ਰਿਤਸਰ/ਬਿਊਰੋ ਨਿਊਜ਼ :**
ਭਗਤੀ ਤੇ ਸ਼ਕਤੀ ਦੇ ਕੇਂਦਰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਥਾਪਨਾ ਦਿਵਸ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਉਤਸ਼ਾਹ ਸਹਿਤ ਮਨਾਇਆ ਗਿਆ। ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਜਿੰਦਰ ਸਿੰਘ ਦੇ ਕੀਰਤਨੀ ਜਥੇ ਵੱਲੋਂ ਕੀਰਤਨ ਸਰਵਨ ਕਰਾਏ ਜਾਣ ਉਪਰੰਤ ਸਿੰਘ ਸਾਹਿਬ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਸਮਰਪਿਤ ਹੋ ਕੇ ਹਰ ਹੁਕਮਨਾਮੇ, ਆਦੇਸ਼ ਤੇ ਸੰਦੇਸ਼ ਦੀ ਪਾਲਣਾ ਕਰਦਿਆਂ ਗੁਰੂ ਗ੍ਰੰਥ ਤੇ ਗੁਰੂ ਪੰਥ ਨਾਲ ਜੁੜਨ ਦੀ ਤਾਕੀਦ ਕੀਤੀ। ਉਨ੍ਹਾਂ ਕਿਹਾ ਕਿ ਮੀਰੀ-ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਿਰਜਣਾ ਕਰਵਾ ਕੇ ਭਗਤੀ ਅਤੇ ਸ਼ਕਤੀ ਦਾ ਸੁਮੇਲ ਕੀਤਾ ਤੇ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ



ਵੀ ਇਸ ਅਸਥਾਨ 'ਤੇ ਸੁਸ਼ੋਭਿਤ ਹੋ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਉਸਾਰੀ ਕਰਾਉਂਦੇ ਰਹੇ। ਉਨ੍ਹਾਂ ਕਿਹਾ ਕਿ ਇਸ ਪਾਵਨ ਅਸਥਾਨ 'ਤੇ ਹਮੇਸ਼ਾ ਹੀ ਕੌਮ ਦੇ ਭਲੇ ਵਾਸਤੇ ਫ਼ੈਸਲੇ ਲਏ ਜਾਂਦੇ ਹਨ। ਸਿੰਘ ਸਾਹਿਬ ਨੇ ਦੱਸਿਆ ਕਿ ਖ਼ਾਲਸਾ ਪੰਥ ਨੇ ਇਸੇ ਹੀ ਅਸਥਾਨ 'ਤੇ ਗੁਰਮਤਾ ਕਰਕੇ ਖ਼ਾਲਸਾ ਪੰਥ ਨੂੰ 25 ਜਥਿਆਂ ਵਿਚ ਵੰਡਿਆ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 11 ਮਿਸਲਾਂ ਨੂੰ ਆਰੰਭ ਕਰਨ ਦਾ ਫ਼ੈਸਲਾ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਵੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥਕ ਸੇਵਾਵਾਂ ਕਰਨ ਵਾਲੇ ਗੁਰਮੁਖ ਪਿਆਰਿਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ, ਪਰ ਪੰਥ ਵਿਚ ਦੁਬਿਧਾ ਪਾਉਣ ਵਾਲਿਆਂ, ਗੁਰਬਾਣੀ ਗੁਰ-ਇਤਿਹਾਸ ਨੂੰ ਵਿਗਾੜਣ ਵਾਲਿਆਂ ਅਤੇ ਬੇਅਦਬੀ ਕਰਨ ਵਾਲਿਆਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਧਾਰਮਿਕ ਸਜ਼ਾਵਾਂ ਵੀ ਲਗਾਈਆਂ ਜਾਂਦੀਆਂ ਹਨ। ਇਸ ਮੌਕੇ ਅਰਦਾਸ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਮਲਕੀਤ ਸਿੰਘ ਵਰਪਾਲ ਨੇ ਕੀਤੀ ਤੇ ਹੁਕਮਨਾਮਾ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਸਰਵਨ ਕਰਾਇਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਮੈਂਬਰ ਅਜੈਬ ਸਿੰਘ ਅਭਿਆਸੀ, ਹਰਚਰਨ ਸਿੰਘ ਮੁੱਖ ਸਕੱਤਰ, ਅਰਦਾਸੀਆ ਭਾਈ ਕੁਲਵਿੰਦਰ ਸਿੰਘ, ਮੈਨੇਜਰ ਸੁਲੱਖਣ ਸਿੰਘ ਭੰਗਾਲੀ, ਵਧੀਕ ਮੈਨੇਜਰ ਹਰਜਿੰਦਰ ਸਿੰਘ ਭੂਰਾ ਕੋਹਨਾ, ਸੁਖਰਾਜ ਸਿੰਘ, ਬਘੇਲ ਸਿੰਘ, ਲਖਬੀਰ ਸਿੰਘ ਤੇ ਸਤਿੰਦਰਪਾਲ ਸਿੰਘ ਸਮੇਤ ਸੰਗਤਾਂ ਹਾਜ਼ਰ ਸਨ।

## ਦਮਦਮੀ ਟਕਸਾਲ ਵੱਲੋਂ ਸ਼ਹੀਦੀ ਗੈਲਰੀ ਦੀ ਸੇਵਾ 6 ਜੁਲਾਈ ਤੋਂ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜੂਨ 1984 ਵਿਚ ਸਾਕਾ ਨੀਲਾ ਤਾਰਾ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸਿੰਘ ਸਿੰਘਣੀਆਂ ਦੀ ਯਾਦ ਨੂੰ ਸਮਰਪਿਤ ਗੁਰਦੁਆਰਾ ਯਾਦਗਾਰ ਸ਼ਹੀਦਾਂ ਵਿਖੇ ਬਣਾਈ ਜਾਣ ਵਾਲੀ ਸ਼ਹੀਦੀ ਗੈਲਰੀ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅੰਤ੍ਰਿੰਗ ਕਮੇਟੀ ਵੱਲੋਂ ਪ੍ਰਵਾਨਗੀ ਮਿਲਣ ਤੋਂ ਬਾਅਦ ਦਮਦਮੀ ਟਕਸਾਲ ਵੱਲੋਂ ਇਸ ਦੀ ਕਾਰ ਸੇਵਾ 6 ਜੁਲਾਈ ਤੋਂ ਆਰੰਭ ਕੀਤੀ ਜਾ ਰਹੀ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਗੁਰਦੁਆਰਾ ਯਾਦਗਾਰ ਸ਼ਹੀਦਾਂ ਦੇ ਜ਼ਮੀਨਦੋਜ਼ ਹਾਲ ਵਿਚ ਉਸਾਰੀ ਜਾਣ ਵਾਲੀ ਇਸ ਸ਼ਹੀਦੀ ਗੈਲਰੀ ਸਬੰਧੀ ਤਿਆਰੀਆਂ ਜ਼ੋਰਾਂ 'ਤੇ ਹਨ। ਟਕਸਾਲ ਵੱਲੋਂ ਇਸ ਗੈਲਰੀ ਵਿਚ ਜੂਨ '84 ਦੇ ਘੱਲੂਘਾਰੇ ਦੌਰਾਨ ਸ਼ਹੀਦ ਹੋਏ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲੇ, ਜਨਰਲ ਸੁਬੇਗ ਸਿੰਘ, ਭਾਈ ਅਮਰੀਕ ਸਿੰਘ ਤੇ ਹੋਰ ਸ਼ਹੀਦ ਸਿੰਘਾਂ, ਸਿੰਘਣੀਆਂ, ਜਿਨ੍ਹਾਂ ਦੀ ਦਲ ਖ਼ਾਲਸਾ ਦੇ ਬੁਲਾਰੇ ਭਾਈ ਕੰਵਰਪਾਲ ਸਿੰਘ ਅਨੁਸਾਰ ਗਿਣਤੀ 220 ਦੇ ਕਰੀਬ ਹੈ, ਦੀਆਂ ਤਸਵੀਰਾਂ ਲਗਾਈਆਂ ਜਾਣੀਆਂ ਹਨ। ਸ਼ਹੀਦਾਂ ਦੀਆਂ ਰਵਾਇਤੀ ਤਸਵੀਰਾਂ ਦੇ ਨਾਲ-ਨਾਲ ਟਕਸਾਲ ਵੱਲੋਂ ਆਧੁਨਿਕ ਤਕਨੀਕਾਂ ਵਾਲੀਆਂ ਡਿਜੀਟਲ ਤੇ ਟੱਚ ਸਕਰੀਨ ਵਾਲੀਆਂ ਐਲ.ਈ.ਡੀ.ਵੀ ਸਥਾਪਤ ਕੀਤੀਆਂ ਜਾਣੀਆਂ ਹਨ, ਜਿਨ੍ਹਾਂ 'ਤੇ ਛੂਹਣ ਨਾਲ ਸ਼ਹੀਦਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਦੇ ਜੀਵਨ ਸਬੰਧੀ ਵੇਰਵੇ ਦਰਸਾਏ ਜਾਣੇ ਹਨ। ਪ੍ਰਾਪਤ ਵੇਰਵਿਆਂ ਅਨੁਸਾਰ 6 ਜੁਲਾਈ ਨੂੰ ਸਵੇਰੇ 9 ਵਜੇ ਸ਼ਹੀਦੀ ਗੈਲਰੀ ਦੀ ਕਾਰ ਸੇਵਾ ਰਸਮੀ ਤੌਰ 'ਤੇ ਅਰੰਭ ਹੋਵੇਗੀ ਤੇ ਇਸ ਉਪਰੰਤ ਇਸ ਅਸਥਾਨ 'ਤੇ ਜੂਨ '84 ਦੇ ਸਮੂਹ ਸ਼ਹੀਦਾਂ ਦੀ ਯਾਦ ਵਿਚ ਲੜੀਵਾਰ ਸ੍ਰੀ ਅਖੰਡ ਪਾਠ ਗੁਰਦੁਆਰਾ ਯਾਦਗਾਰ ਸ਼ਹੀਦਾਂ ਵਿਖੇ ਆਰੰਭ ਹੋਣਗੇ। ਟਕਸਾਲ ਦੇ ਮੁਖੀ ਗਿਆਨੀ ਹਰਨਾਮ ਸਿੰਘ ਖ਼ਾਲਸਾ ਅਨੁਸਾਰ 6 ਜੁਲਾਈ ਨੂੰ ਹੀ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਦਮਦਮੀ ਟਕਸਾਲ ਦੇ 15ਵੇਂ ਮੁਖੀ ਸੰਤ ਬਾਬਾ ਠਾਕਰ ਸਿੰਘ ਖ਼ਾਲਸਾ ਦੀ ਤਸਵੀਰ ਵੀ ਲਗਾਈ ਜਾ ਰਹੀ ਹੈ।

# ਸਿੱਖਾਂ ਤੇ ਇਸਾਈਆਂ ਵਿਚਾਲੇ ਵਿਵਾਦ ਸੁਲਝਾਉਣ ਲਈ ਇਸਾਈ ਆਗੂ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲੇ

**ਅੰਮ੍ਰਿਤਸਰ/ਬਿਊਰੋ ਨਿਊਜ਼:** ਇਸਾਈ ਅਤੇ ਸਿੱਖ ਭਾਈਚਾਰੇ ਵਿਚਾਲੇ ਪਿਛਲੇ ਕੁਝ ਦਿਨਾਂ ਤੋਂ ਵੱਧ ਰਹੇ ਵਿਵਾਦ ਨੂੰ ਖ਼ਤਮ ਕਰਨ ਦੇ ਮੰਤਵ ਨਾਲ ਸ਼ੁਕਰਵਾਰ ਨੂੰ ਡਾਇਸਿਸ ਆਫ ਜਲੰਧਰ ਦੇ ਆਗੂਆਂ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕੀਤੀ ਹੈ। ਦੋਵਾਂ ਧਰਮਾਂ ਦੇ ਆਗੂਆ ਵੱਲੋਂ ਵਿਚਾਰ-ਵਟਾਂਦਰੇ ਮਗਰੋਂ ਆਪੋ ਆਪਣੀ ਕੌਮ ਦੇ ਲੋਕਾਂ ਨੂੰ ਆਪਸੀ ਭਾਈਚਾਰਾ ਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਗਈ ਹੈ। ਸ੍ਰੀ ਅਕਾਲ ਤਖ਼ਤ ਦੇ ਸਕੱਤਰੇਤ ਵਿਖੇ ਆਏ ਮਸੀਹ ਭਾਈਚਾਰੇ ਦੇ ਆਗੂਆਂ ਵਿੱਚ ਜਲੰਧਰ ਡਾਇਸਿਸ ਦੇ ਬਿਸ਼ਪ ਫਰੈਂਕੋ ਮੁਲੱਕਲ, ਫਾਦਰ ਪੀਟਰ ਕਾਵੁਮਪੁਰਮ ਤੇ ਹੋਰ ਸ਼ਾਮਲ ਸਨ। ਇਨ੍ਹਾਂ ਨੇ ਪਿਛਲੇ ਦਿਨੀਂ ਸਿੱਖ ਆਗੂ ਪਰਮਜੀਤ ਸਿੰਘ ਅਕਾਲੀ ਵੱਲੋਂ ਪ੍ਰਭੂ ਯਸੂ ਮਸੀਹ ਖ਼ਿਲਾਫ਼ ਵਰਤੀ ਇਤਰਾਜ਼ਯੋਗ ਸ਼ਬਦਾਵਲੀ ਦਾ ਮੁੱਦਾ ਉਠਾਇਆ, ਜਿਸ ਕਾਰਨ ਬਾਅਦ ਵਿੱਚ ਜਲੰਧਰ ਖੇਤਰ ਵਿੱਚ ਭੰਨ-ਤੋੜ ਦੀਆਂ ਘਟਨਾਵਾਂ ਵੀ ਹੋਈਆਂ। ਇਸ ਸਬੰਧ ਵਿੱਚ ਪਰਮਜੀਤ ਸਿੰਘ ਸਮੇਤ ਹੋਰ ਸਿੱਖ ਕਾਰਕੁਨਾਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਵੀ ਕੀਤਾ ਹੈ। ਉਨ੍ਹਾਂ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਅਪੀਲ ਕੀਤੀ ਕਿ ਮੌਜੂਦਾ ਫਿਰਕੂ ਘਟਨਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਦੋਵਾਂ ਫਿਰਕਿਆਂ ਨੂੰ ਸਾਂਝੇ ਤੌਰ 'ਤੇ ਸ਼ਾਂਤੀ ਬਣਾਏ ਰੱਖਣ ਦੀ ਅਪੀਲ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਇਸਾਈ ਭਾਈਚਾਰਾ ਸ਼ਾਂਤੀ ਤੇ ਪਿਆਰ ਵਿੱਚ ਵਿਸ਼ਵਾਸ ਰੱਖਣ ਵਾਲਾ ਹੈ ਅਤੇ ਉਹ ਭਾਈਚਾਰਕ ਸਾਂਝ ਨੂੰ ਤਰਜੀਹ ਦਿੰਦੇ ਹਨ, ਪਰ ਫਿਰਕਿਆਂ ਵਿੱਚ ਕੁਝ ਸ਼ਰਾਰਤੀ ਅਨਸਰ ਵੀ ਹੁੰਦੇ ਹਨ, ਜੋ ਭਾਈਚਾਰਕ ਸਾਂਝ ਨੂੰ ਤਾਰਪੀਡੋ ਕਰਨਾ ਚਾਹੁੰਦੇ ਹਨ। ਇਸ ਲਈ ਅਜਿਹੇ ਅਨਸਰਾਂ ਤੋਂ ਸੁਚੇਤ ਰਹਿਣ ਦੀ ਲੋੜ ਹੈ। ਉਨ੍ਹਾਂ ਇਸਾਈ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਸ਼ਾਂਤੀ ਬਣਾਏ ਰੱਖਣ ਅਤੇ ਸਰਕਾਰ ਨੂੰ ਆਪਣਾ ਕੰਮ ਕਰਨ ਵਿੱਚ ਸਹਿਯੋਗ ਦੇਣ।
ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਆਖਿਆ ਕਿ ਸਿੱਖ



ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਕਰਦੇ ਹੋਏ ਇਸਾਈ ਭਾਈਚਾਰੇ ਦੇ ਆਗੂ।

ਕੌਮ ਆਪਸੀ ਪ੍ਰੇਮ ਅਤੇ ਭਾਈਚਾਰੇ ਨੂੰ ਕਾਇਮ ਰੱਖਣ ਦੀ ਸਮਰਥਕ ਹੈ। ਸਿੱਖ ਧਰਮ ਹੋਰਨਾਂ ਧਰਮਾਂ ਦਾ ਸਤਿਕਾਰ ਕਰਦਾ ਹੈ ਪਰ ਜੋ ਲੋਕ ਧਰਮ ਅਤੇ ਲੋਕ ਵਿਰੋਧੀ ਕੰਮ ਕਰਦੇ ਹਨ, ਉਨ੍ਹਾਂ ਦਾ ਸਾਥ ਨਾ ਦਿੱਤਾ ਜਾਵੇ। ਉਨ੍ਹਾਂ ਸਿੱਖ ਕੌਮ ਨੂੰ ਅਪੀਲ ਕੀਤੀ ਹੈ ਕਿ ਆਪਸੀ ਸਾਂਝ, ਸ਼ਾਂਤੀ ਅਤੇ ਭਾਈਚਾਰਾ ਬਣਾ ਕੇ ਰੱਖਿਆ ਜਾਵੇ। ਕਿਸੇ ਤਰ੍ਹਾਂ ਦੀ ਭੜਕਾਊ ਬਿਆਨਬਾਜ਼ੀ ਨਾ ਕੀਤੀ ਜਾਵੇ।
ਇਸ ਸਬੰਧੀ ਗੱਲ ਕਰਦਿਆਂ ਫਾਦਰ ਪੀਟਰ ਨੇ ਆਖਿਆ ਕਿ ਇਸਾਈ ਭਾਈਚਾਰੇ ਦੀ ਇੱਕ ਔਰਤ ਵੱਲੋਂ ਜੋ ਇਤਰਾਜ਼ਯੋਗ ਸ਼ਬਦਾਵਾਲੀ ਵਾਲੀ ਵੀਡੀਓ ਵਾਇਰਲ ਹੋਈ ਹੈ, ਉਸ ਦੇ ਨਿਪਟਾਰੇ ਲਈ ਵੀ ਯਤਨ ਕੀਤੇ ਜਾ ਰਹੇ ਹਨ। ਉਹ ਉਸ ਔਰਤ ਨੂੰ ਮਿਲ ਕੇ ਮੁਆਫੀ ਮੰਗਣ ਲਈ ਦਬਾਅ ਪਾਉਣਗੇ।

## 84 ਦੰਗਿਆਂ ਦੇ ਦੋਸ਼ੀ ਨੂੰ ਹਾਈਕੋਰਟ ਨੇ ਦਿੱਤੀ ਜ਼ਮਾਨਤ

**ਨਵੀਂ ਦਿੱਲੀ/ਬਿਊਰੋ ਨਿਊਜ਼:** ਨਵੰਬਰ 1984 ਦੇ ਸਿੱਖਾਂ ਵਿਰੋਧੀ ਦੰਗਿਆਂ ਵਿਚ ਸ਼ਮੂਲੀਅਤ ਲਈ ਉਮਰ ਕੈਦ ਦੀ ਸਜ਼ਾ ਭੁਗਤ ਰਹੇ ਇਕ 89 ਸਾਲਾ ਦੋਸ਼ੀ ਨੂੰ 30 ਜ਼ਣ ਨੂੰ ਦਿੱਲੀ ਹਾਈ ਕੋਰਟ ਵਲੋਂ ਸਿਹਤ ਠੀਕ ਨਾ ਹੋਣ ਦੇ ਆਧਾਰ 'ਤੇ ਜ਼ਮਾਨਤ ਦਿੱਤੀ ਗਈ। ਜਾਣਕਾਰੀ ਅਨੁਸਾਰ ਹਾਈ ਕੋਰਟ ਦੇ ਜਸਟਿਸ ਮਨਮੋਹਨ ਤੇ ਯੋਗੇਸ਼ ਖੰਨਾ 'ਤੇ ਅਧਾਰਿਤ ਇਕ ਬੈਂਚ ਨੇ ਦੋਸ਼ੀ ਜਲ ਸੈਨਾ ਦੇ ਸੇਵਾ ਮੁਕਤ ਕੈਪਟਨ ਭਾਗਮੱਲ ਨੂੰ 4 ਜੁਲਾਈ ਤੱਕ ਆਪ੍ਰੇਸ਼ਨ ਕਰਵਾਉਣ ਲਈ ਜ਼ਮਾਨਤ ਦਿੱਤੀ ਹੈ। ਦੋਸ਼ੀ ਨੇ ਤਿੰਨ ਮਹੀਨਿਆਂ ਲਈ ਜ਼ਮਾਨਤ ਦੀ ਅਰਜੀ ਲਾਈ ਸੀ ਜੋ ਕਿ ਪਹਿਲਾਂ ਹੀ ਸਿਹਤ ਨਾ ਠੀਕ ਹੋਣ ਨੂੰ ਆਧਾਰ ਬਣਾ ਕੇ 24 ਮਾਰਚ ਤੋਂ ਜ਼ਮਾਨਤ 'ਤੇ ਹੈ। ਦੱਸਣਯੋਗ ਹੈ ਕਿ ਭਾਗਮੱਲ, ਸਾਬਕਾ ਕਾਂਗਰਸ ਕਾਸਲਰ ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਦੋ ਹੋਰਾਂ ਨੂੰ 1 ਨਵੰਬਰ 1984 ਵਾਲੇ ਦਿਨ ਦਿੱਲੀ ਦੇ ਰਾਜ ਨਗਰ ਖੇਤਰ ਵਿਚ ਇਕ ਸਿੱਖ ਪਰਿਵਾਰ ਦੇ 5 ਜੀਆਂ ਨੂੰ ਕਤਲ ਕਰਨ ਲਈ ਦੋਸ਼ੀ ਪਾਇਆ ਗਿਆ ਸੀ।

## ਸ਼੍ਰੋਮਣੀ ਕਮੇਟੀ ਦੇ ਮੈਡੀਕਲ ਕਾਲਜ ਵੱਲੋਂ ਸਰਕਾਰੀ ਕੋਟੇ ਦੀਆਂ 75 ਸੀਟਾਂ ਮੈਨੇਜਮੈਂਟ ਕੋਟੇ 'ਚ ਤਬਦੀਲ

**ਫ਼ਰੀਦਕੋਟ/ਬਿਊਰੋ ਨਿਊਜ਼ :** ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰਿਸਰਚ, ਅੰਮ੍ਰਿਤਸਰ ਨੇ ਸਰਕਾਰੀ ਕੋਟੇ ਦੀਆਂ 75 ਐਮਬੀਬੀਐਸ ਸੀਟਾਂ ਮੈਨੇਜਮੈਂਟ ਕੋਟੇ ਵਿੱਚ ਤਬਦੀਲ ਕਰ ਦਿੱਤੀਆਂ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾਂਦੇ ਇਸ ਮੈਡੀਕਲ ਕਾਲਜ ਨੇ ਇਨ੍ਹਾਂ 75 ਸੀਟਾਂ ਲਈ ਪੂਰੇ ਕੋਰਸ ਦੀ ਟਿਊਸ਼ਨ ਫੀਸ 13.46 ਲੱਖ ਤੋਂ ਵਧਾ ਕੇ 46.10 ਲੱਖ ਰੁਪਏ ਕਰਨ ਦਾ ਐਲਾਨ ਵੀ ਕੀਤਾ ਹੈ। ਮੈਡੀਕਲ ਕਾਲਜ ਦੇ ਇਸ ਕਦਮ ਤੋਂ ਅਣਜਾਣ ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਸਕੱਤਰ ਨੇ ਬਾਬਾ ਫ਼ਰੀਦ ਯੂਨੀਵਰਸਿਟੀ ਆਫ ਹੈਲਥ ਸਾਇੰਸਜ਼, ਫ਼ਰੀਦਕੋਟ ਨੂੰ ਇਸ ਮਾਮਲੇ ਦੀ ਜਾਂਚ ਕਰਨ ਅਤੇ ਅਚਾਨਕ ਕੀਤੀ ਇਸ ਤਬਦੀਲੀ ਬਾਰੇ ਇਸ ਕਾਲਜ ਤੋਂ ਪੁੱਛਣ ਲਈ ਕਿਹਾ ਹੈ। ਮੈਡੀਕਲ ਸਿੱਖਿਆ ਤੇ ਖੋਜ ਵਿਭਾਗ ਦੇ ਸਕੱਤਰ ਵਿਕਾਸ ਪ੍ਰਤਾਪ ਨੇ ਕਿਹਾ, 'ਸਾਰੇ ਮੈਡੀਕਲ ਤੇ ਡੈਂਟਲ ਕਾਲਜਾਂ 'ਚ ਦਾਖ਼ਲਾ ਪ੍ਰਕਿਰਿਆ ਜਾਰੀ ਹੈ ਪਰ ਇਸ ਕਾਲਜ ਨੇ ਸਰਕਾਰੀ ਕੋਟੇ ਦੀਆਂ ਸੀਟਾਂ ਨੂੰ ਮੈਨੇਜਮੈਂਟ ਕੋਟੇ ਵਿਚ ਤਬਦੀਲ ਕਰਨ ਅਤੇ ਟਿਊਸ਼ਨ ਫੀਸ ਵਿੱਚ ਤਕਰੀਬਨ ਤਿੰਨ ਗੁਣਾ ਵਧਾਉਣ ਬਾਰੇ ਸਾਨੂੰ ਕੋਈ ਅਧਿਕਾਰਤ ਜਾਣਕਾਰੀ ਨਹੀਂ ਦਿੱਤੀ।' ਵਿਭਾਗ ਨੇ 3 ਜੂਨ ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਇਸ ਕਾਲਜ ਨੂੰ ਕੁੱਲ 150 ਵਿਚੋਂ 75 ਐਮਬੀਬੀਐਸ ਸੀਟਾਂ ਸਰਕਾਰੀ ਕੋਟੇ ਤਹਿਤ ਭਰਨ ਲਈ ਕਿਹਾ ਸੀ। ਸੂਬਾਈ ਸਰਕਾਰ ਨੇ ਅਜੇ ਇਸ ਮੈਡੀਕਲ ਕਾਲਜ ਨੂੰ ਪ੍ਰਾਈਵੇਟ ਯੂਨੀਵਰਸਿਟੀ ਵਜੋਂ ਦਰਜਾ ਨਹੀਂ ਦਿੱਤਾ। ਇਸ ਵਾਸਤੇ ਨੋਟੀਫਿਕੇਸ਼ਨ ਵਿਚ ਪੁਰਾਣੇ ਫਾਰਮੂਲੇ ਤਹਿਤ 50 ਫ਼ੀਸਦ ਸਰਕਾਰੀ ਕੋਟੇ ਅਤੇ 50 ਫ਼ੀਸਦ ਸੀਟਾਂ ਮੈਨੇਜਮੈਂਟ/ਘੱਟ ਗਿਣਤੀ ਕੋਟੇ (15 ਫ਼ੀਸਦ ਐਨਆਰਆਈ ਕੋਟਾ ਵੀ ਸ਼ਾਮਲ) ਤਹਿਤ ਭਰਨ ਲਈ ਕਿਹਾ ਸੀ। ਮੈਡੀਕਲ ਸਿੱਖਿਆ ਵਿਭਾਗ ਵੱਲੋਂ ਸਰਕਾਰੀ ਕੋਟੇ ਦੀਆਂ ਸੀਟਾਂ ਲਈ ਟਿਊਸ਼ਨ ਫੀਸ 10.43 ਲੱਖ ਤੇ ਮੈਨੇਜਮੈਂਟ/ਘੱਟ ਗਿਣਤੀ ਕੋਟੇ ਦੀਆਂ ਸੀਟਾਂ ਲਈ 40.29 ਲੱਖ ਰੁਪਏ ਫ਼ੀਸ ਤੈਅ ਕੀਤੀ ਗਈ ਹੈ। ਜਨਤਕ ਨੋਟਿਸ ਵਿੱਚ ਇਸ ਕਾਲਜ ਨੇ ਸਾਰੀਆਂ 127 ਐਮਬੀਬੀਐਸ ਸੀਟਾਂ ਲਈ ਟਿਊਸ਼ਨ ਫੀਸ 46.10 ਲੱਖ ਰੁਪਏ ਐਲਾਨ ਦਿੱਤੀ ਹੈ। ਐਨਆਰਆਈ ਕੋਟੇ ਦੀਆਂ 23 ਸੀਟਾਂ ਲਈ 126500 ਅਮਰੀਕੀ ਡਾਲਰ ਫੀਸ ਐਲਾਨੀ ਗਈ ਹੈ। ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ ਮੈਡੀਕਲ ਸਾਇੰਸਜ਼ ਐਂਡ ਰਿਸਰਚ ਦੀ ਪ੍ਰਿੰਸੀਪਲ ਗੀਤਾ ਸ਼ਰਮਾ ਨੇ ਕਿਹਾ ਕਿ ਕਾਲਜ ਨੂੰ ਆਪਣੀ ਫੀਸਾਂ ਤੇ ਸੀਟਾਂ ਬਾਰੇ ਫ਼ੈਸਲਾ ਕਰਨ ਦਾ ਹਰੇਕ ਅਧਿਕਾਰ ਹੈ ਕਿਉਂਕਿ ਇਹ ਕਾਲਜ ਸੁਤੰਤਰ ਤੇ ਖ਼ੁਦਮੁਖ਼ਤਿਆਰ ਮੈਡੀਕਲ ਯੂਨੀਵਰਸਿਟੀ ਬਣਨ ਦੀ ਪ੍ਰਕਿਰਿਆ ਅਧੀਨ ਹੈ।

# ਭਾਰਤ ਵਿਚ ਸਿੱਖ ਯਾਤਰੀਆਂ ਉੱਤੇ ਰੋਕਾਂ ਵਿਰੁਧ ਨਨਕਾਣਾ ਸਾਹਿਬ ਤੇ ਲਾਹੌਰ 'ਚ ਰੋਸ ਮੁਜ਼ਾਹਰੇ

**ਅੰਮ੍ਰਿਤਸਰ/ਬਿਊਰੋ ਨਿਊਜ਼:**
ਭਾਰਤੀ ਸਿੱਖ ਯਾਤਰੀਆਂ ਨੂੰ ਪਾਕਿਸਤਾਨ ਵਿਖੇ ਸਿੱਖ ਗੁਰਦੁਆਰਿਆਂ ਦੇ ਦਰਸ਼ਨ 'ਤੇ ਲਗਾਈ ਰੋਕ ਦੇ ਵਿਰੋਧ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐੱਸ.ਜੀ.ਪੀ.ਸੀ.) ਅਤੇ ਪੰਜਾਬੀ ਪਾਰਟੀ ਵੱਲੋਂ ਨਨਕਾਣਾ ਸਾਹਿਬ ਅਤੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਚ ਰੋਸ ਮੁਜ਼ਾਹਰੇ ਕੀਤੇ ਗਏ। ਇਸ ਸਬੰਧੀ ਪ੍ਰੈੱਸ ਨੋਟ ਜਾਰੀ ਕਰਦਿਆਂ ਇੰਟਰਨੈਸ਼ਨਲ ਭਾਈ ਮਰਦਾਨਾ ਯਾਦਗਾਰੀ ਕੀਰਤਨ ਦਰਬਾਰ ਸੁਸਾਇਟੀ ਦੇ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੇ ਦੱਸਿਆ ਕਿ ਰੋਸ ਧਰਨੇ ਵਿਚ ਉਨ੍ਹਾਂ ਸਮੇਤ ਪੀ.ਐੱਸ.ਜੀ.ਪੀ.ਸੀ. ਪ੍ਰਧਾਨ ਤਾਰਾ ਸਿੰਘ, ਐਗਜ਼ੈਕਟਿਵ ਮੈਂਬਰ ਮਨਿੰਦਰ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ ਸਮੇਤ ਹੋਰ ਸਿੱਖ ਸ਼ਾਮਿਲ ਹੋਏ। ਉਨ੍ਹਾਂ ਕਿਹਾ ਕਿ 8 ਜੂਨ ਨੂੰ ਸ਼ਹੀਦੀ ਦਿਹਾੜੇ 'ਤੇ 80 ਸਿੱਖਾਂ ਨੂੰ ਸਮਝੌਤਾ ਗੱਡੀ 'ਤੇ ਅਟਾਰੀ ਤੋਂ ਨਹੀਂ ਬੈਠਣ ਦਿੱਤਾ ਗਿਆ ਅਤੇ ਹੁਣ ਮਹਾਰਾਜਾ ਰਣਜੀਤ ਸਿੰਘ ਦੀ ਬਰਸੀ ਮੌਕੇ 28 ਜੂਨ ਨੂੰ 300 ਦੇ ਕਰੀਬ ਸਿੱਖ ਯਾਤਰੀਆਂ ਨੂੰ ਪਾਕਿਸਤਾਨ ਆਉਣ ਤੋਂ ਰੋਕੀ ਰੱਖਿਆ।

ਬਾਕੀ ਸਫ਼ਾ 32 'ਤੇ



ਸ੍ਰੀ ਨਨਕਾਣਾ ਸਾਹਿਬ ਅਤੇ ਲਾਹੌਰ ਵਿਚ ਰੋਸ ਮੁਜ਼ਾਹਰਾ ਕਰਦੇ ਹੋਏ ਸਿੱਖ ਆਗੂ।

## ਸਿੱਖ ਜਥੇ ਨੂੰ ਰੋਕਣ 'ਤੇ ਹਰਸਿਮਰਤ ਦੀ ਚੁੱਪ' ਮੋਦੀ ਸਰਕਾਰ ਦੀ ਅਸਿੱਧੀ ਹਮਾਇਤ: ਸਰਨਾ

**ਦਿੱਲੀ/ਬਿਊਰੋ ਨਿਊਜ਼:** ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਜਾਰੀ ਬਿਆਨ ਵਿੱਚ ਕਿਹਾ ਕਿ ਬਾਦਲ ਪਰਿਵਾਰ ਨਾਲ ਸਬੰਧਤ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਨੇ ਮੋਦੀ ਸਰਕਾਰ ਵੱਲੋਂ ਸਿੱਖ ਸ਼ਰਧਾਲੂਆਂ ਨੂੰ ਪਾਕਿਸਤਾਨ ਜਾਣ ਤੋਂ ਰੋਕਣ ਸਬੰਧੀ ਚੁੱਪੀ ਵੱਟ ਲਈ ਹੈ। ਉਨ੍ਹਾਂ ਖ਼ਦਸ਼ਾ ਪ੍ਰਗਟ ਕਰਦਿਆਂ ਕਿਹਾ ਕਿ ਸਿੱਖ ਗੁਰਧਾਮਾਂ ਦੀ ਯਾਤਰਾ ਵਿੱਚ ਰੁਕਾਵਟ ਪਾਉਣਾ ਕੇਂਦਰ ਸਰਕਾਰ ਦੀ ਗਿਣੀ-ਮਿੱਥੀ ਸਾਜ਼ਿਸ਼ ਹੋ ਸਕਦੀ ਹੈ। ਉਨ੍ਹਾਂ ਦਿੱਲੀ ਕਮੇਟੀ ਤੇ ਸ਼੍ਰੋਮਣੀ ਕਮੇਟੀ ਨੂੰ ਅਪੀਲ ਕੀਤੀ ਹੈ ਕਿ ਉਹ ਇਸ ਮਾਮਲੇ ਵਿੱਚ ਭਾਜਪਾ ਸਰਕਾਰ ਕੋਲ ਆਪਣਾ ਰੋਸ ਜਤਾਉਣ। ਜ਼ਿਕਰਯੋਗ ਹੈ ਪਿਛਲੇ ਇਕ ਮਹੀਨੇ 'ਚ ਸਿੱਖ ਜਥੇ ਨੂੰ ਪਾਕਿਸਤਾਨ ਦਾ ਵੀਜ਼ਾ ਮਿਲਣ ਦੇ ਬਾਵਜੂਦ ਭਾਰਤ ਸਰਕਾਰ ਨੇ ਗੁਰਧਾਮਾਂ ਦੀ ਯਾਤਰਾ 'ਤੇ ਨਹੀਂ ਜਾਣ ਦਿੱਤਾ।

# ਅਣਦੇਖੇ ਕਸ਼ਮੀਰ ਦੀਆਂ ਅਣਕਹੀਆਂ, ਅਣਸੁਣੀਆਂ ਕਹਾਣੀਆਂ

## ਅਣਦੇਖਿਆ ਕਸ਼ਮੀਰ : 'ਕੀ ਸਚਮੁੱਚ ਕਸ਼ਮੀਰ ਵਿਚ ਸਿਰਫ਼ ਮੁਸਲਮਾਨ ਰਹਿੰਦੇ ਹਨ ?

**ਕਸ਼ਮੀਰ ਵਾਦੀ ਵਿਚ ਤਣਾਅ ਦੇ ਮਾਹੌਲ ਵਿਚ ਵੱਡੀਆਂ ਹੋ ਰਹੀਆਂ ਕੁੜੀਆਂ ਅਤੇ ਬਾਕੀ ਭਾਰਤ ਵਿਚ ਰਹਿਣ ਵਾਲੀਆਂ ਕੁੜੀਆਂ ਦੀ ਜ਼ਿੰਦਗੀ ਕਿੰਨੀ ਇਕੋ ਜਿਹੀ ਹੈ ਤੇ ਕਿੰਨੀ ਵੱਖਰੀ ਹੋਵੇਗੀ ? ਇਹੀ ਸਮਝਣ ਲਈ ਵਾਦੀ ਵਿਚ ਰਹਿ ਰਹੀ ਦੁਆ ਤੇ ਦਿੱਲੀ ਵਿਚ ਰਹਿ ਰਹੀ ਸੋਮਿਆ ਨੇ ਇਕ-ਦੂਸਰੇ ਨੂੰ ਖ਼ਤ ਲਿਖੇ ਹਨ। ਸੋਮਿਆ ਤੇ ਦੁਆ ਕਦੇ ਇਕ-ਦੂਜੇ ਨੂੰ ਨਹੀਂ ਮਿਲੀਆਂ। ਉਨ੍ਹਾਂ ਦੇ ਦੂਸਰੇ ਖ਼ਤ ਦਾ ਸਵਾਲ-ਜਵਾਬ ਪੜ੍ਹੋ। ਬੀ.ਬੀ.ਸੀ. ਤੋਂ ਧੰਨਵਾਦ ਸਹਿਤ**















**ਪ੍ਰਿਯ ਦੁਆ**

ਮੈਨੂੰ ਤੇਰਾ ਪੱਤਰ ਮਿਲਿਆ। ਇਹ ਜਾਣ ਕੇ ਬਹੁਤ ਖ਼ੁਸ਼ੀ ਹੋਈ ਕਿ ਤੂੰ ਮੇਰੀ ਤਰ੍ਹਾਂ ਵਨ ਡਾਇਰੈਕਸ਼ਨ ਪਸੰਦ ਕਰਦੀ ਹੈਂ। ਮੈਂ ਸਭ ਤੋਂ ਪਹਿਲਾਂ ਤੈਨੂੰ ਆਪਣੇ ਆਪ ਤੋਂ ਜਾਣੂ ਕਰਵਾਉਂਦੀ ਹਾਂ। ਮੇਰਾ ਨਾਂ ਸੋਮਿਆ ਸਾਗਰਿਕਾ ਹੈ। ਮੈਂ 16 ਸਾਲ ਦੀ ਹਾਂ ਤੇ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਰਹਿੰਦੀ ਹਾਂ।

ਮੇਰਾ ਇਕ ਛੋਟਾ ਤੇ ਖ਼ੂਬਸੂਰਤ ਪਰਿਵਾਰ ਹੈ। ਮੇਰੇ ਪਰਿਵਾਰ ਵਿਚ ਸਿਰਫ਼ 3 ਲੋਕ ਰਹਿੰਦੇ ਹਨ। ਮੈਂ, ਮੇਰੀ ਮੰਮੀ ਤੇ ਮੇਰੇ ਪਾਪਾ। ਮੇਰਾ ਕੋਈ ਭੈਣ-ਭਰਾ ਤਾਂ ਨਹੀਂ ਹੈ ਪਰ ਹਾਂ ਮੇਰੇ ਗਵਾਂਢ ਵਿਚ ਇਕ 5 ਸਾਲ ਦਾ ਬੱਚਾ ਰਹਿੰਦਾ ਹੈ ਤੇ ਉਸ ਦਾ ਨਾਂ ਹੈ ਸਮਰਥ। ਉਹ ਮੈਨੂੰ ਭਰਾ ਦੀ ਕਮੀ ਨਹੀਂ ਮਹਿਸੂਸ ਹੋਣ ਦਿੰਦਾ। ਬਿਲਕੁਲ ਛੋਟੇ ਭਰਾ ਵਾਂਗ ਪ੍ਰੇਸ਼ਾਨ ਕਰਦਾ ਹੈ। ਉਹ ਮੇਰੇ ਮੰਮੀ-ਪਾਪਾ ਦੇ ਪਿਆਰ ਨੂੰ ਦੋ ਹਿੱਸਿਆਂ ਵਿਚ ਵੰਡ ਲੈਂਦਾ ਹੈ।

ਮੈਂ ਆਪਣੇ ਘਰ ਦੇ ਨੇੜੇ ਹੀ ਸਕੂਲ ਵਿਚ ਪੜ੍ਹਦੀ ਹਾਂ। ਮੇਰੇ ਸਕੂਲ ਵਿਚ ਮੇਰੇ ਬਹੁਤ ਸਾਰੇ ਦੋਸਤ ਹਨ, ਜੋ ਮੇਰੀ ਜ਼ਿੰਦਗੀ ਵਿਚ ਬਹੁਤ ਅਹਿਮੀਅਤ ਰੱਖਦੇ ਹਨ। ਮੈਂ ਸਾਰਿਆਂ ਬਾਰੇ ਤਾਂ ਨਹੀਂ ਪਰ ਹਾਂ ਆਪਣੀ ਸਭ ਤੋਂ ਪਿਆਰੀ ਤੇ ਅੱਛੀ ਸਹੇਲੀ ਬਾਰੇ ਤੈਨੂੰ ਦਸਦੀ ਹਾਂ। ਉਸ ਦਾ ਨਾਂ ਹੈ ਪਲਕ (ਉਹ ਬਹੁਤ ਪਤਲੀ ਹੈ, ਇਸ ਲਈ ਅਸੀਂ ਉਸ ਨੂੰ 'ਪਿੱਦੀ' ਕਹਿ ਕੇ ਬੁਲਾਉਂਦੇ ਹਾਂ।)

ਜਿਵੇਂ ਕਿ ਤੂੰ ਮੈਨੂੰ ਮੇਰੀ ਪਸੰਦੀਦਾ ਖੇਡ ਬਾਰੇ ਪੁੱਛਿਆ ਸੀ, ਤਾਂ ਮੈਂ ਤੈਨੂੰ ਦੱਸਣਾ ਚਾਹੁੰਦੀ ਹਾਂ, ਮੇਰੀ ਸਭ ਤੋਂ ਪਸੰਦੀਦਾ ਖੇਡ ਤਾਈਕਵਾਂਡੋ ਹੈ। ਮੈਂ ਸਟੇਟ-ਲੈਵਲ ਚੈਂਪੀਅਨਸ਼ਿਪ ਵਿਚ ਸਿਲਵਰ ਮੈਡਲ ਵੀ ਜਿੱਤ ਚੁੱਕੀ ਹਾਂ।

ਮੈਂ ਹੁਣ ਜੇਕਰ ਤੈਨੂੰ ਆਪਣੇ ਬਾਰੇ ਸਿਰਫ਼ ਏਨਾ ਹੀ ਦਸ ਸਕਦੀ ਹਾਂ ਕਿ ਮੈਂ ਬਾਕੀ ਖਿਡਾਰੀਆਂ ਤੋਂ ਥੋੜ੍ਹੀ ਵੱਖਰੀ ਹਾਂ। (ਅਜਿਹਾ ਮੈਨੂੰ ਲਗਦਾ ਹੈ।)

ਮੈਨੂੰ ਬਾਕੀਆਂ ਕੁੜੀਆਂ ਵਾਂਗ ਸਜਣਾ-ਸੰਵਰਨਾ ਬਿਲਕੁਲ ਪਸੰਦ ਨਹੀਂ ਹੈ। ਮੈਂ ਜਾਣਦੀ ਹਾਂ ਇਹ ਥੋੜ੍ਹਾ ਅਜੀਬ ਹੈ ਪਰ ਮੈਂ ਇਵੇਂ ਦੀ ਹੀ ਹਾਂ।

ਮੈਨੂੰ ਮੇਰੇ ਖ਼ਾਲੀ ਵਕਤ ਵਿਚ ਕਿਤਾਬਾਂ ਪੜ੍ਹਨਾ ਤੇ ਤੇਰੇ ਵਾਂਗ ਗਾਣੇ ਸੁਣਨਾ ਪਸੰਦ ਹੈ।

ਜਿਵੇਂ ਕਿ ਮੈਂ ਤੈਨੂੰ ਦੱਸਿਆ ਹੈ ਕਿ ਮੈਂ ਦਿੱਲੀ ਵਿਚ ਰਹਿੰਦੀ ਹਾਂ ਤਾਂ ਮੈਂ ਤੈਨੂੰ ਦੱਸਣਾ ਚਾਹੁੰਦੀ ਹਾਂ ਕਿ ਇਥੋਂ ਦੇ ਮੌਸਮ ਦਾ ਕੁਝ ਵੀ ਭਰੋਸਾ ਨਹੀਂ ਹੈ, ਕਦੇ ਧੁੱਪ ਤੇ ਕਦੇ ਤੇਜ਼ ਮੀਂਹ। ਕਾਸ਼ ! ਇਥੋਂ ਦਾ ਮੌਸਮ ਵੀ ਕਸ਼ਮੀਰ ਵਾਂਗ ਹੋ ਜਾਵੇ।

ਮੈਂ ਤੈਨੂੰ ਇਕ ਗੱਲ ਦੱਸਣਾ ਚਾਹੁੰਦੀ ਹਾਂ, ਇਥੇ ਲੋਕ ਜਦੋਂ ਵੀ ਕਸ਼ਮੀਰ ਦਾ ਨਾਂ ਸੁਣਦੇ ਹਨ ਤਾਂ ਉਨ੍ਹਾਂ ਦੇ ਦਿਮਾਗ਼ ਵਿਚ ਸਿਰਫ਼ ਇਕ ਸ਼ਬਦ ਆਉਂਦਾ ਹੈ ਤੇ ਉਹ ਹੈ 'ਮੁਸਲਿਮ'। ਮੈਂ ਇਹ ਜਾਣਨਾ ਚਾਹੁੰਦੀ ਹਾਂ ਕਿ ਕੀ ਸੱਚ ਵਿਚ ਉਥੇ ਸਿਰਫ਼ ਮੁਸਲਮਾਨ ਹੀ ਰਹਿੰਦੇ ਹਨ ?

ਮੈਂ ਜਾਣਨਾ ਚਾਹੁੰਦੀ ਹਾਂ ਕਿ ਤੈਨੂੰ ਲੱਗ ਰਿਹਾ ਹੋਵੇਗਾ ਕਿ ਮੈਂ ਵਾਰ ਵਾਰ ਅਲੱਗ ਅਲੱਗ ਦੀਆਂ ਗੱਲਾਂ ਕਹਿ ਰਹੀ ਹਾਂ, ਪਰ ਮੈਂ ਕੀ ਕਰਾਂ ਮੈਂ ਤੇਰੇ ਨਾਲ ਬਹੁਤ ਸਾਰੀਆਂ ਗੱਲਾਂ ਕਰਨੀਆਂ ਹਨ। ਉਮੀਦ ਹੈ ਤੈਨੂੰ ਮੇਰਾ ਪੱਤਰ ਪਸੰਦ ਆਇਆ ਹੋਵੇਗਾ ਤੇ ਤੂੰ ਜਲਦੀ ਹੀ ਇਸ ਦਾ ਜਵਾਬ ਦੇਵੇਂਗੀ।

**ਸੋਮਿਆ**

## 'ਧਰਮ ਕੋਈ ਵੀ ਹੋਵੇ, ਕਸ਼ਮੀਰ 'ਚ ਬਹੁਤ ਭਾਈਚਾਰਾ ਹੈ'

**ਪ੍ਰਿਯ ਸੋਮਿਆ**

ਤੇਰੀ ਚਿੱਠੀ ਮਿਲੀ ਤੇ ਇਹ ਜਾਣ ਕੇ ਚੰਗਾ ਲੱਗਾ ਕਿ ਮੇਰੀ ਤਰ੍ਹਾਂ ਤੈਨੂੰ ਵੀ ਕਿਤਾਬਾਂ ਪੜ੍ਹਨ ਤੇ ਸੰਗੀਤ ਸੁਣਨਾ ਪਸੰਦ ਹੈ, ਸਗੋਂ ਤੈਨੂੰ ਮੇਰੇ ਹੀ ਵਾਂਗ 'ਡਾਇਰੈਕਸ਼ਨਰ' (directioner) ਹੈਂ।

ਆਪਣੀ ਚਿੱਠੀ ਵਿਚ ਤੂੰ ਮੈਨੂੰ ਕਿ ਸਵਾਲ ਪੁੱਛਿਆ ਸੀ ਕਿ ਜਦੋਂ ਵੀ ਕਸ਼ਮੀਰ ਦੇ ਬਾਹਰ ਦੇ ਲੋਕ ਵਾਦੀ ਬਾਰੇ ਕੁਝ ਵੀ ਸੁਣਦੇ ਹਨ ਤਾਂ ਉਨ੍ਹਾਂ ਦੇ ਦਿਮਾਗ਼ ਵਿਚ ਜੋ ਪਹਿਲੀ ਗੱਲ ਆਉਂਦੀ ਹੈ, ਉਹ ਹੈ 'ਮੁਸਲਿਮ' ਤੇ ਤੂੰ ਜਾਣਨਾ ਚਾਹੁੰਦੀ ਹੈ ਕਿ ਕੀ ਉਥੇ ਸਿਰਫ਼ ਮੁਸਲਮਾਨ ਹੀ ਰਹਿੰਦੇ ਹਨ।

ਇਸ ਦਾ ਜਵਾਬ ਨਾ ਹੈ। ਪਰ ਹਾਂ, ਉਥੇ ਰਹਿਣ ਵਾਲੇ ਸਭ ਤੋਂ ਜ਼ਿਆਦਾ ਲੋਕ ਮੁਸਲਮਾਨ ਹਨ।

ਪੂਰੇ ਜੰਮੂ-ਕਸ਼ਮੀਰ ਦੀ ਗੱਲ ਕਰੀਏ ਤਾਂ 70 ਫ਼ੀਸਦੀ ਮੁਸਲਮਾਨ ਹਨ, ਹਿੰਦੂ 20 ਫ਼ੀਸਦੀ ਤੇ ਬਾਕੀ ਧਰਮ (ਕ੍ਰਿਸਚਨ, ਜੈਨੀ, ਸਿੱਖ, ਬੋਧੀ ਤੇ ਹੋਰ) 10 ਫ਼ੀਸਦੀ ਹਨ।

ਧਰਮ ਕੋਈ ਵੀ ਹੋਵੇ, ਉਥੇ ਕਸ਼ਮੀਰ ਵਿਚ ਸਾਰੇ ਲੋਕ ਬਹੁਤ







ਭਾਈਚਾਰੇ ਨਾਲ ਰਹਿੰਦੇ ਹਨ। ਅਸੀਂ ਉਰਦੂ ਦੀ ਇਕ ਕਹਾਵਤ ਵਿਚ ਯਕੀਨ ਕਰਦੇ ਹਾਂ-ਹਿੰਦੂ, ਮੁਸਲਿਮ, ਸਿੱਖ, ਇਸਾਈ-ਆਪਸ ਵਿਚ ਨੇ ਭਾਈ ਭਾਈ।

ਇਹ ਸਮਝਾਉਣ ਲਈ ਮੈਂ ਤੈਨੂੰ ਇਕ ਮਿਸਾਲ ਦਿੰਦੀ ਹਾਂ। ਕਰੀਬ ਦੋ ਸਾਲ ਪਹਿਲਾਂ, ਸੋਪਿਆਂ ਨਾਂ ਦੀ ਇਕ ਜਗ੍ਹਾ ਵਿਚ ਮੁਸਲਮਾਨਾਂ ਨੇ ਇਕ ਗ਼ਰੀਬ ਹਿੰਦੂ ਦੀ ਧੀ ਦਾ ਵਿਆਹ ਕਰਵਾਉਣ ਵਿਚ ਉਸ ਦੀ ਮਦਦ ਕੀਤੀ ਸੀ।

ਤੂੰ ਮੌਸਮ ਦੀ ਵੀ ਗੱਲ ਕੀਤੀ ਅਤੇ ਖਵਾਹਿਸ਼ ਜ਼ਾਹਰ ਕੀਤੀ ਕਿ ਦਿੱਲੀ ਦਾ ਮੌਸਮ ਵੀ ਕਸ਼ਮੀਰ ਵਰਗਾ ਹੋ ਜਾਵੇ। ਪਰ ਯਕੀਨ ਕਰੀਂ, ਤੂੰ ਇਹ ਪਸੰਦ ਨਹੀਂ ਕਰੇਂਗੀ ਕਿਉਂਕਿ ਜਿਵੇਂ ਤੈਨੂੰ ਆਪਣੇ ਪਿਛਲੇ ਖ਼ਤ ਵਿਚ ਲਿਖਿਆ ਸੀ, ਸਾਡੇ ਇੱਥੇ ਕੜਾਕੇ ਦੀ ਠੰਢ ਪੈਂਦੀ ਹੈ।

ਚਿਲ-ਏ-ਕਲਾਂ ਦੌਰਾਨ ਤਾਂ ਤਾਪਮਾਨ 15 ਡਿਗਰੀ ਤਕ ਡਿੱਗ ਜਾਂਦਾ ਹੈ। ਫਿਰ ਇਥੇ ਮੌਸਮ ਕਦੇ ਵੀ ਬਦਲ ਜਾਂਦਾ ਹੈ। ਪਿਛਲੇ ਦੋ ਦਿਨ ਖ਼ੂਬ ਧੁੱਪ ਨਿਕਲੀ ਪਰ ਹਾਲੇ, ਜਦੋਂ ਮੈਂ ਚਿੱਠੀ ਲਿਖ ਰਹੀ ਹਾਂ, ਮੈਨੂੰ ਬਾਹਰ ਮੀਂਹ ਪੈਣ ਦੀ ਆਵਾਜ਼ ਸੁਣਾਈ ਦੇ ਰਹੀ ਹੈ। ਅਤੇ ਠੰਢ ਏਨੀ ਜ਼ਿਆਦਾ ਹੈ ਕਿ ਕਲਮ ਤਕ ਫੜਨ ਵਿਚ ਉਂਗਲਾਂ ਬਰਫ਼ ਵਾਂਗ ਹੁੰਦੀਆਂ ਜਾ ਰਹੀਆਂ ਹਨ। ਇਥੇ ਗਰਮੀਆਂ ਵਿਚ ਗਰਮੀ ਨਹੀਂ ਬਲਕਿ ਖ਼ੁਸ਼ਨੁਮਾ ਮੌਸਮ ਹੁੰਦਾ ਹੈ। (ਤੇਰੇ ਲਈ ਨਾ ਸਹੀ ਪਰ ਸਾਡੇ ਲਈ 33 ਡਿਗਰੀ ਵੀ ਬਹੁਤ ਗਰਮ ਦਿਨ ਹੁੰਦਾ ਹੈ।)

ਸਕੂਲ ਵਿਚ ਮੈਂ ਇਕ ਚੰਗੀ ਵਿਦਿਆਰਥਣ ਹਾਂ। ਜਿਵੇਂ ਮੈਂ ਤੈਨੂੰ ਦੱਸਿਆ ਸੀ ਕਿ ਮੈਂ 9ਵੀਂ ਕਲਾਸ ਵਿਚ ਹਾਂ। ਨਾਲ ਹੀ ਮੈਂ 10ਵੀਂ ਕਲਾਸ ਦੀ ਤਿਆਰੀ ਵੀ ਕਰ ਰਹੀ ਹਾਂ। ਹੁਣ ਇਹ ਨਹੀਂ ਸਮਝ ਆ ਰਿਹਾ ਕਿ 10ਵੀਂ ਕਲਾਸ ਵਿਚ ਕਿਹੜੇ ਵਿਸ਼ੇ ਲਵਾਂ।

ਕੀ ਤੂੰ ਮੈਨੂੰ ਇਸ 'ਤੇ ਆਪਣੇ ਕੁਝ ਸੁਝਾਅ ਦੇ ਸਕਦੀ ਹੈਂ ? ਤੂੰ ਕਿਹੜੇ ਵਿਸ਼ੇ ਲੈਣ ਵਾਲੀ ਹੈਂ ?

ਤੇਰੇ ਮੁਤਾਬਕ ਕਿਸ ਤੋਂ ਅੱਗੇ ਜਾ ਕੇ ਜ਼ਿਆਦਾ ਮੌਕੇ ਮਿਲਣਗੇ, ਕਰੀਅਰ ਬਣੇਗਾ ਤੇ ਜਿਨ੍ਹਾਂ 'ਤੇ ਧਿਆਨ ਦਿੱਤਾ ਜਾਣਾ ਚਾਹੀਦਾ ਹੈ ?

ਤੇਰੇ ਮਨ ਵਿਚ ਜੋ ਵੀ ਹੋਵੇ, ਮੈਨੂੰ ਜ਼ਰੂਰ ਲਿਖੀਂ।

ਤੇਰੇ ਜਵਾਬ ਦੇ ਇੰਤਜ਼ਾਰ ਵਿਚ।

ਤੇਰੀ ਦੋਸਤ

**ਦੁਆ**

## ਬੋਸ ਕਲੱਬ ਵੱਲੋਂ ਕਰਵਾਈ ਕਬੂਤਰਬਾਜ਼ੀ 'ਚ ਰੰਮੀ ਧਾਲੀਵਾਲ ਨੇ ਜਿਤਿਆ ਬੁਲਟ ਮੋਟਰਸਾਇਕਲ

**ਬੇਕਰਸਫੀਲਡ/ਕੁਲਵੰਤ ਧਾਲੀਆਂ:** ਬੋਸ ਕਲੱਬ ਬੇਕਰਸਫੀਲਡ ਵੱਲੋਂ ਜੀਤੇ ਢਿੱਲੋਂ ਦੀ ਅਗਵਾਈ ਵਿੱਚ ਲਮਾਂਟ ਕੈਲੇਫੋਰਨੀਆਂ ਵਿੱਖੇ ਕਬੂਤਰਾਂ ਦੀ ਬਾਜ਼ੀ ਕਰਵਾਈ ਗਈ। ਇਸ ਬਾਜ਼ੀ ਵਿੱਚ ਤਕਰੀਬਨ 26 ਕਬੂਤਰਾਂ ਨੇ ਹਿੱਸਾ ਲਿਆ। ਇਸ ਕਬੂਤਰਬਾਜ਼ੀ ਦੌਰਾਨ ਜੱਜ ਦੇ ਤੌਰ 'ਤੇ ਧਾਂਮੀ ਨੰਗਲ, ਪੰਮਾ ਗਿਰੀ ਅਤੇ ਰੰਮੀ ਧਾਲੀਵਾਲ ਨੇ ਸੇਵਾ ਨਿਭਾਈ। ਇਸ ਮੌਕੇ ਰੰਮੀ ਧਾਲੀਵਾਲ ਦੇ ਕਬੂਤਰਾਂ ਨੇ ਦੂਸਰਿਆਂ ਕਬੂਤਰਿਆਂ ਦੇ ਮੁਕਾਬਲੇ ਇੱਕ ਘੰਟਾ ਵੱਧ ਉੱਡ ਕੇ ਬਾਜ਼ੀ ਦੇ ਪਹਿਲੇ ਇਨਾਮ ਬੁਲਿੱਟ ਮੋਟਰਸਾਇਕਲ ਤੇ ਕਬਜ਼ਾ ਕੀਤਾ। ਦੂਸਰਾ ਇਨਾਮ ਕਮਲ ਨਰ ਅਤੇ ਦਵਿੰਦਰ ਮਾਂਗਟ ਦੇ ਹਿੱਸੇ ਆਇਆ। ਇਸੇ ਤਰਾਂ  ਰਸੂਲਪੁਰ, ਜੀਤਾ ਢਿਲੋਂ ਤੇ ਮਹਿੰਦਰ ਢਿਲੋਂ ਦੇ ਕਬੂਤਰਾਂ ਨੇ ਵੀ ਚੰਗਾ ਪ੍ਰਦਰਸ਼ਨ ਕੀਤਾ। ਬੌਬੀ ਬਰਾੜ ਦਾ ਸਹਿਯੋਗ ਲਈ ਧੰਨਵਾਦ ਕੀਤਾ ਗਿਆ।



## ਕੀ ਖੱਟਿਆ ਕਾਂਗਰਸੀ ਬਣ ਕੇ .....

### ਲਾਅ ਅਫ਼ਸਰਾਂ ਦੀ ਨਿਯੁਕਤੀ 'ਚ ਲੀਗਲ ਸੈੱਲ ਦਾ ਇੱਕ ਵੀ ਮੈਂਬਰ ਸ਼ਾਮਲ ਨਹੀਂ

**ਚੰਡੀਗੜ੍ਹ/ਬਿਊਰੋ ਨਿਊਜ਼ :**ਪੰਜਾਬ ਦੇ ਐਡਵੋਕੇਟ ਜਨਰਲ ਦੀ 121 ਮੈਂਬਰੀ ਟੀਮ ਵਿੱਚ 'ਲਾਅ ਅਫ਼ਸਰਾਂ" ਅਤੇ ਕੈਪਟਨ ਸਰਕਾਰ ਵਿੱਚ ਹੋਰ ਕਾਨੂੰਨੀ ਪੋਸਟਾਂ 'ਤੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਲੀਗਲ ਸੈੱਲ ਦਾ ਇੱਕ ਵੀ ਮੈਂਬਰ ਨਾ ਚੁਣੇ ਜਾਣ ਕਾਰਨ ਕਮੇਟੀ ਕਸੂਤੀ ਸਥਿਤੀ ਵਿਚ ਹੈ। ਕਈ ਐਡਵੋਕੇਟਾਂ ਨੇ ਪ੍ਰਧਾਨ ਸੁਨੀਲ ਜਾਖੜ ਨੂੰ ਮਾਮਲੇ ਵਿਚ ਦਖ਼ਲ ਦੇਣ ਲਈ ਕਿਹਾ ਹੈ। ਸ੍ਰੀ ਜਾਖੜ ਨੇ ਮਾਮਲੇ ਸਬੰਧੀ ਮੁੱਖ ਮੰਤਰੀ ਨਾਲ ਗੱਲਬਾਤ ਕਰਨ ਦਾ ਭਰੋਸਾ ਦਿੱਤਾ ਹੈ। ਦੂਜੇ ਪਾਸੇ, ਮੁੱਖ ਮੰਤਰੀ ਵੱਲੋਂ ਪਹਿਲਾਂ ਹੀ ਚੋਣ ਪ੍ਰਕਿਰਿਆ ਦਾ ਬਚਾਅ ਕਰ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਸਾਰੀਆਂ ਨਿਯੁਕਤੀਆਂ ਮੈਰਿਟ 'ਤੇ ਕੀਤੀਆਂ ਗਈਆਂ ਹਨ ਤੇ ਚੰਗੇ ਤੇ ਯੋਗ ਉਮੀਦਵਾਰਾਂ ਦੀ ਇਸ ਗੱਲ ਕਾਰਨ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਉਹ ਕਿਸੇ ਸੱਤਾਧਾਰੀ ਵਿਅਕਤੀ ਨਾਲ ਸਬੰਧਤ ਹਨ। ਦੋ ਦਿਨ ਪਹਿਲਾਂ ਜਾਰੀ ਕੀਤੀ ਗਈ ਸੂਚੀ 'ਤੇ ਪਹਿਲਾਂ ਹੀ ਵਿਵਾਦ ਹੋ ਰਿਹਾ ਹੈ। ਪਿਛਲੀ ਸਰਕਾਰ ਨਾਲ ਸਬੰਧਤ 40 ਲਾਅ ਅਫ਼ਸਰ ਮੁੜ ਨਿਯੁਕਤ ਕੀਤੇ ਗਏ  ਹਨ। ਬਾਕੀਆਂ ਵਿਚ ਜ਼ਿਆਦਾਤਰ ਮੌਜੂਦਾ ਸਰਕਾਰ ਵਿੱਚ ਸੱਤਾਧਾਰੀਆਂ ਦੇ ਰਿਸ਼ਤੇਦਾਰ ਹਨ ਜਦਕਿ ਮੌਜੂਦਾ ਤੇ ਸਾਬਕਾ ਜੱਜਾਂ, ਅਫ਼ਸਰਾਂ ਤੇ ਰਾਜਸੀ ਆਗੂਆਂ ਦੇ ਰਿਸ਼ਤੇਦਾਰਾਂ ਦੇ ਨਾਂ ਵੀ ਸੂਚੀ ਵਿਚ ਸ਼ਾਮਲ ਹਨ। ਸੂਤਰਾਂ ਮੁਤਾਬਕ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਵੱਲੋਂ ਸਿਫ਼ਾਰਸ਼ ਕੀਤਾ ਗਿਆ ਕੋਈ ਵੀ ਐਡਵੋਕੇਟ ਨਹੀਂ ਚੁਣਿਆ ਗਿਆ ਹੈ।

# ਭਾਰਤ ਦੀ ਅਰਥਵਿਵਸਥਾ ਲਈ ਉਚਿਤ ਨਹੀਂ ਹਨ 'ਅਜਿਹੇ ਫ਼ੈਸਲੇ'

**ਵੱਡੇ ਫ਼ੈਸਲੇ ਅਕਸਰ ਵੱਡਾ ਅਸਰ ਪਾਉਂਦੇ ਹਨ, ਪਰ ਭਾਰਤ ਦੀ ਮੋਦੀ ਸਰਕਾਰ ਵੱਡੇ ਫ਼ੈਸਲੇ ਲੈ ਕੇ ਖ਼ੁਦ ਨੂੰ ਸੁਧਾਰ ਵੱਲ ਵਧਣ ਵਾਲੀ ਸਰਕਾਰ ਵਜੋਂ ਪੇਸ਼ ਕਰ ਸਕੇ, ਅਜਿਹਾ ਦਿਖਾਈ ਨਹੀਂ ਦਿੰਦਾ। ਮੋਦੀ ਸਰਕਾਰ ਨੇ ਸਾਲ 2014 ਤੋਂ ਨਵੰਬਰ 2016 ਤੱਕ ਚੰਗਾ ਪ੍ਰਦਰਸ਼ਨ ਕੀਤਾ। ਉਸ ਤੋਂ ਬਾਅਦ ਦੇ 6 ਮਹੀਨਿਆਂ ਵਿਚ ਅਰਥਵਿਵਸਥਾ ਵਿਚ ਗਿਰਾਵਟ ਦਿਖਾਈ ਦੇਣ ਲੱਗੀ। ਉਸ ਦਾ ਇਕੋ-ਇਕ ਕਾਰਨ 'ਨੋਟਬੰਦੀ' ਸੀ। ਅਰਥਵਿਵਸਥਾ 'ਤੇ ਉਸ ਦਾ ਅਸਰ ਖ਼ਤਮ ਹੋਇਆ ਵੀ ਨਹੀਂ ਸੀ ਕਿ ਉਹ ਜੀ.ਐਸ.ਟੀ. ਲੈ ਆਏ। 'ਨੋਟਬੰਦੀ' ਦੇ ਫ਼ੈਸਲੇ ਦੀ ਜ਼ਿਆਦਾ ਆਲੋਚਨਾ ਹੋਣ ਲੱਗੀ ਤਾਂ ਮੋਦੀ ਸਰਕਾਰ ਨੇ ਇਸ ਨੂੰ 'ਕਾਲੇ ਧਨ' ਨਾਲ ਜੋੜ ਦਿੱਤਾ। ਫੇਰ ਵੀ ਇਸ ਨਾਲ ਓਨਾ ਲਾਭ ਨਹੀਂ ਹੋਇਆ, ਜਿਸ ਦੀ ਉਮੀਦ ਕੀਤੀ ਗਈ ਸੀ।**



**ਕੌਸ਼ਿਕ ਬਸੂ**
**ਭਾਰਤ ਦੇ ਸਾਬਕਾ ਮੁੱਖ ਆਰਥਿਕ ਸਲਾਹਕਾਰ**

ਸਾਲ 1776 ਵਿਚ ਯੂ.ਕੇ. ਦੇ ਮੁੱਖ ਅਰਥ ਸ਼ਾਸਤਰੀ ਐਡਮ ਸਮਿਥ ਨੇ 'ਅਦ੍ਰਿਸ਼ ਹੱਥ' ਨੂੰ ਮਾਰਕੀਟ ਦੀ ਤਾਕਤ ਦੱਸਿਆ ਸੀ। ਉਦੋਂ ਤੋਂ ਹੁਣ ਤਕ ਕਈ ਅਰਥ ਸ਼ਾਸਤਰੀ ਇਸ ਤਾਕਤ ਦਾ ਜ਼ਰੂਰਤ ਨਾਲੋਂ ਜ਼ਿਆਦਾ ਵਰਣਨ ਕਰਦੇ ਰਹੇ ਹਨ। ਸਰਕਾਰੀ ਮਾਪਦੰਡਾਂ ਨੂੰ ਖਾਰਜ ਕਰਦੇ ਹੋਏ ਇਹ ਗੱਲ ਸਹੀ ਹੈ ਕਿ ਮਾਰਕੀਟ ਖੁਦ ਸਮਾਜ ਦੀਆਂ ਆਰਥਿਕ ਜ਼ਰੂਰਤਾਂ ਪੂਰੀਆਂ ਕਰਦਾ ਹੈ, ਜਿਸ ਨੂੰ ਕੋਈ ਸਮਝ ਨਹੀਂ ਪਾਉਂਦਾ। ਸਰਕਾਰ ਦੀ ਗ਼ਲਤੀ ਇਹੀ ਹੈ ਕਿ ਉਹ ਇਸ ਨੂੰ ਪ੍ਰਭਾਵਤ ਕਰਦੀ ਹੈ ਤੇ ਨੌਕਰਸ਼ਾਹੀ ਆਪਣਾ ਕੰਮ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ। ਇਸੇ ਤਰ੍ਹਾਂ ਦੀ ਗ਼ਲਤੀ ਭਾਰਤ ਸਰਕਾਰ ਨੇ ਪਿਛਲੇ ਸਾਲ ਕੀਤੀ ਹੈ।

8 ਨਵੰਬਰ 2016 ਦੀ ਰਾਤ ਭਾਰਤ ਸਰਕਾਰ ਨੇ 500 ਅਤੇ 1000 ਦੇ ਨੋਟ ਬੰਦ ਕਰ ਦਿੱਤੇ। ਇਸ ਨੂੰ ਨੋਟਬੰਦੀ ਦਾ ਨਾਂ ਦਿੱਤਾ ਗਿਆ। ਉਸ ਦਾ ਅਸਰ ਮਾਰਕੀਟ ਵਿਚ ਚੱਲਣ ਵਾਲੀ 86 ਫੀਸਦੀ ਮੁਦਰਾ 'ਤੇ ਪਿਆ। ਸਰਕਾਰ ਦਾ ਇਹ ਇਤਿਹਾਸਕ ਦਖ਼ਲ ਸੀ। ਸਰਕਾਰ ਨੇ ਕਿਹਾ ਕਿ ਉਹ ਨਕਲੀ ਮੁਦਰਾ ਚਲਣ ਤੋਂ ਹਟਾਉਣਾ ਚਾਹੁੰਦੀ ਸੀ, ਪਰ ਲੋਕ ਉਹ ਮੁਦਰਾ ਵੀ ਬਾਹਰ ਕੱਢਣ ਲਈ ਮਜਬੂਰ ਹੋ ਗਏ, ਜੋ ਉਨ੍ਹਾਂ ਨੇ ਟੈਕਸ ਬਚਾਉਣ ਲਈ ਲੁਕਾ ਕੇ ਰੱਖੀ ਸੀ। ਇਸ ਨੂੰ 'ਕਾਲਾ ਧਨ' ਕਿਹਾ ਜਾਂਦਾ ਹੈ। ਨੋਟਬੰਦੀ ਨਾਲ ਭਾਰਤ ਨੂੰ ਨਕਦ ਵਿਹਾਰ ਨਾਲ ਡਿਜੀਟਲ ਟਰਾਂਜ਼ੈਕਸ਼ਨ ਵੱਲ ਵਧਣ ਵਿਚ ਮਦਦ ਮਿਲੀ। ਨੋਟਬੰਦੀ ਕਾਰਨ ਜਦੋਂ ਆਲੋਚਨਾ ਜ਼ਿਆਦਾ ਹੋਣ ਲੱਗੀ ਤਾਂ ਸਰਕਾਰ ਨੇ ਦੂਸਰੇ ਮੁਲਕਾਂ ਦਾ ਉਦਾਹਰਣ ਦੇ ਕੇ ਮਾਮਲਾ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ। ਕਿਹਾ ਗਿਆ ਕਿ ਇਰਾਕ, ਉਤਰ ਕੋਰੀਆ ਅਤੇ ਵੇਨੇਜੁਏਲਾ ਵਰਗੇ ਮੁਲਕਾਂ ਨੇ ਹਾਲ ਦੇ ਦੌਰ ਵਿਚ ਅਜਿਹੇ ਕਦਮ ਚੁੱਕੇ ਹਨ।

ਕਰੀਬ 8 ਮਹੀਨੇ ਮਗਰੋਂ ਬਹੁਤ ਸਾਰਾ ਡੈਟਾ ਮੇਰੇ ਵਰਗੇ ਲੋਕਾਂ ਨੂੰ ਇਸ ਗੱਲ ਦਾ ਅਧਿਐਨ ਕਰਨ ਲਈ ਮਿਲ ਗਿਆ ਕਿ ਆਖ਼ਰ ਨੋਟਬੰਦੀ ਨਾਲ ਅਸਲ ਵਿਚ ਹੋਇਆ ਕੀ? ਇਕ ਸ਼ਬਦ ਵਿਚ ਕਹਾਂ ਤਾਂ ਨੋਟਬੰਦੀ ਉਸ ਟੀਚੇ ਨੂੰ ਹਾਸਲ ਕਰਨ ਵਿਚ ਅਸਫਲ ਰਹੀ, ਜਿਸ ਲਈ ਇਸ ਨੂੰ ਘੜਿਆ ਗਿਆ ਸੀ। ਹਾਲਾਂਕਿ, ਉਸ ਦੇ ਕਾਰਨ ਜਿੰਨੀ ਪ੍ਰੇਸ਼ਾਨੀ ਪਹਿਲਾਂ ਸੋਚੀ ਗਈ ਸੀ, ਉਸ ਨਾਲੋਂ ਘੱਟ ਰਹੀ। ਇਸ ਪਾਲਸੀ ਦਾ ਅਸਰ ਜਿੰਨਾ ਸੋਚਿਆ ਸੀ, ਉਸ ਨਾਲੋਂ ਜ਼ਿਆਦਾ ਨਿਕਲਿਆ। 'ਕਾਲਾ ਧਨ' ਬਾਹਰ ਆਉਣ ਦੀਆਂ ਜਿੰਨੀਆਂ ਗੱਲਾਂ ਕਹੀਆਂ ਸਨ, ਉਹ ਪੂਰੀਆਂ ਸੱਚ ਸਿੱਧ ਨਹੀਂ ਹੋਈਆਂ। ਉਮੀਦ ਨਾਲੋਂ ਬਹੁਤ ਘੱਟ ਕਾਲਾ ਧਨ ਬਾਹਰ ਆਇਆ। ਅਸਲ ਵਿਚ ਜੋ ਵੱਡੇ ਭ੍ਰਿਸ਼ਟ ਹਨ, ਉਨ੍ਹਾਂ ਨੇ ਆਪਣਾ ਕਾਲਾ ਧਨ ਸੁਰੱਖਿਅਤ ਕਰ ਲਿਆ। ਕੁਝ ਰਿਅਲ ਅਸਟੇਟ ਵਿਚ ਤੇ ਕੁਝ ਵਿਦੇਸ਼ੀ ਬੈਂਕ ਖਾਤਿਆਂ ਵਿਚ। ਸਰਕਾਰ ਨੇ ਲੋਕਾਂ ਨੂੰ ਕਿਹਾ ਕਿ ਉਹ 4000 ਰੁਪਏ ਦੇ ਪੁਰਾਣੇ ਨੋਟ ਇਕ ਵਾਰ ਵਿਚ ਬਦਲਵਾ ਸਕਦੇ ਹਨ। ਜਦਕਿ ਕੁਝ ਲੋਕਾਂ ਨੇ ਤਾਂ 500 ਤੇ 1000 ਦੇ ਵੱਧ ਨੋਟ ਬੰਡਲਾਂ ਵਿਚ ਏਜੰਟਾਂ ਹਵਾਲੇ ਕਰ ਦਿੱਤੇ, ਬਦਲਾਉਣ ਲਈ। ਕਿਸੇ ਨੇ ਇਸ 'ਤੇ ਸਵਾਲ ਨਹੀਂ ਉਠਾਇਆ।

ਕੁਝ ਹਫ਼ਤੇ ਬੀਤੇ, ਮਹੀਨੇ ਬੀਤੇ। ਨੋਟਬੰਦੀ ਦਾ ਅਸਰ ਸੜਕਾਂ-ਬਾਜ਼ਾਰਾਂ ਵਿਚ ਅਰਾਜਕਤਾ ਵਾਂਗ ਦਿਖਾਈ ਦਿੱਤਾ। ਸੋਵੀਅਤ ਸੰਘ ਦੇ ਦੌਰ ਵਾਂਗ ਬੈਂਕਾਂ ਅਤੇ ਏ.ਟੀ.ਐਮ. ਅੱਗੇ ਲੰਬੀਆਂ ਲੰਬੀਆਂ ਲਾਈਨਾਂ ਲੱਗੀਆਂ। ਛੋਟੇ ਦੁਕਾਨਦਾਰ, ਕਿਸਾਨ, ਗੈਰਪੂੰਜੀਕ੍ਰਿਤ ਵਪਾਰ ਕਰਨ ਵਾਲੇ ਉਹ ਲੋਕ ਜਿਨ੍ਹਾਂ ਸਾਰਿਆਂ ਦੇ ਬੈਂਕ ਖਾਤੇ ਤਕ ਨਹੀਂ ਸਨ, ਉਨ੍ਹਾਂ ਨੂੰ ਨਕਦੀ ਦੀ ਸਮੱਸਿਆ ਨੇ ਸਭ ਤੋਂ ਜ਼ਿਆਦਾ ਪ੍ਰੇਸ਼ਾਨ ਕੀਤਾ। ਇਸੇ ਨੋਟਬੰਦੀ ਦਾ ਦੂਸਰਾ ਪਹਿਲੂ ਦੇਖੋ, ਤਾਂ ਉਸ ਦੇ ਸਾਈਡ ਇਫੈਕਟ ਅਨੁਮਾਨ ਨਾਲੋਂ ਜ਼ਿਆਦਾ ਨਿਕਲੇ। ਖੇਤੀ ਉਤਪਾਦ ਜਦੋਂ ਮਾਰਕੀਟ ਵਿਚ ਆਏ, ਉਦੋਂ ਵੱਡੀਆਂ ਸਮੱਸਿਆਵਾਂ ਸਾਹਮਣੇ ਆਈਆਂ, ਉਹ ਕਲਪਨਾ ਤੋਂ ਪਰ੍ਹੇ ਸਨ। ਜਨਵਰੀ 2017 ਤਕ ਨਕਦੀ ਦੀ ਜ਼ਬਰਦਸਤ ਕਮੀ ਦਿਖਾਈ ਦੇਣ ਲੱਗੀ ਸੀ। ਮੰਗ ਵਿਚ ਕਮੀ ਆਈ ਅਤੇ ਖ਼ੁਰਾਕ ਸਮੱਗਰੀ ਦੀਆਂ ਕੀਮਤਾਂ ਡਿਗਣ ਲੱਗੀਆਂ। ਫਰਵਰੀ ਵਿਚ ਉਤਰ ਪ੍ਰਦੇਸ਼ ਵਰਗੇ ਸੂਬਿਆਂ ਵਿਚ ਸਾਲ 2016 ਦੇ ਮੁਕਾਬਲੇ ਆਲੂ ਦੀਆਂ ਕੀਮਤਾਂ ਲਗਭਗ ਅੱਧੀਆਂ (600 ਰੁਪਏ ਕੁਇੰਟਲ ਦੀ ਬਜਾਏ 350 ਰੁਪਏ ਕੁਇੰਟਲ) ਹੋ ਗਈਆਂ। ਟਮਾਟਰ ਦੀਆਂ ਕੀਮਤਾਂ ਇਕ ਤਿਹਾਈ ਰਹਿ ਗਈਆਂ। ਪਿਆਜ਼ ਦੀਆਂ ਕੀਮਤਾਂ ਇਕ ਸਾਲ ਪਹਿਲਾਂ ਦੇ ਮੁਕਾਬਲੇ ਅੱਧੀਆਂ ਹੋ ਗਈਆਂ। ਇਸ ਗਿਰਾਵਟ ਦੀ ਜ਼ਿੰਮੇਵਾਰ ਨੋਟਬੰਦੀ ਹੈ। ਇਸ ਦੇ ਸਿੱਟੇ ਬਿਲਕੁਲ ਵੱਖਰੇ ਸਨ। ਵਿਆਪਕ ਪੱਧਰ 'ਤੇ ਲੋਕਾਂ ਨੂੰ ਨਿਰਾਸ਼ਾ ਹੱਥ ਲੱਗੀ। ਕਮਾਈ ਮਿੱਟੀ ਹੋ ਗਈ ਤੇ ਕਿਸਾਨਾਂ ਤੱਕ 'ਤੇ ਸੰਕਟ ਆ ਗਿਆ। ਜਦਕਿ ਭਾਰਤ ਵਿਚ ਕਰਜ਼ੇ ਦੇ ਚਲਦਿਆਂ ਕਿਸਾਨਾਂ ਦੀਆਂ ਖ਼ੁਦਕੁਸ਼ੀ ਦੀਆਂ ਘਟਨਾਵਾਂ ਸੁਰਖੀਆਂ ਵਿਚ ਰਹੀਆਂ ਹਨ। ਇਹ ਗਿਰਾਵਟ ਸਿਰਫ਼ ਖੇਤੀ ਕਿਸਾਨੀ ਤੱਕ ਸੀਮਤ ਨਾ ਹੋ ਕੇ ਦੂਸਰੇ ਇਲਾਕਿਆਂ ਵਿਚ ਵੀ ਆਈ।

ਭਾਰਤ ਸਰਕਾਰ ਨੇ ਇਕ ਹੋਰ ਵੱਡਾ ਕਦਮ ਚੁੱਕਿਆ, ਉਹ ਵਪਾਰ ਲਾਗਤ ਘੱਟ ਕਰਨ ਅਤੇ ਏਕੀਕ੍ਰਿਤ ਕਰ ਪ੍ਰਣਾਲੀ ਦੇ ਨਾਂ 'ਤੇ 'ਵਸਤੂ ਅਤੇ ਸੇਵਾ ਕਰ' (ਜੀ.ਐਸ.ਟੀ.) ਲੈ ਆਈ।

ਦੁਨੀਆ ਭਰ ਵਿਚ ਤੇਲ ਦੀਆਂ ਕੀਮਤਾਂ ਘੱਟ ਹੋਣ (ਵੱਡਾ ਤੇਲ ਦਰਾਮਦਕਾਰ ਦੇਸ਼ ਹੋਣ ਦੇ ਨਾਤੇ ਭਾਰਤ ਨੂੰ ਇਸ ਵਿਚ ਜ਼ਿਆਦਾ ਬਚਤ ਹੋਈ।) ਅਤੇ ਚੀਨ ਵਿਚ ਕਿਰਤ ਲਾਗਤ ਵਧਣ (ਭਾਰਤ ਨੂੰ ਮੈਨੂਫੈਕਚਰਿੰਗ ਅਤੇ ਨਿਰਯਾਤ ਵਿਚ ਜ਼ਿਆਦਾ ਟੱਕਰ ਮਿਲੀ) ਵਰਗੇ ਕਈ ਕਾਰਨ ਸਨ, ਜਿਸ ਦੇ ਚਲਦਿਆਂ ਇਹ ਮੰਨਿਆ ਗਿਆ ਕਿ ਭਾਰਤੀ ਅਰਥਵਿਵਸਥਾ ਸਾਲ 2008 ਦੀ ਮੰਦੀ ਦੇ ਪਹਿਲੇ ਵਾਲੇ 9 ਫੀਸਦੀ ਸਾਲਾਨਾ ਪੱਧਰ 'ਤੇ ਆ ਜਾਵੇਗੀ। ਪਰ ਅਜਿਹਾ ਨਹੀਂ ਹੋਇਆ। ਭਾਰਤ ਦੀ ਵਿਕਾਸ ਦਰ 2017 ਦੀ ਪਹਿਲੀ ਤਿਮਾਹੀ ਵਿਚ 6.1 ਫ਼ੀਸਦੀ ਰਹੀ, ਜਦਕਿ ਸਾਲ 2015-16 ਵਿਚ ਇਹ 7.9 ਫ਼ੀਸਦੀ ਸੀ। ਅਜਿਹਾ ਨਹੀਂ ਹੈ ਕਿ ਇਹ ਸਭ ਨੋਟਬੰਦੀ ਕਾਰਨ ਹੋਇਆ। ਇਸ ਦੇ ਵੀ ਸਪਸ਼ਟ ਸੰਕੇਤ ਹਨ-ਅਰਥਵਿਵਸਥਾ ਦੀ ਰਫ਼ਤਾਰ ਹੌਲੀ ਹੋਣ ਦਾ ਕਾਰਨ ਵਿੱਤੀ ਖੇਤਰ ਵੀ ਹੈ। ਅਕਤੂਬਰ 2016 ਤੋਂ ਅਪ੍ਰੈਲ 2017 ਤਕ ਪੇਂਡੂ ਕਰਜ਼ੇ ਵਿਚ ਸਿਰਫ਼ 2.5 ਫ਼ੀਸਦੀ ਵਾਧਾ ਹੋਇਆ, ਜਦਕਿ ਇਕ ਸਾਲ ਪਹਿਲਾਂ ਇਹ 12.9 ਫ਼ੀਸਦੀ ਸੀ। ਕੁੱਲ ਮਿਲਾ ਕੇ ਦੇਖੀਏ ਤਾਂ ਬੈਂਕ ਕਰਜ਼ੇ ਦੀ ਵਾਧਾ ਦਰ ਵਿਚ ਕਮੀ ਆਈ ਹੈ। ਅਪ੍ਰੈਲ ਵਿਚ ਉਦਯੋਗਿਕ ਉਤਪਾਦਨ ਵਿਚ ਵਾਧਾ 3.1 ਫੀਸਦੀ ਰਿਹਾ, ਜਦਕਿ ਪਿਛਲੇ ਸਾਲ ਅਪ੍ਰੈਲ ਵਿਚ ਇਹ 6.5 ਫੀਸਦੀ ਸੀ।

ਇਹ ਸਾਰੇ ਸੰਕੇਤ ਆਉਣ ਵਾਲੇ ਮਹੀਨਿਆਂ ਲਈ ਠੀਕ ਨਹੀਂ ਦਿਖਾਈ ਦਿੰਦੇ-ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦੀ ਸਹੀ ਕੀਮਤ ਨਾ ਮਿਲਣ, ਪੈਸਿਆਂ ਦੀ ਕਮੀ ਕਾਰਨ ਖੇਤੀ ਖੇਤਰ ਕਮਜ਼ੋਰ ਪੈ ਸਕਦਾ ਹੈ। ਉਸ ਦਾ ਵਿਆਪਕ ਅਸਰ ਹੋ ਸਕਦਾ ਹੈ। ਨੋਟਬੰਦੀ ਦਾ ਅਰਥਵਿਵਸਥਾ 'ਤੇ ਅਸਰ ਹਾਲੇ ਬਣਿਆ ਰਹਿ ਸਕਦਾ ਹੈ। ਨੋਟਬੰਦੀ ਦੇ ਚਲਦਿਆਂ ਡਿਜੀਟਲ ਮਨੀ ਨੂੰ ਹੱਲਾਸ਼ੇਰੀ ਦੇਣ ਵਿਚ ਮਦਦ ਮਿਲੀ, ਜੋ ਵੱਡੇ ਪੱਧਰ 'ਤੇ ਕਾਰਗਰ ਵੀ ਹੈ। ਪਰ ਸਰਕਾਰ ਨੂੰ ਮਾਰਕੀਟ ਵਿਚ ਚਲਣ ਵਾਲੀ 86 ਫ਼ੀਸਦੀ ਮੁੱਦਰਾ ਹਟਾ ਕੇ ਇਹ ਟੀਚਾ ਹਾਸਲ ਨਹੀਂ ਕਰਨਾ ਸੀ।

ਭਾਰਤ ਦੀ ਅਰਥਵਿਵਸਥਾ ਵਿਚ ਬਹੁਤ ਤਾਕਤ ਹੈ। ਇਥੇ ਬਚਤ ਅਤੇ ਨਿਵੇਸ਼ ਦਾ ਪੱਧਰ ਬਹੁਤ ਜ਼ਿਆਦਾ ਹੈ, ਜਿਸ ਨਾਲ ਸੰਕਟ ਦੂਰ ਹੋ ਜਾਵੇਗਾ। ਜਿਵੇਂ ਸਮੁੰਦਰ ਵਿਚ ਜਾਣ ਵਾਲੇ ਮਾਲ ਜਹਾਜ਼ ਡੁੱਬਣ ਦੇ ਜੋਖਮ 'ਤੇ ਹੀ ਹਵਾਵਾਂ ਅਤੇ ਲਹਿਰਾਂ ਦੀ ਉਮੀਦ ਕਰ ਸਕਦੇ ਹਨ, ਉਸ ਤਰ੍ਹਾਂ ਆਰਥਿਕ ਨੀਤੀ ਨਿਰਮਾਤਾ ਅਰਥਸ਼ਾਸਤਰ ਦੇ ਸਿਧਾਂਤਾਂ ਦੀ ਅਣਦੇਖੀ ਕਰਕੇ ਮਾਰਕੀਟ ਵਿਚ ਦਖ਼ਲ ਕਰਦੇ ਹਾਂ ਤਾਂ ਅਰਥਵਿਵਸਥਾ ਦੇ ਜਹਾਜ਼ ਨੂੰ ਨੁਕਸਾਨ ਪਹੁੰਚਾਏ ਬਿਨਾਂ ਅਜਿਹਾ ਨਹੀਂ ਹੋ ਸਕਦਾ।

**( 'ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ)**

# ਖ਼ੁਦਕੁਸ਼ੀਆਂ ਕਰਨ ਵਾਲਿਆਂ ਵਿਚ ਕਿਸਾਨਾਂ ਨਾਲੋਂ ਖੇਤ ਮਜ਼ਦੂਰਾਂ ਦੀ ਗਿਣਤੀ ਜ਼ਿਆਦਾ

## ਪੰਜਾਬੀ ਯੂਨੀਵਰਸਿਟੀ, ਜੀਐਨਡੀਯੂ ਤੇ ਪੀਏਯੂ ਵੱਲੋਂ ਤਿਆਰ ਰਿਪੋਰਟ 'ਚ ਹੋਇਆ ਖੁਲਾਸਾ

**ਚੰਡੀਗੜ੍ਹ/ ਵਿਸ਼ਵ ਭਾਰਤੀ :**

ਪੰਜਾਬ ਸਰਕਾਰ ਭਾਵੇਂ ਅਜੇ ਤਕ ਜ਼ਮੀਨ ਵਿਹੂਣੇ ਖੇਤ ਮਜ਼ੂਦਰਾਂ ਦਾ ਕਰਜ਼ਾ ਮੁਆਫ਼ ਕਰਨ ਸਬੰਧੀ ਕੋਈ ਫ਼ੈਸਲਾ ਲੈਣ ਵਿਚ ਨਾਕਾਮ ਰਹੀ ਹੈ, ਪਰ ਸਰਕਾਰ ਵੱਲੋਂ ਤਿਆਰ ਕਰਵਾਈ ਰਿਪੋਰਟ ਤੋਂ ਜਿਹੜਾ ਖੁਲਾਸਾ ਹੋਇਆ ਹੈ, ਉਹ ਹੈਰਾਨ ਕਰਨ ਵਾਲਾ ਹੈ। ਰਿਪੋਰਟ ਮੁਤਾਬਕ ਪੰਜਾਬ ਵਿਚ ਜ਼ਮੀਨਾਂ ਤੋਂ ਵਾਂਝੇ ਅਤੇ ਕਰਜ਼ਿਆਂ ਕਰਕੇ ਖ਼ੁਦਕੁਸ਼ੀ ਕਰਨ ਵਾਲੇ ਖੇਤ ਮਜ਼ਦੂਰਾਂ ਦੀ ਗਿਣਤੀ ਕਿਸਾਨਾਂ ਨਾਲੋਂ ਕਿਤੇ ਵੱਧ ਹੈ।

ਪੰਜਾਬ ਸਰਕਾਰ ਵੱਲੋਂ ਪੇਂਡੂ ਖੇਤਰਾਂ ਵਿਚ ਖ਼ੁਦਕੁਸ਼ੀਆਂ ਬਾਰੇ ਤਿਆਰ ਅਧਿਕਾਰਤ ਰਿਪੋਰਟ ਮੁਤਾਬਕ ਰਾਜ ਦੇ ਸੱਤ ਜ਼ਿਲ੍ਹਿਆਂ ਵਿੱਚ 2010 ਤੋਂ 2016 ਦੇ ਅਰਸੇ ਦੌਰਾਨ ਖੇਤ ਮਜ਼ਦੂਰਾਂ ਦੀ ਗਿਣਤੀ ਕਿਸਾਨਾਂ ਦੇ ਮੁਕਾਬਲੇ ਵੱਧ ਸੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਤਿਆਰ ਇਹ ਰਿਪੋਰਟ ਸੱਤ ਜ਼ਿਲ੍ਹਿਆਂ ਫਰੀਦਕੋਟ, ਫ਼ਤਿਹਗੜ੍ਹ ਸਾਹਿਬ, ਹੁਸ਼ਿਆਰਪੁਰ, ਪਟਿਆਲਾ, ਰੂਪਨਗਰ, ਐਸਏਐਸ ਨਗਰ ਤੇ ਮੁਕਤਸਰ ਵਿੱਚ ਕੀਤੇ ਸਰਵੇਖਣ 'ਤੇ ਆਧਾਰਤ ਹੈ। ਰਾਜ ਦੇ ਹੋਰਨਾਂ ਜ਼ਿਲ੍ਹਿਆਂ ਬਾਰੇ ਰਿਪੋਰਟ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਅਤੇ ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਵੱਲੋਂ ਤਿਆਰ ਕੀਤੀ ਗਈ ਹੈ। ਰਿਪੋਰਟ ਮੁਤਾਬਕ 2010 ਤੋਂ 2016 ਦੇ ਅਰਸੇ ਦੌਰਾਨ ਸੱਤ ਜ਼ਿਲ੍ਹਿਆਂ ਵਿਚੋਂ ਖ਼ੁਦਕੁਸ਼ੀਆਂ ਦੇ 737 ਕੇਸ ਸਾਹਮਣੇ ਆਏ ਸਨ। ਇਨ੍ਹਾਂ ਵਿਚੋਂ 397 ਲਗਪਗ 53.87 ਫੀਸਦ ਖੇਤ ਮਜ਼ਦੂਰ ਹਨ ਜਦਕਿ 340 (46.3 ਫੀਸਦ) ਕਿਸਾਨ ਸਨ। ਖ਼ੁਦਕੁਸ਼ੀ ਕਰਨ ਵਾਲੇ ਖੇਤ ਮਜ਼ਦੂਰਾਂ ਵਿਚੋਂ ਵੱਡੀ ਗਿਣਤੀ ਹੌਲੀ ਅਤੇ ਦਰਮਿਆਨੀ ਉਮਰ ਦੇ ਸਨ।

ਸਾਲ 2000 ਤੋਂ 2009 ਦੇ ਅਰਸੇ ਦੌਰਾਨ ਪੇਂਡੂ ਖ਼ੁਦਕੁਸ਼ੀਆਂ ਬਾਰੇ ਇਨ੍ਹਾਂ ਸੱਤ ਜ਼ਿਲ੍ਹਿਆਂ ਨਾਲ ਸਬੰਧਤ ਪਿਛਲੀ ਰਿਪੋਰਟ ਮੁਤਾਬਕ ਖੇਤ ਮਜ਼ਦੂਰਾਂ ਵੱਲੋਂ ਕੀਤੀਆਂ ਖ਼ੁਦਕੁਸ਼ੀਆਂ ਕੁੱਲ ਅੰਕੜਿਆਂ ਦਾ 46 ਫੀਸਦੀ ਬਣਦੀਆਂ ਹਨ। ਹਾਲਾਂਕਿ ਮੌਜੂਦਾ ਰਿਪੋਰਟ ਮੁਤਾਬਕ ਪਿਛਲੇ ਅਧਿਐਨ ਦੀ ਨਿਸਬਤ ਐਤਕੀਂ ਖੇਤ ਮਜ਼ਦੂਰਾਂ ਵੱਲੋਂ ਖ਼ੁਦਕੁਸ਼ੀਆਂ ਵਿਚ 8 ਫੀਸਦ ਦਾ ਇਜ਼ਾਫ਼ਾ ਹੋਇਆ ਹੈ। ਖ਼ੁਦਕੁਸ਼ੀਆਂ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਖੇਤ ਮਜ਼ਦੂਰਾਂ ਵੱਲੋਂ 83.38 ਫੀਸਦ ਖੁ ?ਦਕੁਸ਼ੀਆਂ ਕਰਜ਼ੇ ਦੀ ਵਧਦੀ ਪੰਡ ਕਰਕੇ ਕੀਤੀਆਂ ਜਦਕਿ 11.62 ਫੀਸਦ ਕੇਸਾਂ ਵਿਚ ਖ਼ੁਦਕੁਸ਼ੀ ਦੀ ਵਜ੍ਹਾ ਕੁਝ ਹੋਰ ਸੀ।

ਉਧਰ ਖੇਤ ਮਜ਼ਦੂਰ ਯੂਨੀਅਨ, ਜਿਨ੍ਹਾਂ ਨੂੰ ਕਿਸਾਨ ਯੂਨੀਅਨਾਂ ਦੇ ਮੁਕਾਬਲੇ ਘੱਟ ਤਰਜੀਹ ਮਿਲਦੀ ਹੈ, ਦਾ ਮੰਨਣਾ ਹੈ ਕਿ ਸਰਕਾਰ ਦਲਿਤਾਂ ਦੀ ਵੋਟ ਉੱਤੇ ਤਾਂ ਅੱਖ ਰੱਖਦੀ ਹੈ, ਪਰ ਰਾਹਤ ਦੇਣ ਲੱਗਿਆਂ ਹੱਥ ਪਿੱਛੇ ਖਿੱਚ ਲੈਂਦੀ ਹੈ। ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਲਛਮਣ ਸੇਵੇਵਾਲਾ ਨੇ ਕਿਹਾ, 'ਇੰਨੇ ਸਰਵੇਖਣਾਂ ਤੇ ਅਧਿਐਨਾਂ ਦੇ ਬਾਵਜੂਦ ਸਾਨੂੰ ਸਰਕਾਰ ਨੂੰ ਇਹ ਦੱਸਣਾ ਪੈ ਰਿਹਾ ਕਿ ਅਸੀਂ ਕਰਜ਼ਿਆਂ ਕਰਕੇ ਮਰ ਰਹੇ ਹਾਂ, ਪਰ ਫਿਰ ਵੀ ਕੋਈ ਸੁਣਨ ਨੂੰ ਤਿਆਰ ਨਹੀਂ।' ਯਾਦ ਰਹੇ ਕਿ ਪਿਛਲੇ ਮਹੀਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ 8.75 ਲੱਖ ਛੋਟੇ ਤੇ ਸੀਮਾਂਤ ਕਿਸਾਨਾਂ ਦੇ ਫ਼ਸਲੀ ਕਰਜ਼ੇ 'ਤੇ ਲੀਕ ਮਾਰਨ ਦਾ ਐਲਾਨ ਕੀਤਾ ਸੀ, ਪਰ ਜਦੋਂ ਖੇਤ ਮਜ਼ਦੂਰਾਂ ਨੂੰ ਰਾਹਤ ਦੇਣ ਦੀ ਗੱਲ ਤੁਰੀ ਤਾਂ ਉਨ੍ਹਾਂ ਦਾਅਵਾ ਕੀਤਾ ਕਿ ਸਰਕਾਰ ਕੋਲ ਖੇਤ ਮਜ਼ਦੂਰਾਂ ਦੀ ਗਿਣਤੀ ਜਾਂ ਉਨ੍ਹਾਂ ਵੱਲ ਬਕਾਇਆ ਖੜ੍ਹੇ ਕਰਜ਼ਿਆਂ ਸਬੰਧੀ ਕੋਈ ਰਿਕਾਰਡ ਨਹੀਂ ਹੈ। ਮਗਰੋਂ ਮੁੱਖ ਮੰਤਰੀ ਨੇ ਸਪੀਕਰ ਨੂੰ ਇਸ ਮਾਮਲੇ ਦੀ ਜਾਂਚ ਲਈ ਪੰਜ ਮੈਂਬਰੀ ਕਮੇਟੀ ਬਣਾਉਣ ਲਈ ਕਿਹਾ ਸੀ।

### ਸਮੇਂ ਦੀਆਂ ਸਰਕਾਰਾਂ ਨੇ ਖੇਤ ਮਜ਼ਦੂਰਾਂ ਦੀਆਂ ਮੁਸ਼ਕਲਾਂ ਵਿਸਾਰੀਆਂ

ਮਾਹਰਾਂ ਮੁਤਾਬਕ ਪਿਛਲੇ ਇਕ ਦਹਾਕੇ ਦੌਰਾਨ ਕੀਤੇ ਗਏ ਅਧਿਐਨਾਂ ਨੇ ਖੇਤ ਮਜ਼ਦੂਰਾਂ ਦੀਆਂ ਵਧਦੀਆਂ ਮੁਸ਼ਕਲਾਂ ਵੱਲ ਇਸ਼ਾਰਾ ਕੀਤਾ ਹੈ, ਪਰ ਸਮੇਂ ਦੀਆਂ ਸਰਕਾਰਾਂ ਨੇ ਇਸ ਪਾਸੇ ਕੋਈ ਧਿਆਨ ਨਹੀਂ ਧਰਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਅਰਥਸ਼ਾਸਤਰ ਵਿਭਾਗ ਦੇ ਮੁਖੀ ਪ੍ਰੋ. ਲਖਵਿੰਦਰ ਸਿੰਘ ਨੇ ਕਿਹਾ, '2007 ਵਿੱਚ ਅਸੀਂ ਖੇਤ ਮਜ਼ਦੂਰਾਂ ਦੀ ਹਾਲਤ ਬਾਰੇ ਇਕ ਰਿਪੋਰਟ ਸਰਕਾਰ ਨੂੰ ਸੌਂਪੀ ਸੀ। ਇਸ ਰਿਪੋਰਟ ਮੁਤਾਬਕ 70 ਫੀਸਦ ਮਜ਼ਦੂਰ ਕਰਜ਼ੇ ਦੇ ਬੋਝ ਹੇਠ ਦੱਬੇ ਹੋਏ ਸਨ, ਪਰ ਸਰਕਾਰ ਨੇ ਨੀਤੀ ਬਣਾਉਣ ਲੱਗਿਆਂ ਕਦੇ ਵੀ ਇਸ ਰਿਪੋਰਟ ਦੇ ਤੱਥਾਂ ਤੇ ਅੰਕੜਿਆਂ ਨੂੰ ਨਹੀਂ ਗੌਲਿਆ। ਜੇ ਕਿਤੇ ਸਰਕਾਰ ਨੇ ਸਮਾਂ ਰਹਿੰਦਿਆਂ ਕਦਮ ਪੁੱਟਿਆ ਹੁੰਦਾ ਤਾਂ ਖੇਤ ਮਜ਼ਦੂਰਾਂ ਨੂੰ ਬਚਾਇਆ ਜਾ ਸਕਦਾ ਸੀ।' ਰਿਪੋਰਟ ਨੂੰ ਤਿਆਰ ਕਰਨ ਵਿੱਚ ਸੁਖਵਿੰਦਰ ਸਿੰਘ, ਕੇਸਰ ਸਿੰਘ ਭੰਗੂ ਤੇ ਜਸਵਿੰਦਰ ਸਿੰਘ ਬਰਾੜ ਵੀ ਸ਼ਾਮਲ ਸਨ।

# ਕਿਸਾਨਾਂ ਵੱਲੋਂ ਦਿੱਲੀ 'ਚ ਰੋਸ ਮੁਜ਼ਾਹਰਾ

**ਨਵੀਂ ਦਿੱਲੀ/ਬਿਊਰੋ ਨਿਊਜ਼:** ਪੰਜਾਬ ਸਣੇ ਕਈ ਹੋਰ ਰਾਜਾਂ ਦੇ ਕਿਸਾਨਾਂ ਨੇ ਸੋਮਵਾਰ ਨੂੰ ਦਿੱਲੀ ਵਿਖੇ ਰਾਸ਼ਟਰੀ ਕਿਸਾਨ ਮਹਾਂਸੰਘ ਦੇ ਝੰਡੇ ਹੇਠ ਜੰਤਰ ਮੰਤਰ ਵਿਖੇ ਰੋਸ ਮੁਜ਼ਾਹਰਾ ਕਰਦਿਆਂ ਨੀਤੀ ਆਯੋਗ ਵੱਲ ਮਾਰਚ ਕਰਨ ਦੀ ਕੋਸ਼ਿਸ਼ ਕੀਤੀ ਪਰ ਦਿੱਲੀ ਪੁਲਿਸ ਨੇ ਕਿਸਾਨਾਂ ਨੂੰ ਹਿਰਾਸਤ ਵਿੱਚ ਲੈ ਲਿਆ। ਉਨ੍ਹਾਂ ਨੂੰ ਦੇਰ ਸ਼ਾਮ ਰਿਹਾਅ ਕਰ ਦਿੱਤਾ ਗਿਆ। ਮੁਜ਼ਾਹਰਾਕਾਰੀ ਕਿਸਾਨ ਖੇਤੀ ਕਰਜ਼ੇ ਮੁਆਫ਼ ਕਰਨ ਅਤੇ ਖ਼ੁਦਕੁਸ਼ੀਆਂ ਕਰ ਗਏ ਕਿਸਾਨਾਂ ਦੇ ਵਾਰਸਾਂ ਨੂੰ ਉਚਿਤ ਮੁਆਵਜ਼ਾ ਤੇ ਫਸਲਾਂ ਦੇ ਸਹੀ ਮੁੱਲ ਦਿੱਤੇ ਜਾਣ ਦੀ ਮੰਗ ਕਰ ਰਹੇ ਸਨ। ਇਸ ਮੁਜ਼ਾਹਰੇ ਵਿੱਚ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਰਾਜਸਥਾਨ, ਹਿਮਾਚਲ ਪ੍ਰਦੇਸ਼ ਤੇ ਮੱਧ ਪ੍ਰਦੇਸ਼ ਸਮੇਤ ਗੁਜਰਾਤ ਦੇ ਕਿਸਾਨਾਂ ਨੇ ਸ਼ਿਰਕਤ ਕੀਤੀ। ਕਿਸਾਨ ਆਗੂਆਂ ਨੇ ਕਿਹਾ ਕਿ ਭਾਰਤੀ ਉਪ ਮਹਾਂਦੀਪ ਦੀ 60-70 ਫੀਸਦੀ ਆਬਾਦੀ ਖੇਤੀ ਉਪਰ ਨਿਰਭਰ ਹੈ ਪਰ ਫਿਰ ਵੀ ਸੱਤਾ 'ਤੇ ਕਾਬਜ਼ ਸਰਕਾਰਾਂ ਨੀਤੀਆਂ ਬਣਾਉਣ ਲੱਗੀਆਂ ਕਿਸਾਨਾਂ ਨੂੰ ਅਣਗੌਲਦੀਆਂ ਹਨ। ਉਨ੍ਹਾਂ ਕਿਹਾ ਕਿ ਸਨਅਤਕਾਰਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਮੁਆਫ਼ ਕਰਨ ਨੂੰ ਪਲ ਵੀ ਨਹੀਂ ਲੱਗਦਾ ਪਰ ਕਿਸਾਨਾਂ ਦੇ ਲੰਬੇ ਸਮੇਂ ਦੇ ਕਰਜ਼ੇ ਮੁਆਫ਼ ਕਰਨ ਦੀ ਮੰਗ ਮੋਦੀ ਸਰਕਾਰ ਨੇ ਪੂਰੀ ਨਹੀਂ ਕੀਤੀ ਹੈ।

# ਸਾਹਿਤ ਸੰਗਮ ਦੀ ਇਕੱਤਰਤਾ 'ਚ ਪਰਵਾਸੀ ਲੇਖਕ ਮਾਸਟਰ ਨਿਰਮਲ ਸਿੰਘ ਲਾਲੀ ਦੀਆਂ ਕਿਤਾਬਾਂ 'ਵਿਅਕਤੀ, ਸਮਾਜ ਤੇ ਕੁਦਰਤ' ਅਤੇ 'ਕਵਿਤਾ ਦੀ ਪਰਵਾਜ਼' ਰਿਲੀਜ਼

**ਰਾਜਪੁਰਾ/ਬਿਊਰੋ ਨਿਊਜ਼:** ਲੋਕ ਸਾਹਿਤ ਸੰਗਮ ਰਾਜਪੁਰਾ ਦੀ ਇਕੱਤਰਤਾ ਪ੍ਰਧਾਨ ਡਾ. ਗੁਰਵਿੰਦਰ ਅਮਨ ਦੀ ਅਗਵਾਈ ਵਿੱਚ ਸਥਾਨਕ ਰੋਟਰੀ ਭਵਨ 'ਚ ਹੋਈ ਜਿਸ 'ਚ ਪਰਵਾਸੀ ਲੇਖਕ ਮਾਸਟਰ ਨਿਰਮਲ ਸਿੰਘ ਲਾਲੀ ਦੀਆਂ ਕਿਤਾਬਾਂ 'ਵਿਅਕਤੀ, ਸਮਾਜ ਤੇ ਕੁਦਰਤ' ਅਤੇ 'ਕਵਿਤਾ ਦੀ ਪਰਵਾਜ਼' ਰਿਲੀਜ਼ ਕੀਤੀਆਂ ਗਈਆਂ। ਇਸ ਮੌਕੇ ਡਾ. ਹਰਜੀਤ ਸਿੰਘ ਸੱਧਰ ਅਤੇ ਡਾ. ਗੁਰਵਿੰਦਰ ਅਮਨ ਨੇ ਨਿਰਮਲ ਸਿੰਘ ਲਾਲੀ ਦੀਆਂ ਲਿਖਤਾਂ ਦੀ ਪ੍ਰਸੰਸਾ ਕੀਤੀ। ਇਸਤੋਂ ਪਹਿਲਾਂ ਰਚਨਾਵਾਂ ਦੇ ਦੌਰ 'ਚ ਲੋਕ ਕਵੀ ਕਰਮ ਸਿੰਘ ਹਕੀਰ ਨੇ 'ਹਵਾਲਾ ਕਾਂਡ' ਸੁਣਾ ਕੇ ਸਭਾ ਦਾ ਆਗਾਜ਼ ਕੀਤਾ। ਸੁਰਿੰਦਰ ਸਿੰਘ ਸੋਹਣਾ ਨੇ ਧਾਰਮਿਕ ਗੀਤ 'ਭੁੱਲਗੇ ਨੇ ਤੇਰਾ ਉਪਕਾਰ ਦਾਤਿਆ' ਤੇ ਬਚਨ ਸਿੰਘ ਬਚਨ ਸੋਢੀ ਨੇ 'ਨੈਨੋਂ ਤੁਮ ਹੀ ਬੁਰੇ ਹੋ' ਸੁਣਾ ਕੇ ਚੰਗਾ ਰੰਗ ਬੰਨ੍ਹਿਆ। ਮਨਜੀਤ ਕੌਰ ਅੰਬਾਲਵੀ ਨੇ 'ਮੈਂ ਧਰਤ ਦਾ ਉਬਾਲ ਹਾਂ, ਲੋਕ ਕਹਿੰਦੇ ਭੂਚਾਲ ਹਾਂ' ਕਵਿਤਾ ਸੁਣਾਈ। ਢਾ. ਹਰਜੀਤ ਸਿੰਘ ਸੱਧਰ ਨੇ 'ਅਗਨੀ ਵਰਗੇ ਮੌਸਮ ਨੂੰ ਸਾਡਾ ਖਿੜਨਾ ਰਾਸ ਨਾ ਆਇਆ' ਤਰੰਨਮ 'ਚ ਸੁਣਾਈ। ਕੁਲਵੰਤ ਸਿੰਘ ਜੱਸਲ, ਜਮੁਨਾ ਪ੍ਰਕਾਸ਼ ਨਾਚੀਜ਼, ਗੁਰਵਿੰਦਰ ਆਜ਼ਾਦ, ਗਿਆਨੀ ਮਾਨ ਸਿੰਘ ਜੰਡੋਲੀ, ਅਮਰਜੀਤ ਸਿੰਘ ਲੁਬਾਣਾ, ਜਾਣੀ ਜ਼ੀਰਕਪੁਰੀਆ, ਪ੍ਰੋ ਸ਼ਤਰੂਘਣ ਗੁਪਤਾ, ਹਰਸਿਮਰਨਜੀਤ ਸਿੰਘ, ਅਵਤਾਰ ਸਿੰਘ ਕੋਮਲ ਅਤੇ ਸੁੱਚਾ ਸਿੰਘ ਗਂਢਾਂ ਦੀਆਂ ਕਵਿਤਾਵਾਂ ਦੀ ਵੀ ਸਰਾਹਨਾ ਹੋਈ। ਡਾ. ਗੁਰਵਿੰਦਰ ਅਮਨ ਦੀ ਮਿੰਨੀ ਕਹਾਣੀ 'ਜੱਟ ਦਾ ਪੁੱਤ' ਅਜੋਕੇ ਸਮਾਜਿਕ ਪ੍ਰਬੰਧ 'ਤੇ ਵਿਅੰਗ ਸੀ। ਜੀਪੀ ਸਿੰਘ, ਬਲਦੇਵ ਸਿੰਘ ਤੇ ਅਵਤਾਰ ਪੁਆਰ ਖੁਰਾਣਾ ਨੇ ਵੀ ਆਪਣੀਆਂ ਰਚਨਾਵਾਂ ਪੜ੍ਹ ਕੇ ਸੁਣਾਈਆਂ।

### ਆਈ.ਟੀ. ਖੇਤਰ ਦੇ ਮਾਹਰ ਪਾਠਕ੍ਰਮ ਵਿਚ ਚਾਹੁੰਦੇ ਹਨ ਬਦਲਾਅ

# ਸਿਲੀਕਾਨ ਵੈਲੀ ਚਾਹੁੰਦੀ ਹੈ, ਸਕੂਲਾਂ 'ਚ ਸਿਖਾਈ ਜਾਵੇ ਕੰਪਿਊਟਰ ਕੋਡਿੰਗ

**ਨਤਾਸ਼ਾ ਸਿੰਜਰ**

ਅਮਰੀਕਾ ਵਿਚ ਕੁਝ ਹੀ ਦਿਨ ਪਹਿਲਾਂ ਆਈ.ਟੀ. ਖੇਤਰ ਦੇ ਮਾਹਰ ਵ੍ਹਾਈਟ ਹਾਊਸ ਪਹੁੰਚੇ ਸਨ। ਉਥੇ ਐਪਲ ਦੇ ਸੀ.ਈ.ਓ. ਟਿਮ ਕੁਕ ਨੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਗੱਲਾਂ-ਗੱਲਾਂ ਵਿਚ ਕਹਿ ਦਿੱਤਾ ਕਿ ਕਿਉਂ ਨਾ ਪਬਲਿਕ ਸਕੂਲਾਂ ਵਿਚ ਬੱਚਿਆਂ ਲਈ ਕੰਪਿਊਟਰ ਕੋਡਿੰਗ ਪਾਠਕ੍ਰਮ ਸ਼ੁਰੂ ਕੀਤੇ ਜਾਣ। ਇਸ ਨਾਲ ਸਾਡੇ ਬੱਚੇ ਜ਼ਿਆਦਾ ਬਿਹਤਰ ਸਿਖ ਸਕਣਗੇ ਅਤੇ ਦੇਸ਼ ਨੂੰ ਉਹ ਦੇ ਸਕਣਗੇ ਜਿਸ ਦੀ ਜ਼ਰੂਰਤ ਹੈ। ਇਸ ਨਾਲ ਪ੍ਰਤਿਭਾ ਦੀ ਉਸ ਕਮੀ ਨਾਲ ਨਜਿੱਠਣ ਵਿਚ ਮਦਦ ਮਿਲੇਗੀ, ਜਿਸ ਦਾ ਸਾਹਮਣਾ ਟੇਕ ਇੰਡਸਟਰੀ ਨੂੰ ਕਰਨਾ ਪੈ ਰਿਹਾ ਹੈ। ਟਿਮ ਕੁਕ ਨੇ ਕਿਹਾ ਕਿ ਸਰਕਾਰ ਨੂੰ ਇਸ ਵਿਸ਼ੇ 'ਤੇ ਆਪਣੀ ਭੂਮਿਕਾ ਨਿਭਾਉਣੀ ਚਾਹੀਦੀ ਹੈ।

ਐਪਲ ਦੇ ਸੀ.ਈ.ਓ. ਦਾ ਇਹ ਮਤ ਟੇਕ ਕੰਪਨੀਆਂ ਦੇ ਉਨ੍ਹਾਂ ਯਤਨਾਂ ਦੀ ਪੁਸ਼ਟੀ ਹੈ, ਜਿਸ ਵਿਚ ਉਹ ਚਾਹੁੰਦੀਆਂ ਹਨ ਕਿ ਕੋਡਿੰਗ ਦੇ ਵਿਸ਼ੇ ਹੋਣ ਅਤੇ ਘੱਟ ਉਮਰ ਤੋਂ ਬੱਚਿਆਂ ਨੂੰ ਇਹ ਸਿਖਾਈ ਜਾਣੀ ਚਾਹੀਦੀ ਹੈ। ਪਰ ਰਾਸ਼ਟਰਪਤੀ ਟਰੰਪ ਦੇ ਸਹਿਯੋਗ ਬਿਨਾਂ ਹੀ ਸਿਲੀਕਾਨ ਵੈਲੀ ਇਸ ਦਿਸ਼ਾ ਵਿਚ ਅੱਗੇ ਵੱਧ ਰਹੀ ਹੈ। ਇਸ 'ਤੇ ਕੋਡ ਡਾਟ ਓ.ਆਰ.ਜੀ. ਪਹਿਲਾਂ ਤੋਂ ਕੰਮ ਕਰ ਰਹੀ ਹੈ। ਉਹ ਸੈਮੀਨਾਰ ਵਿਚ ਤੀਸਰੀ-ਚੌਥੀ ਦੇ ਬੱਚਿਆਂ ਨੂੰ ਕੋਡਿੰਗ ਬਾਰੇ ਦਸਦੀ ਹੈ। ਇਸ ਸਮੂਹ ਦੀ ਸਥਾਪਨਾ ਸਾਲ 2012 ਵਿਚ ਹਦੀ ਪਾਰਤੋਵੀ ਨੇ ਕੀਤੀ ਸੀ, ਉਹ ਫੇਸਬੁੱਕ ਅਤੇ ਏਅਰਬੀਐਨਬੀ ਦੇ ਸ਼ੁਰੂਆਤੀ ਨਿਵੇਸ਼ਕ ਰਹਿ ਚੁੱਕੇ ਹਨ। ਇਸ ਨੇ ਆਪਣਾ ਟੀਚਾ ਅਮਰੀਕਾ ਦੇ ਹਰੇਕ ਪਬਲਿਕ ਸਕੂਲ ਤਕ ਪਹੁੰਚਣ ਦਾ ਰੱਖ ਲਿਆ ਹੈ, ਜਿਸ ਵਿਚ ਕੰਪਿਊਟਰ ਸਾਇੰਸ ਪੜ੍ਹਾਉਣਾ ਸ਼ਾਮਲ ਹੈ। ਹਦੀ ਪਾਰਤੋਵੀ ਕਹਿੰਦੇ ਹਨ- ਅੱਜ ਤਕਨੀਕ ਦੀ ਦੁਨੀਆ ਵਿਚ ਬੱਚਿਆਂ ਲਈ ਕੰਪਿਊਟਰ ਸਾਇੰਸ ਪੜ੍ਹਨਾ-ਲਿਖਣਾ ਬਹੁਤ ਜ਼ਰੂਰੀ ਹੋ ਗਿਆ ਹੈ।



ਹਦੀ ਪਾਰਤੋਵੀ ਅਨੁਸਾਰ ਉਨ੍ਹਾਂ ਦੀਆਂ ਕੋਡਿੰਗ ਕਲਾਸਾਂ-ਸੈਮੀਨਾਰਾਂ (ਆਵਰ ਆਫ਼ ਕੋਡ) ਵਿਚ ਉਦੋਂ ਤਕ ਵੱਖ ਵੱਖ ਮੁਲਕਾਂ ਦੇ ਲੱਖਾਂ ਬੱਚੇ ਸ਼ਾਮਲ ਹੋ ਚੁੱਕੇ ਹਨ। 57 ਹਜ਼ਾਰ ਟੀਚਰ ਟਰੇਨਿੰਗ ਵਰਕਸ਼ਾਪ ਦਾ ਹਿੱਸਾ ਬਣਾ ਚੁੱਕੇ ਹਨ। ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਪਾਲੀਟੀਕਲ ਸਾਇੰਸ ਦੀ ਸਹਾਇਕ ਪ੍ਰੋਫੈਸਰ ਸਾਰਾ ਰੇਕੋ ਕਹਿੰਦੀ ਹੈ-ਸਿਲੀਕਾਨ ਵੈਲੀ ਪਬਲਿਕ ਸਕੂਲਾਂ ਨੂੰ ਆਪਣੇ ਹਿਤ ਵਾਲੇ ਪਾਠਕ੍ਰਮਾਂ ਲਈ ਕਿਵੇਂ ਕਹਿ ਸਕਦੀ ਹੈ। ਕੀ ਕੰਪਨੀਆਂ ਅਜਿਹੀ ਪ੍ਰਤਿਭਾ ਲਈ ਲੋਕਾਂ ਦਾ ਖ਼ਰਚਾ ਚਾਹੁੰਦੀਆਂ ਹਨ, ਜੋ ਉਨ੍ਹਾਂ ਦੇ ਵਪਾਰ ਲਈ ਲਾਹੇਵੰਦ ਹਨ?

ਪਾਰਤੋਵੀ ਕਹਿੰਦੇ ਹਨ- ਮੈਂ ਬਚਪਨ ਵਿਚ ਇਰਾਨ ਤੋਂ ਅਮਰੀਕਾ ਆਇਆ। ਕੰਪਿਊਟਰ ਸਾਇੰਸ ਹਾਵਰਡ ਵਿਚ ਸਿਖਿਆ, ਫਿਰ ਆਵਾਜ਼ ਦੀ ਪਛਾਣ ਕਰਨ ਵਾਲੀ ਸਟਾਰਟਅਪ ਮਾਈਕਰੋਸਾਫਟ ਨੂੰ 52 ਅਰਬ ਰੁਪਏ ਵਿਚ ਵੇਚਿਆ। ਅੱਜ ਅਮਰੀਕੀ ਸਕੂਲਾਂ ਵਿਚ ਅਜਿਹਾ ਕੋਈ ਨਹੀਂ ਕਹੇਗਾ ਕਿ ਤੁਹਾਨੂੰ ਇਸ ਤਰ੍ਹਾਂ ਦੇ ਕੋਈ ਫੀਲਡ ਵਿਚ ਜਾਣਾ ਚਾਹੀਦਾ ਹੈ। ਇਹ ਸੰਜੋਗ ਹੈ ਕਿ ਅਮਰੀਕੀ ਟੇਕ ਕੰਪਨੀਆਂ ਵੀ ਪ੍ਰਾਈਮਰੀ ਅਤੇ ਸੈਕੰਡਰੀ ਸਕੂਲਾਂ ਵਿਚ ਕੰਪਿਊਟਰ ਅਤੇ ਲਰਨਿੰਗ ਐਪ ਵਿਚ ਸੁਧਾਰ ਦੇ ਯਤਨ ਕਰ ਰਹੀਆਂ ਹਨ।

ਯੂਨੀਵਰਸਿਟੀ ਆਫ਼ ਕੈਲੀਫੋਰਨੀਆ (ਲਾਸ ਏਂਜਲਸ) ਦੇ ਗਰੈਜੁਏਟ ਸਕੂਲ ਆਫ਼ ਐਜੁਕੇਸ਼ਨ ਐਂਡ ਇਨਫਰਮੇਸ਼ਨ ਸਟਡੀਜ਼ ਵਿਚ ਸੀਨੀਅਰ ਰਿਸਰਚਰ ਜੇਨ ਮਾਰਗੋਲਿਸ ਕਹਿੰਦੀ ਹੈ-ਜਦੋਂ ਕੋਈ ਇੰਡਸਟਰੀ ਸਕੂਲਾਂ ਦੇ ਪਾਠਕ੍ਰਮ ਅਤੇ ਸਾਮਗੱਰੀ ਤੈਅ ਕਰਨ ਲੱਗਦੀ ਹੈ ਤਾਂ ਬਹੁਤ ਵੱਡੀ ਸਮੱਸਿਆ ਖੜ੍ਹੀ ਹੋ ਜਾਂਦੀ ਹੈ। ਮਾਈਕਰੋਸਾਫਟ ਦੇ ਮੁਖੀ ਬਰੇਡਫੋਰਡ ਸਮਿਥ ਅਨੁਸਾਰ ਵੱਡੇ ਪੱਧਰ 'ਤੇ ਸਕੂਲਾਂ ਦੀ ਸਿੱਖਿਆ ਕਿਸੇ ਇੰਡਸਟਰੀ ਅਨੁਸਾਰ ਨਹੀਂ ਹੋਣੀ ਚਾਹੀਦੀ। ਇਸ ਨੂੰ ਲੈ ਕੇ ਸਾਨੂੰ ਕੌਮੀ ਪੱਧਰ 'ਤੇ ਗੱਲ ਕਰਨੀ ਚਾਹੀਦੀ ਹੈ, ਜਿਸ ਵਿਚ ਸਾਰੇ ਵਰਗਾਂ ਦੇ ਲੋਕ ਸ਼ਾਮਲ ਹੋਣ। ਉਹ ਪਤਾ ਕਰਨ ਕਿ ਅਮਰੀਕੀ ਬੱਚਿਆਂ ਦੇ ਭਵਿੱਖ ਲਈ ਕੀ ਬਿਹਤਰ ਕੀਤਾ ਜਾ ਸਕਦਾ ਹੈ। ਪਾਰਤੋਵੀ ਕਹਿੰਦੇ ਹਨ-ਬੱਚਿਆਂ ਨੂੰ ਕਿਵੇਂ ਪੜ੍ਹਾਇਆ ਜਾਵੇ, ਇਸ 'ਤੇ ਕਾਫ਼ੀ ਬਹਿਸ ਹੋ ਚੁੱਕੀ ਹੈ, ਕੀ ਪੜ੍ਹਾਇਆ ਜਾਵੇ, ਇਸ 'ਤੇ ਬਿਲਕੁਲ ਬਹਿਸ ਨਹੀਂ ਹੋਈ। ( 'ਦੀ ਨਿਊ ਯਾਰਕ ਟਾਈਮਜ਼' ਤੋਂ ਧੰਨਵਾਦ ਸਹਿਤ)

# ਕਦੋਂ ਤੱਕ ਸਿਰਜੇ ਜਾਂਦੇ ਰਹਿਣਗੇ ਵਿਕਾਸ ਦੇ ਭਰਮ

**ਗੁਰਚਰਨ ਸਿੰਘ ਨੂਰਪੁਰ**
(ਸੰਪਰਕ: 98550-51099)

ਰਾਜਸੀ ਪਾਰਟੀਆਂ ਦੀ ਤਰਜੀਹ ਹੁਣ ਦੇਸ਼ ਨਹੀਂ, ਸੱਤਾ ਹੈ। ਰਾਜਸੀ ਸਰਗਰਮੀਆਂ ਲੋਕ ਪੱਖੀ ਹੋਣ ਦੀ ਬਜਾਏ ਵੋਟ ਦੁਆਲੇ ਕੇਂਦਰਿਤ ਹਨ। ਸਾਡੇ ਮੁਲਕ ਵਿੱਚ ਉਸ ਭਵਿੱਖਮੁਖੀ ਰਾਜਨੀਤੀ ਦਾ ਆਗਾਜ਼ ਹੋਣਾ ਅਜੇ ਬਾਕੀ ਹੈ ਜਿਸ ਵਿੱਚ ਦੇਸ਼ ਨੂੰ ਅੱਗੇ ਲੈ ਜਾਣ ਵਾਲੇ ਵੱਡੇ ਪ੍ਰੋਗਰਾਮ ਹੋਣ ਅਤੇ ਆਮ ਲੋਕਾਂ ਦੀਆਂ ਜਿਊਣ ਹਾਲਤਾਂ ਸੁਧਾਰੀਆਂ ਜਾ ਸਕਣ। ਅੱਜ ਜਿਸ ਨੀਤੀ ਨੂੰ ਅਸੀਂ ਰਾਜਨੀਤੀ ਕਹਿ ਰਹੇ ਹਾਂ, ਉਹ ਰਾਜਨੀਤੀ ਨਹੀਂ ਬਲਕਿ ਰਾਜਨੀਤੀ ਦੇ ਨਾਮ 'ਤੇ ਕੀਤਾ ਜਾਣ ਵਾਲਾ ਕਾਰੋਬਾਰ ਹੈ। ਸਾਡੇ ਬਹੁਤੇ ਨੇਤਾ ਜੇਕਰ ਸੱਤਾ ਵਿੱਚ ਹੋਣ ਤਾਂ ਉਹ ਆਪਣੇ ਕੰਮਾਂ ਦੇ ਲਗਾਤਾਰ ਪ੍ਰਚਾਰ ਲੋਕਾਂ ਅੰਦਰ ਕੁਝ ਚੰਗਾ ਹੋਣ ਦਾ ਅਹਿਸਾਸ ਕਰਵਾਉਣ ਲਈ ਯਤਨਸ਼ੀਲ ਰਹਿੰਦੇ ਹਨ। ਸੱਤਾ ਤੋਂ ਬਾਹਰ ਹੋਣ ਤਾਂ ਵਿਰੋਧੀਆਂ ਦੇ ਪੋਤੜੇ ਫਰੋਲਣ ਲੱਗ ਪੈਂਦੇ ਹਨ। ਸੱਤਾ ਦੇ ਬਦਲਣ ਨਾਲ ਚਿਹਰੇ ਬਦਲਦੇ ਹਨ, ਨੀਤੀਆਂ ਉਹੀ ਰਹਿੰਦੀਆਂ ਹਨ। ਟੈਲੀਵਿਜ਼ਨ ਚੈਂਨਲਾਂ 'ਤੇ ਹੁੰਦੀਆਂ ਬਹਿਸਾਂ ਅਤੇ ਰਾਜਨੀਤਕ ਨੇਤਾਵਾਂ ਦੀਆਂ ਗੱਲਾਂਬਾਤਾਂ, 'ਦੇਸ਼' ਨਹੀਂ ਬਲਕਿ ਆਪਣੇ ਨਿੱਜ ਨੂੰ ਵਡਿਆਉਣ ਅਤੇ ਵਿਰੋਧੀਆਂ ਨੂੰ ਭੰਡਣ, ਗਾਲੀ ਗਲੋਚ ਕਰਨ ਤੇ ਦੂਸ਼ਣਬਾਜ਼ੀ ਤੱਕ ਸੀਮਤ ਰਹਿੰਦੀਆਂ ਹਨ। ਅਸੀਂ ਰਾਜਨੀਤੀ ਦੇ ਉਸ ਦੌਰ ਚੋਂ ਲੰਘ ਰਹੇ ਹਾਂ ਜਿੱਥੇ ਧਰਮਾਂ, ਜਾਤਾਂ ਤੇ ਫਿਰਕਾਪ੍ਰਸਤੀ ਦੇ ਪੱਤੇ ਵਰਤ ਕੇ ਲੋਕਾਂ ਨੂੰ ਵਰਗਲਾਉਣ ਦੀ ਕਵਾਇਦ ਚੱਲ ਰਹੀ ਹੈ। ਮੌਜੂਦਾ ਦੌਰ ਦਾ ਜਦੋਂ ਇਤਿਹਾਸ ਲਿਖਿਆ ਜਾਵੇਗਾ ਤਾਂ ਇਸ ਗੱਲ ਨੂੰ ਬੜੀ ਸ਼ਿੱਦਤ ਨਾਲ ਮਹਿਸੂਸ ਕੀਤਾ ਜਾਵੇਗਾ ਕਿ ਜਦੋਂ ਦੁਨੀਆਂ ਬੜੀ ਤੇਜ਼ੀ ਨਾਲ ਗਿਆਨ ਵਿਗਿਆਨ ਦੇ ਖੇਤਰ ਵਿੱਚ ਅੱਗੇ ਵਧ ਰਹੀ ਸੀ ਤਾਂ ਉਸ ਸਮੇਂ ਸਾਡੇ ਦੇਸ਼ ਵਿੱਚ ਲੋਕਾਂ ਨੂੰ ਗਊ ਰੱਖਿਆ, ਮੰਦਿਰਾਂ, ਮਸਜਿਦਾਂ ਅਤੇ ਧਰਮ ਪਰਿਵਰਤਨ ਵਰਗੇ ਮਸਲਿਆਂ ਵਿੱਚ ਉਲਝਾਇਆ ਜਾ ਰਿਹਾ ਸੀ।



ਬਹੁਤ ਸਾਰੇ ਅਜਿਹੇ ਪ੍ਰੋਗਰਾਮ, ਜਿਨ੍ਹਾਂ 'ਤੇ ਹਰ ਮੁਲਕ ਦਾ ਭਵਿੱਖ ਟਿਕਿਆ ਹੁੰਦਾ ਹੈ, ਫਿਲਹਾਲ ਕਿਸੇ ਪਾਰਟੀ ਦੇ ਏਜੰਡੇ 'ਤੇ ਨਹੀਂ ਹਨ। ਅਸੀਂ ਇੱਕੀਵੀ ਸਦੀ ਵਿੱਚ ਰਹਿ ਰਹੇ ਹਾਂ ਪਰ ਦੇਸ਼ ਦੇ ਭਵਿੱਖ ਪ੍ਰਤੀ ਸਾਡੀ ਰਾਜਨੀਤੀ ਦਾ ਸੱਚ ਇਹ ਹੈ ਕਿ ਇੱਥੇ 'ਰਾਜ' ਕਰਨ ਦੀ ਲਾਲਸਾ ਤਾਂ ਹੈ ਪਰ ਦੇਸ਼ ਲਈ 'ਨੀਤੀ' ਤਿਆਰ ਕਰਨ ਦੀ ਕੋਈ ਇੱਛਾ ਨਹੀਂ। ਸਰਕਾਰਾਂ ਵੱਲੋਂ ਅਜੇ ਵਿਚਾਰਿਆ ਜਾਣਾ ਬਾਕੀ ਹੈ ਕਿ ਕਿੰਨੇ ਵਿਦਿਆਰਥੀ ਕਿਸ ਖੇਤਰ ਦੀ ਪੜ੍ਹਾਈ ਕਰ ਹਰ ਹਨ ਅਤੇ ਉਨ੍ਹਾਂ ਦੇ ਰੁਜ਼ਗਾਰ ਲਈ ਕਿਸ ਤਰ੍ਹਾਂ ਦੀਆਂ ਤਰਜੀਹਾਂ 'ਤੇ ਕੰਮ ਕੀਤਾ ਜਾਵੇ? ਕਿੰਨੇ ਬੱਚੇ ਹਨ ਜੋ ਸਕੂਲੀ ਵਿਦਿਆ ਲੈ ਰਹੇ ਹਨ? ਅਗਲੇ ਸਾਲਾਂ ਦੌਰਾਨ ਜਦੋਂ ਇਹ ਬੱਚੇ ਯੂਨੀਵਰਸਿਟੀਆਂ ਚੋਂ ਡਿਗਰੀਆਂ- ਡਿਪਲੋਮੇ ਲੈ ਕੇ ਬਾਹਰ ਆਉਣਗੇ ਤਾਂ ਉਨ੍ਹਾਂ ਦੇ ਰੁਜ਼ਗਾਰ ਲਈ ਸਾਡੇ ਕੋਲ ਕੀ ਪ੍ਰੋਗਰਾਮ ਹੋਵੇਗਾ? ਮੁਲਕ ਵਿੱਚ ਲਾਈਨਮੈਨ, ਇੰਜਨੀਅਰ, ਬੀ ਐੱਡ, ਐਮ ਐੱਡ, ਐਮਐਸਸੀ, ਐਮ ਟੈੱਕ, ਪੀਐਚ ਡੀ ਵਰਗੇ ਡਿਗਰੀ ਧਾਰਕ ਜਾਂ ਸਿਖਲਾਈਯਾਫਤਾ ਲੱਖਾਂ ਨੌਜਵਾਨ ਬੇਰੁਜ਼ਗਾਰ ਹਨ। ਉਨ੍ਹਾਂ ਨੂੰ ਕੰਮ ਲਾਉਣ ਲਈ ਕੀ ਕੀਤਾ ਜਾਣਾ ਚਾਹੀਦਾ ਹੈ? ਇਹ ਠੀਕ ਹੈ ਕਿ ਵਿਦਿਆ ਹਾਸਲ ਕਰਨੀ ਹਰ ਵਿਅਕਤੀ ਲਈ ਜ਼ਰੂਰੀ ਹੈ ਪਰ ਬਹੁਤ ਸਾਰਾ ਪੈਸਾ ਖ਼ਰਚ ਕਰਕੇ ਜੇਕਰ ਖਾਸ ਖੇਤਰਾਂ ਵਿੱਚ ਉੱਚ ਵਿਦਿਆ ਹਾਸਲ ਕਰਨ ਵਾਲੇ ਨੌਜਵਾਨ ਵੀ ਬੇਕਾਰ ਫਿਰਦੇ ਹਨ ਤਾਂ ਇਹ ਉਨ੍ਹਾਂ ਨਾਲ ਤਾਂ ਆਨਿਆਂ ਹੈ ਹੀ, ਉਨ੍ਹਾਂ ਦੇ ਮਾਪਿਆਂ ਨਾਲ ਵੱਧ ਅਨਿਆਂ ਹੈ ਕਿਉਂਕਿ ਉਨ੍ਹਾਂ ਨੇ ਆਪਣੇ ਸਾਰੇ ਮਾਇਕ ਸਾਧਨ ਆਪਣੇ ਬੱਚਿਆਂ ਦੀ ਸਿੱਖਿਆ ਉਤੇ ਲਾ ਦਿੱਤੇ। ਸੂਚਨਾ ਅਤੇ ਤਕਨਾਲੌਜੀ ਦੇ ਇਸ ਜ਼ਮਾਨੇ ਵਿੱਚ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਜਿਸ ਵਿਸ਼ੇ ਦੀ ਤੁਸੀਂ ਪੜ੍ਹਾਈ ਕਰ ਰਹੇ ਹੋ, ਉਸ ਦਾ ਦੇਸ਼ ਵਿੱਚ ਕੀ ਭਵਿੱਖ ਹੈ? ਇਸ ਦੇ ਨਾਲ ਇਹ ਵੀ ਦੱਸਿਆ ਜਾਣਾ ਚਾਹੀਦਾ ਹੈ ਕਿ ਹੁਣ ਤੱਕ ਕਿੰਨੇ ਲੋਕ ਇਸ ਵਿਸ਼ੇ ਦੀ ਪੜ੍ਹਾਈ ਕਰ ਚੁੱਕੇ ਹਨ ਅਤੇ ਉਨ੍ਹਾਂ ਵਿੱਚ ਕਿੰਨੇ ਫ਼ੀਸਦ ਰੁਜ਼ਗਾਰਯਾਫਤਾ ਅਤੇ ਕਿੰਨੇ ਬੇਰੁਜ਼ਗਾਰ ਹਨ। ਦੇਸ਼ ਦੇ ਕਿਹੜੇ ਖਿੱਤੇ ਵਿੱਚ ਕਿਸ ਕਿਸ ਤਰ੍ਹਾਂ ਦੇ ਅਨਾਜ ਦੀ ਮੰਗ ਹੈ ਅਤੇ ਕਿਹੜੇ ਖਿੱਤੇ ਵਿੱਚ ਇਸ ਨੂੰ ਕਿੰਨੀ ਮਾਤਰਾ ਵਿੱਚ ਉਗਾਇਆ ਜਾਣਾ ਚਾਹੀਦਾ ਹੈ, ਘੱਟੋਘਟ ਅਜਿਹਾ ਗਿਆਨ ਤਾਂ ਨੇਮਬੰਦ ਕਰ ਦੇਣਾ ਚਾਹੀਦਾ ਹੈ। ਬਹੁਤ ਕੁਝ ਬੇਤਰਤੀਬ ਹੈ ਅਤੇ ਇਸ ਸਾਰੇ ਕੁਝ ਨੂੰ ਤਰਤੀਬ ਦਿੱਤੇ ਬਗੈਰ ਦੇਸ਼ ਦਾ ਵਿਕਾਸ ਸੰਭਵ ਨਹੀਂ। ਦੇਸ਼ ਵਿੱਚ ਹਰ ਪਾਸੇ ਕਾਰਪੋਰੇਟ ਖੇਤਰ ਦੇ ਪੈਰਾਂ ਥੱਲੇ ਤਲੀਆਂ ਦੇਣ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ ਪਰ ਖੇਤੀਬਾੜੀ ਨੂੰ ਘਾਟੇ ਵਾਲਾ ਸੌਦਾ ਦੱਸ ਕੇ ਇਸ



ਨੂੰ ਇੱਕ ਤਰ੍ਹਾਂ ਲਗਾਤਾਰ ਦਰਕਿਨਾਰ ਕੀਤਾ ਜਾ ਰਿਹਾ ਹੈ ਜਦਕਿ ਹਕੀਕਤ ਇਹ ਹੈ ਕਿ ਇਸ ਦੇਸ਼ ਵਿੱਚ ਸਭ ਤੋਂ ਵੱਧ ਲੋਕ ਖੇਤੀਬਾੜੀ ਨਾਲ ਜੁੜੇ ਹੋਏ ਹਨ। 60 ਫੀਸਦੀ ਤੋਂ ਵੱਧ ਲੋਕਾਂ ਨੂੰ ਸਿੱਧੇ ਜਾਂ ਅਸਿੱਧੇ ਢੰਗ ਨਾਲ ਰੁਜ਼ਗਾਰ ਖੇਤੀ ਤੋਂ ਮਿਲਦਾ ਹੈ। ਦੇਸ਼ ਦੀ ਖੇਤੀਬਾੜੀ ਨੂੰ ਵਿਕਸਿਤ ਕਰਨ ਲਈ ਜਿਨ੍ਹਾਂ ਤਰਜੀਹਾਂ 'ਤੇ ਕੰਮ ਕੀਤਾ ਜਾਣਾ ਚਾਹੀਦਾ ਸੀ, ਉਹ ਨਹੀਂ ਹੋਇਆ ਅਤੇ ਨਾ ਹੀ ਨੇੜ ਭਵਿੱਖ ਵਿੱਚ ਇਸ ਦੀ ਆਸ ਬੱਝੀ ਹੈ।

ਪਿਛਲੇ ਕੁਝ ਦਿਨਾਂ ਤੋਂ ਦੇਸ਼ ਭਰ ਵਿੱਚ ਕਿਸਾਨਾਂ ਦਾ ਕਰਜ਼ਾ ਵੱਡਾ ਮੁੱਦਾ ਜ਼ਰੂਰ ਬਣਿਆ ਹੈ ਪਰ ਕਿਸਾਨ ਕਰਜ਼ ਲੈਣ ਲਈ ਕਿਉਂ ਮਜਬੂਰ ਹਨ ਅਤੇ ਭਵਿੱਖ ਵਿੱਚ ਉਨ੍ਹਾਂ ਨੂੰ ਕਰਜ਼ ਨਾ ਲੈਣਾ ਪਵੇ, ਇਸ ਦੀ ਚਰਚਾ ਨਹੀਂ ਹੋ ਰਹੀ। ਪੜ੍ਹੇ ਲਿਖੇ ਨੌਜਵਾਨ, ਜੋ ਸਰਕਾਰਾਂ ਦੀ ਬੇਰੁਖੀ ਦਾ ਸ਼ਿਕਾਰ ਹਨ, ਕੋਲ ਸਿਰਫ 'ਬਾਹਰ ਦਾ ਰਸਤਾ' ਹੀ ਬਚਿਆ ਹੈ। ਜੇ ਕਿਸੇ ਬਾਹਰਲੇ ਮੁਲਕ ਵਿੱਚ ਸਾਡੇ ਨੌਜਵਾਨਾਂ ਨੂੰ ਰੁਜ਼ਗਾਰ ਮਿਲ ਸਕਦਾ ਹੈ ਤਾਂ ਇੱਥੇ ਕਿਉਂ ਨਹੀਂ? ਲੋਕ ਆਜ਼ਾਦੀ ਤੋਂ ਪਹਿਲਾਂ ਬਦਤਰ ਸਥਿਤੀ ਸਮੇਂ ਵੀ ਬਾਹਰਲੇ ਮੁਲਕਾਂ ਵੱਲ ਜਾਂਦੇ ਸੀ ਪਰ ਕਮਾਈਆਂ ਕਰਕੇ ਦੇਸ਼ ਪਰਤਦੇ ਸਨ। ਹੁਣ ਸਥਿਤੀ ਇਸ ਤੋਂ ਉਲਟ ਹੈ। ਹੁਣ ਪੜ੍ਹੇ ਲਿਖੇ ਹੁਨਰਮੰਦ ਸਾਧਨ ਸੰਪੰਨ ਲੋਕ ਤੇਜ਼ੀ ਨਾਲ ਮੁਲਕ ਚੋਂ ਹਿਜ਼ਰਤ ਕਰ ਰਹੇ ਹਨ। ਪਹਿਲਾਂ ਉਧਰੋਂ ਪੈਸਾ ਇੱਧਰ ਆਉਂਦਾ ਸੀ, ਹੁਣ ਉਧਰ ਜਾ ਰਿਹਾ ਹੈ। ਦੇਸ਼ ਲਈ ਇਹ ਸਥਿਤੀ ਅਫਸੋਸਨਾਕ ਹੈ। ਅਜਿਹੇ ਮਸਲਿਆਂ 'ਤੇ ਸੋਚ ਵਿਚਾਰ ਹੋਣੀ ਚਾਹੀਦਾ ਹੈ। ਇਸ ਸਥਿਤੀ ਦਾ ਦੂਜਾ ਪੱਖ ਇਹ ਹੈ ਕਿ ਬਹੁਤ ਸਾਰੇ ਗਰੀਬ ਘਰਾਂ ਦੇ ਨੌਜਵਾਨ ਠੱਗ ਏਜੰਟਾਂ ਦੇ ਝਾਸੇ ਵਿੱਚ ਆ ਕੇ ਇਰਾਕ, ਸੀਰੀਆ ਵਰਗੇ ਮੁਲਕਾਂ ਵਿੱਚ ਫਸੇ ਹੋਏ ਹਨ। ਇਨ੍ਹਾਂ ਦੇ ਗਰੀਬ ਮਾਪੇ ਦਰ-ਬ-ਦਰ ਠੋਕਰਾਂ ਖਾ ਰਹੇ ਕਿ ਕਿਸੇ ਤਰ੍ਹਾਂ ਉਨ੍ਹਾਂ ਦੇ ਪੁੱਤਰ ਖਾਲੀ ਹੱਥੀਂ ਹੀ ਦੇਸ਼ ਪਰਤ ਆਉਣ। ਇਨ੍ਹਾਂ ਦੇ ਨਿੱਕੇ ਨਿੱਕੇ ਬੱਚਿਆਂ ਦੀਆਂ ਅੱਖਾਂ ਦੇ ਹੰਝੂਆਂ ਵਿੱਚ ਤੈਰਦੇ ਸਵਾਲ ਹਾਕਮਾਂ ਨੂੰ ਪੁੱਛਦੇ ਹਨ, 'ਕਿੱਥੇ ਗਿਆ ਸਾਡੇ ਹਿੱਸੇ ਦਾ ਜਹਾਨ?'

ਦੇਸ਼ ਵਿੱਚ ਬੇਰੁਜ਼ਗਾਰੀ ਬਹੁਤ ਵੱਡੀ ਸਮੱਸਿਆ ਬਣ ਗਈ ਹੈ। ਚੋਣਾਂ ਵਿੱਚ ਇਹ ਕਹਿ ਕੇ ਸਾਰ ਦਿੱਤਾ ਜਾਂਦਾ ਹੈ ਕਿ ਹਰ ਸਾਲ ਲੱਖਾਂ ਲੋਕਾਂ ਨੂੰ ਨੌਕਰੀ ਦੇਵਾਂਗੇ। ਇਹ 'ਲੱਖਾਂ' ਵਾਲਾ ਫਾਰਮੂਲਾ ਰਾਜਸੀ ਧਿਰਾਂ ਨੂੰ ਬੜਾ ਫਿੱਟ ਬੈਠਦਾ ਹੈ ਪਰ ਹਕੀਕਤ ਇਸ ਤੋਂ ਉਲਟ ਹੈ। ਸਰਕਾਰੀ ਨੌਕਰੀਆਂ ਘਟ ਰਹੀਆਂ ਹਨ। ਜਨਸੰਖਿਆ ਵਧਣ ਨਾਲ ਜਿਸ ਅਨੁਪਾਤ ਵਿੱਚ ਸਰਕਾਰੀ ਅਦਾਰੇ ਅਤੇ ਸਰਕਾਰੀ ਨੌਕਰੀਆਂ ਵਧਣੀਆਂ ਚਾਹੀਦੀਆਂ ਸਨ, ਉਸ ਤਰ੍ਹਾਂ ਨਹੀਂ ਵਧ ਰਹੀਆਂ। ਚੋਣਾਂ ਦੌਰਾਨ ਲੋਕਾਂ ਨੂੰ ਦੱਸਿਆ ਕੁਝ ਹੋਰ ਜਾਂਦਾ, ਪਰੋਸਿਆ ਕੁਝ ਹੋਰ ਜਾਂਦਾ ਹੈ ਜਿਵੇਂ ਤੀਰਥ ਯਾਤਰਾ ਸਕੀਮ ਜੋ ਹੁਣ ਬੰਦ ਕਰ ਦਿੱਤੀ ਗਈ ਹੈ। ਪਾਣੀ, ਹਵਾ ਅਤੇ ਮਿੱਟੀ ਦੇ ਪ੍ਰਦੂਸ਼ਣ ਦੀ ਸਮੱਸਿਆ ਲਗਾਤਾਰ ਗੰਭੀਰ ਹੁੰਦੀ ਜਾ ਰਹੀ ਹੈ। ਵਾਤਾਵਰਨ ਨੂੰ ਸਵੱਛ ਬਣਾਉਣ ਲਈ ਵੱਡੇ ਪ੍ਰੋਗਰਾਮ ਉਲੀਕਣ ਦੀ ਲੋੜ ਹੈ ਪਰ ਇਸ ਪਾਸੇ ਧਿਆਨ ਦੇਣ ਦੀ ਬਜਾਏ, ਪਹਿਲਾਂ ਲੱਗੇ ਰੁੱਖਾਂ ਨੂੰ ਬੜੀ ਤੇਜ਼ੀ ਨਾਲ ਕੱਟਿਆ ਜਾ ਰਿਹਾ ਹੈ। ਤੇਜ਼ੀ ਨਾਲ ਵਧ ਰਹੀ ਜਨਸੰਖਿਆ, ਅਮੀਰੀ ਗਰੀਬੀ ਦਾ ਵੱਧ ਰਿਹਾ ਪਾੜਾ, ਬਾਲ ਮਜ਼ਦੂਰੀ, ਉੱਚ ਵਿਦਿਆ ਹਾਸਲ ਕਰਨ ਤੋਂ ਵਾਝੇਂ ਹੋ ਰਹੇ ਗਰੀਬਾਂ ਦੇ ਬੱਚੇ, ਪ੍ਰਾਈਵੇਟ ਕੰਪਨੀਆਂ ਦੀ ਲੁੱਟ ਖਸੁੱਟ, ਅਦਾਲਤੀ ਕੇਸਾਂ ਦੇ ਨਿਪਟਾਰਿਆਂ ਵਿੱਚ ਦੇਰੀ, ਨਸ਼ਿਆਂ ਦਾ ਪ੍ਰਚਲਣ ਆਮ ਹੋ ਜਾਣਾ, ਬਿਜਲੀ ਦੀ ਕਿੱਲਤ, ਮਹਿੰਗੀ ਹੋ ਰਹੀ ਸਿੱਖਿਆ ਅਤੇ ਇਲਾਜ ਪ੍ਰਣਾਲੀ, ਪੀਣ ਵਾਲੇ ਪਾਣੀ ਦੀ ਘਾਟ, ਛੋਟੇ ਕਿਸਾਨਾਂ ਤੋਂ ਖੁੱਸ ਰਹੀਆਂ ਜ਼ਮੀਨਾਂ, ਛੋਟੀਆਂ ਘਰੇਲੂ ਸਨਅਤਾਂ ਦਾ ਖਾਤਮਾ, ਆਦਿ ਅਨੇਕ ਮਸਲੇ ਹਨ ਜਿਨ੍ਹਾਂ ਪ੍ਰਤੀ ਸਹੀ ਪਹੁੰਚ ਅਪਣਾਏ ਜਾਣ ਦੀ ਜ਼ਰੂਰਤ ਹੈ। ਅਫਸੋਸ, ਅਜਿਹੇ ਲੋਕ ਮਸਲਿਆਂ ਨੂੰ ਕੋਈ ਅਹਿਮੀਅਤ ਨਹੀਂ ਦਿੱਤੀ ਜਾ ਰਹੀ। 2014 ਦੀਆਂ ਲੋਕ ਸਭਾ ਚੋਣਾਂ ਦੌਰਾਨ ਸਕਿੱਲ ਇੰਡੀਆ, ਮੇਕ ਇਨ ਇੰਡੀਆ, ਦੇਸ਼ ਦੇ ਹਰ ਨਾਗਰਿਕ ਦੇ ਖ਼ਾਤੇ ਵਿੱਚ 15 ਲੱਖ ਰੁਪਏ ਜਮਾਂ ਕਰਵਾਉਣ ਦੇ ਵੱਡੇ ਵੱਡੇ ਗੁਬਾਰੇ ਲੋਕਾਂ ਨੂੰ ਦਿਖਾਏ ਜੋ ਚੋਣਾਂ ਜਿੱਤਣ ਤੋਂ ਬਾਅਦ ਖੁੱਲ੍ਹੇ ਆਕਾਸ਼ ਵਿੱਚ ਛੱਡ ਦਿੱਤੇ ਗਏ ਅਤੇ ਹੁਣ ਹੌਲੀ ਹੌਲੀ ਲੋਕਾਂ ਨੂੰ ਇਹ ਨਜ਼ਰ ਆਉਣੋ ਹਟ ਗਏ ਹਨ।

ਰਾਜਨੀਤਕ ਪਾਰਟੀਆਂ ਲਈ ਲੋਕ ਲੁਭਾਉਣੀਆਂ ਅਤੇ ਵਕਤੀ ਰਾਹਤਾਂ ਦਾ ਪ੍ਰਚਾਰ ਕਰਕੇ ਚੋਣਾਂ ਜਿੱਤਣਾ ਹੀ ਮਿਸ਼ਨ ਬਣ ਗਿਆ ਹੈ। ਇਸ ਤਰ੍ਹਾਂ ਦੀ ਰਾਜਨੀਤੀ ਕਿਸੇ ਵੀ ਦੇਸ਼ ਦੇ ਲੋਕਾਂ ਲਈ ਘਾਤਕ ਸਾਬਤ ਹੁੰਦੀ ਹੈ। ਪਿਛਲੇ ਕੁਝ ਅਰਸੇ ਤੋਂ ਵੱਖ ਵੱਖ ਪਾਰਟੀਆਂ ਦੀਆਂ ਸਰਕਾਰਾਂ ਨੇ ਨਿਜੀਕਰਨ ਨੂੰ ਤਰਜੀਹ ਦੇ ਕੇ ਵੱਖ ਵੱਖ ਮਹਿਕਮਿਆਂ/ ਅਦਾਰਿਆਂ ਨੂੰ ਜਿਵੇਂ ਨਿੱਜੀ ਹੱਥਾਂ ਵਿੱਚ ਦੇਣ ਦੀ ਪ੍ਰੀਕਿਰਿਆ ਸ਼ੁਰੂ ਕੀਤੀ ਹੈ, ਉਸ ਨਾਲ ਦੇਸ਼ ਵਿੱਚ ਬੇਰੁਜ਼ਗਾਰੀ ਅਤੇ ਮਹਿੰਗਾਈ ਹੋਰ ਜ਼ਿਆਦਾ ਵਧੀ ਹੈ ਅਤੇ ਹੋਰ ਵਧਣ ਦੇ ਆਸਾਰ ਨਜ਼ਰ ਆ ਰਹੇ ਹਨ। ਪਿਛਲੇ ਲੰਮੇ ਅਰਸੇ ਤੋਂ ਆਮ ਲੋਕਾਂ ਨੂੰ ਬਰਬਾਦੀਆਂ ਵੱਲ ਧੱਕ ਰਹੇ ਵਰਤਾਰਿਆਂ ਤੋਂ ਨਿਜਾਤ ਸਿਰਫ ਭ੍ਰਿਸ਼ਟਾਚਾਰ ਰੋਕਣ ਦੇ ਹਵਾਈ ਨਾਹਰਿਆਂ ਨਾਲ ਹੀ ਨਹੀਂ ਮਿਲ ਜਾਣੀ, ਉਨ੍ਹਾਂ ਸਭ ਤਰਜੀਹਾਂ ਦੀ ਸ਼ਨਾਖ਼ਤ ਕਰਨ ਦੀ ਲੋੜ ਹੈ, ਜਿਨ੍ਹਾਂ 'ਤੇ ਚੱਲਦਿਆਂ ਅਮੀਰ ਹੋਰ ਧਨਾਢ ਅਤੇ ਗਰੀਬ ਕੰਗਾਲ ਹੋ ਰਿਹਾ ਹੈ। ਸਾਡੀ ਰਾਜਨੀਤੀ ਇਸ ਵੇਲੇ ਉਸ ਦੌਰ ਚੋਂ ਲੰਘ ਰਹੀ ਹੈ ਜਿੱਥੇ ਲੋਕਾਂ ਲਈ ਵਿਕਾਸ ਦੇ ਭਰਮ ਸਿਰਜੇ ਜਾ ਰਹੇ ਹਨ। ਉਹ ਰਾਜਨੀਤੀ ਜੋ ਆਮ ਲੋਕਾਂ ਦੇ ਦੁੱਖਾਂ ਦਰਦਾਂ ਦੀ ਗੱਲ ਕਰੇ, ਲੋਕਾਂ ਦੇ ਵਿਹੜਿਆਂ, ਘਰਾਂ, ਬੱਚਿਆਂ, ਨੌਜਵਾਨਾਂ ਅਤੇ ਬਜ਼ੁਰਗਾਂ ਦੀਆਂ ਮੁਸ਼ਕਿਲਾਂ, ਸਮੱਸਿਆਵਾਂ ਨੂੰ ਸਮਝੇ, ਮੌਜੂਦਾ ਮਸਲਿਆਂ ਪ੍ਰਤੀ ਸਾਰਥਿਕ ਉਪਰਾਲੇ ਕਰੇ, ਦੇਸ਼ ਦੇ ਲੋਕਾਂ ਦੇ ਹਿੱਤਾਂ ਨਾਲ ਜੁੜੀਆਂ ਵੱਡੀਆਂ ਭਵਿੱਖਮੁਖੀ ਯੋਜਨਾਵਾਂ ਉਲੀਕੇ, ਦੀ ਦੇਸ਼ ਨੂੰ ਤੀਬਰਤਾ ਨਾਲ ਉਡੀਕ ਹੈ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

(ਭਾਗ- ਦਸਵਾਂ)

## ਕੋਹੜੀ ! ਤੂੰ ਹੁਣ ਆਉਣਾ ਸੀ

ਅੱਜ ਵਿਸਾਖੀ ਹੈ - ਮੇਲਾ ਭਰਿਆ ਹੈ ਰੋਪੜ - ਬਚਨ ਸਿੰਘ ਮਾਮਾ ਜੀ ਫੌਜ 'ਚੋਂ ਛੁੱਟੀ ਆਏ ਹੋਏ ਹਨ ਘਰ - ਭਾਪਾ ਜੀ ਨੂੰ 'ਜਟਾਣੇ' ਸੁਨੇਹਾ ਭੇਜਦੇ ਹਨ, ਮੇਲਾ ਵੇਖਣ ਲਈ - ਪਿੰਡ ਤਾਂ ਕਣਕ ਦੀ 'ਵਢਾਈ' ਚਲ ਰਹੀ ਹੈ - ਉਂਜ ਖੇਤੀ ਦਾ ਕੰਮ ਤਾਂ ਬਹਾਲ ਸਿੰਘ ਤਾਇਆ ਜੀ ਹੀ ਕਰਦੇ ਹਨ ਪਰ ਉਨ੍ਹਾਂ ਦੇ ਕਹੇ ਕਣਕ ਵਢਦੇ ਭਾਪਾ ਜੀ ਨੂੰ ਦੇਰ ਹੋ ਜਾਂਦੀ ਹੈ ਕਿਤੇ ਬਾਅਦ ਦੁਪਹਿਰ ਪੁੱਜਦੇ ਹਨ ਉਹ, ਰੋਪੜ।

ਇਕ ਲੰਮੀ ਉਡੀਕ...

ਬਚਨ ਸਿੰਘ ਮਾਮਾ ਜੀ ਮੇਲੇ ਵਿਚ ਘੁੰਮ ਰਹੇ ਹਨ, 'ਟੋਲਦੀਆਂ ਅੱਖਾਂ' ਨਾਲ।

ਭਾਪਾ ਜੀ ਨੂੰ ਦੇਖ 'ਹੂਰਾ' (ਘਸੁੰਨ) ਮਾਰਦੇ ਹਨ। "ਕੋਹੜੀ ਤੂੰ ਹੁਣ ਆਉਣਾ ਸੀ..." ਹਰਖ਼ ਦੇ ਭਰੇ ਹੋਏ।

"ਦੇਖ ਮੇਲਾ ਵੀ ਵਿਛੜ ਚਲਿਆ ਹੁਣ ਤਾਂ - ਤੇ ਮੈਂ ਆਏਂ ਈ ਘੁੰਮ ਰਿਹਾ ਹਾਂ - ਸਵੇਰ ਦਾ ਤੈਨੂੰ ਟੋਲਦਾ।" ਆਪਣੇ ਵੱਲ ਇਸ਼ਾਰਾ ਕਰਦੇ ਹਨ।

ਉਹ ਆਪ ਕੱਛੇ-ਬੁਨੈਣ ਵਿਚ ਹੀ ਹਨ। ਦੋ ਜੋੜੇ ਕੱਪੜਿਆਂ ਦੇ (ਰੇਸ਼ਮੀ ਕੁੜਤੇ, ਚਿੱਟੇ ਲੱਠੇ ਦੇ ਚਾਦਰੇ) ਨਵੇਂ ਸਿਵਾ, ਕੱਛੇ ਮਾਰ ਲਈ ਫਿਰਦੇ ਹਨ, ਮੇਲੇ ਵਿਚ।

"ਮੈਂ ਕਿਹਾ ਆਊਂਗਾ - ਇਕੋ ਜਹੇ ਕਪੜੇ ਪਾ ਕੇ ਦੇਖਾਂਗੇ ਮੇਲਾ।" ਭਾਪਾ ਜੀ ਦੀਆਂ ਅੱਖਾਂ ਭਰ ਆਉਂਦੀਆਂ ਹਨ।

ਅੰਤਾਂ ਦਾ ਪਿਆਰ ਹੈ ਮਾਮਾ ਜੀ ਤੇ ਭਾਪਾ ਜੀ ਵਿਚ - ਜਿਵੇਂ ਕਿਤੇ 'ਤਿਆਗ ਤੇ ਪਿਆਰ' ਦੀ ਮੂਰਤ ਹੋਣ ਉਹ।

ਜਦ ਛੁੱਟੀ ਆਉਂਦੇ ਘਰ, ਸਾਰੇ ਭਾਈਆਂ ਦੇ ਇੱਕੋ ਜਿਹੇ ਕੁੜਤੇ ਪਜਾਮੇ ਬਣਵਾਉਂਦੇ, ਤਾਂ ਕਹਿੰਦੇ, "ਜਦੋਂ 'ਕੱਠੇ ਪਾ ਕੇ ਨਿਕਲਾਂਗੇ, ਪਿੰਡ ਵਿਚ, ਲੋਕੀ ਕਹਿਣਗੇ - ਆਹ ਜਾ ਰਹੇ ਹਨ - ਜੀਵਾ ਸਿੰਹੁ ਦੇ ਪੁੱਤ।"

ਦੂਜੀ ਵੱਡੀ ਜੰਗ ਵੇਲੇ ਸਿੰਘਾਪੁਰ, ਮਲਾਇਆ ਕਾਹਦੇ ਗਏ ਮੁੜ ਪਰਤੇ ਨਹੀਂ, ਪਰਤੀਆਂ ਤਾਂ ਬਸ, ਉਨ੍ਹਾਂ ਦੀਆਂ ਯਾਦਾਂ।

(ਇਹ ਘਟਨਾ ਭਾਪਾ ਜੀ ਦੇ ਦੱਸੇ ਅਨੁਸਾਰ ਲਿਖ ਰਹੀ ਹਾਂ ਕਿਉਂਕਿ ਮਾਮਾ ਜੀ ਨੂੰ ਮੈਂ ਦੇਖਿਆ ਨਹੀਂ ਹੈ, ਨਾ ਉਨ੍ਹਾਂ ਨੇ ਮੈਨੂੰ। ਖਤਾਂ ਵਿਚ ਵੇਰਵੇ ਹਨ ਬਸ, ਤੇ ਚੇਤਿਆਂ ਵਿਚ ਉਨ੍ਹਾਂ ਦੀਆਂ ਯਾਦਾਂ। ਇਹ ਗੱਲ 'ਚਾਲੀ-ਇਕਤਾਲੀ' ਦੇ ਪਾਸ ਦੀ ਹੈ ਜਦੋਂ ਮੈਂ ਪੈਦਾ ਹੋਈ - ਉਨ੍ਹਾਂ ਦੀ ਗੈਰਹਾਜ਼ਰੀ ਵਿਚ-ਖਤਾਂ ਰਾਹੀਂ ਉਨ੍ਹਾਂ ਦਾ ਆਸ਼ੀਰਵਾਦ ਪਿਆਰ - ਜੋ ਆਇਆ - ਅੱਜ ਵੀ ਮੇਰੇ ਕੋਲ ਹੈ - ਇੱਥੇ ਆਪ ਦੇ ਸਨਮੁੱਖ)

## ਸਾਊ ! ਮੈਂ ਚੱਲਿਆ

ਅੱਜ ਤੜਕਸਾਰ ਭਾਪਾ ਜੀ ਨੂੰ ਇਕ ਸੁਫ਼ਨਾ ਆਉਂਦਾ ਹੈ -

ਇਕ ਮੰਜੇ 'ਤੇ ਭਾਪਾ ਜੀ ਸੁੱਤੇ ਪਏ ਹਨ ਤੇ ਨਾਲ ਦੂਜੇ 'ਤੇ ਕੋਈ ਸੰਤ, ਮਹਾਤਮਾ। ਭਾਪਾ ਜੀ ਦਾ ਮੰਜਾ ਆਮ ਜਿਹਾ ਹੈ ਪਰ ਸੰਤਾਂ ਦਾ - ਚਿੱਟਾ, ਦੁੱਧ - ਸਾਫ਼ ਸੁਥਰੇ ਬਿਸਤਰੇ ਵਾਲਾ। ਕੀਰਤਨ ਦੀ ਅਵਾਜ਼ ਕੰਨੀ ਪੈ ਰਹੀ ਹੈ।

"ਦੇਖ ਸਾਊ ! ਮੈਂ ਚੱਲਿਆ ਕੀਰਤਨ ਸੁਣਨ, ਤੂੰ ਪਿੱਛੋਂ ਖਿਆਲ ਰੱਖੀ..." ਆਖ ਸੰਤ ਚਲੇ ਜਾਂਦੇ ਹਨ। ਭਾਪਾ ਜੀ ਸੋਚਦੇ ਹਨ - ਕਿਉਂ ਨਾ ਮੈਂ ਐਨੇ ਸੁਹਣੇ ਬਿਸਤਰੇ ਵਿਚ ਸੌਂ ਕੇ ਦੇਖਾਂ, ਉਠਦੇ ਹਨ ਤੇ ਸੰਤਾਂ ਦੇ ਮੰਜੇ 'ਤੇ ਸੌਂ ਜਾਂਦੇ ਹਨ, (ਇਹ ਸਭ ਸੁਫ਼ਨੇ ਵਿਚ ਵਾਪਰਦਾ ਹੈ)।



ਪਰਿਵਾਰ ਦੀਆਂ ਸਾਰੀਆਂ ਤੀਵੀਆਂ

ਸਵੇਰੇ ਉੱਠ, ਭਾਪਾ ਜੀ ਸੋਚਦੇ ਹਨ ਕਿ ਇਸ ਸੁਪਨੇ ਬਾਰੇ ਬੀਜੀ ਨੂੰ ਦੱਸਣ, ਅਜੇ ਸੋਚਦੇ ਹੀ ਹਨ ਕਿ ਟੱਪਰੀਆਂ ਤੋਂ ਭਜਨ ਮਾਮਾ ਜੀ ਦਾ ਛੋਟਾ ਪੁੱਤਰ "ਮੀਕਾ" ਆ ਜਾਂਦਾ ਹੈ।

"ਤੜਕੇ ਬਾਈ ਜੀ ਪੂਰੇ ਹੋ ਗਏ" ਦਸਦਾ ਹੈ। ਭਾਪਾ ਜੀ ਹੈਰਾਨ ਰਹਿ ਜਾਂਦੇ ਹਨ ਤੇ ਉਹ ਰਾਤ ਵਾਲਾ ਸੁਫ਼ਨਾ - ਟੱਪਰੀਆਂ ਪੁੱਜਦੇ ਹਨ।

ਪਤਾ ਲਗਦਾ ਹੈ, "ਕੱਲ੍ਹ ਤਾਂ ਬਾਈ ਬਿਲਕੁਲ ਤੰਦਰੁਸਤ ਸੀ - ਰੋਪੜ ਗਿਆ, ਯਾਰ ਬੇਲੀਆਂ ਨੂੰ ਮਿਲਿਆ, ਦਰਜ਼ੀ ਤੋਂ ਸੀਣੇ ਦਿੱਤੇ ਆਪਣੇ ਦੋ ਕਛਹਿਰੇ ਲੈ ਕੇ ਆਇਆ। ਆ ਕੇ ਸੰਝਾਂ ਨੂੰ ਖੇਤਾਂ 'ਚ ਗਿਆ, ਮੂਲੀ ਪੁੱਟ ਕੇ ਖਾਧੀ, ਗੰਨਾ ਚੂਪਿਆ।"

ਰਾਤ ਦੀ ਰੋਟੀ ਤੋਂ ਬਾਅਦ ਰੋਜ਼ ਦੁੱਧ ਪੀਂਦਾ ਹੈ ਬਾਈ ਪਰ ਅੱਜ ਤਾਂ ਮੈਸ ਹੀ ਨਹੀਂ ਮਿਲਦੀ। ਰੋਟੀ ਖਾ ਚੁਬਾਰੇ 'ਤੇ ਜਾਂਦਾ ਜਾਂਦਾ ਪੌੜੀਆਂ 'ਚੋਂ ਕਹਿੰਦਾ ਹੈ, "ਜਦ ਮੈਸ ਮਿਲਗੀ, ਦੁੱਧ ਦੇ ਜਾਇਓ।"

ਸਿਆਲਾਂ ਦੀ ਠੰਢੀ ਰਾਤ... ਰਾਤ ਅੱਧੀਓਂ ਵੱਧ ਟੱਪ ਚੁੱਕੀ ਹੈ।

"ਸੁੱਲੋ..ਸੁੱਲੋ..."

ਬਾਈ ਕੋਠੇ ਤੋਂ ਅੰਮਾ ਨੂੰ ਆਵਾਜ਼ਾਂ ਮਾਰ ਰਿਹਾ ਹੈ। ਅੰਮਾ ਤਾਂ ਹੇਠਾਂ ਅੰਦਰ ਦਲਾਨ ਵਿਚ ਸੁੱਤੀ ਪਈ ਹੈ, ਤਖ਼ਤੇ ਬੰਦ ਹਨ। ਅੰਮਾ ਨੂੰ ਆਵਾਜ਼ ਨਹੀਂ ਸੁਣਦੀ। ਨਾਲ ਦੇ ਦਲਾਨ ਵਿਚ ਮਿੰਦਰ ਮਾਮਾ ਜੀ ਪਏ ਹਨ। ਆਵਾਜ਼ ਸੁਣ ਬਾਹਰ ਆਉਂਦੇ ਹਨ। ਅੰਮਾ ਨੂੰ ਉਠਾਉਂਦੇ ਹਨ। "ਅੰਮਾ ਬਾਈ ਕੱਦ ਦਾ ਤੈਨੂੰ ਹਾਕਾਂ ਮਾਰ ਰਿਹਾ ਹੈ।"

ਅੰਮਾ ਕੋਠੇ 'ਤੇ ਜਾਂਦੀ ਹੈ। ਚੁਬਾਰੇ ਵਿਚ ਦੀਵਾ ਜਗ ਰਿਹਾ ਹੈ। ਸਾਹਮਣੇ ਪਏ ਮੰਜੇ 'ਤੇ ਬਾਈ ਆਡੇ ਰੁਖ ਨੂੰ ਹੀ ਲੇਟਿਆ ਹੋਇਆ ਹੈ - ਲੱਤਾਂ ਲਮਕ ਰਹੀਆਂ ਹਨ।

"ਐਧਰ ਕਿਧਰ ਨੂੰ ਨੰਗੇ ਈ ਪਏ ਆਂ।" ਅੰਮਾ ਉਠਾਉਂਦੀ ਹੈ, ਸਿੱਧਾ ਕਰਦੀ ਹੈ। ਬਾਈ ਇੱਕੋ ਹਟਕੋਰਾ ਲੈਂਦਾ ਹੈ - ਅੰਮਾ ਦੀਆਂ ਬਾਹਾਂ ਵਿਚ ਤੇ ਬੱਸ...।

ਅੰਮਾ ਕੀ ਜਾਣੇ। ਬਾਈ ਤਾਂ ਕਿਤੇ ਕੀਰਤਨ ਸੁਣਨ ਚਲਾ ਗਿਆ ਹੈ। ਫੇਰ ਸਾਰੀਆਂ ਜ਼ਿੰਮੇਵਰੀਆਂ ਭਾਪਾ ਜੀ ਨੂੰ ਸੌਂਪ ਕੇ।

ਦੀਵਾ ਬੁਝ ਗਿਆ ਹੈ।

ਪਰ ਇਕ ਦੀਵਾ, ਬਾਈ ਦੇ ਹੱਥਾਂ ਦਾ ਬਾਲਿਆ - ਅਜੇ ਵੀ ਜਗ ਰਿਹਾ ਹੈ।

## ਨਿਓਲੇ ਨਿਓਲੇ, ਮੂੰਹ ਦਿਖਾ ਜਾ

ਮੇਰਾ ਪਿੰਡ - ਜਟਾਣਾ / ਜਤਾਣਾ ਹੈ। ਬੇਲਾ - ਜਟਾਣਾ। ਬੇਟ ਦੇ ਇਲਾਕੇ ਵਿਚ, ਚਮਕੌਰ ਸਾਹਿਬ ਦੇ ਨੇੜੇ। ਠਾਣਾ ਵੀ ਚਮਕੌਰ ਹੀ ਹੈ, ਤਹਿਸੀਲ ਰੋਪੜ-ਜ਼ਿਲ੍ਹਾ ਅੰਬਾਲਾ।

ਚਮਕੌਰ ਤੋਂ ਨਹਿਰ ਟੱਪ, ਪਟੜੀ ਨੁਮਾ ਸੜਕ ਆਉਂਦੀ ਹੈ ਬੇਲੇ ਨੂੰ - ਸੂਏ ਦੇ ਨਾਲ ਨਾਲ। ਸੱਜੇ ਹੱਥ 'ਸੂਆ' ਹੈ - ਦੋ ਦਰੇਸੀਆਂ ਵਿਚਕਾਰ। ਖਜ਼ੂਰਾਂ, ਕਿੱਕਰਾਂ, ਝੂੰਡ, ਝਿੜੀਆਂ ਤੇ ਹੋਰ ਨਿੱਕਸੁੱਕ ਤੋਂ ਇਲਾਵਾ ਦਿੱਬ ਦਾ ਭਰਿਆ ਹੋਇਆ। ਕਿਤੇ ਕਿਤੇ ਪਾਣੀ ਹੈ। ਕਿਤੇ ਕਿਤੇ ਜਮਾਂ ਈ ਸੁੱਕਾ - ਡੰਗਰਾਂ ਦੇ ਚਰਨ ਦੀ, ਖੁੱਲ੍ਹੀ ਥਾਂ।

ਕਿਤੇ ਕਿਤੇ ਐਨ ਕੁੰਗੂ ਪਾਣੀ ਵੱਗ ਰਿਹਾ ਹੈ ਕਿਤੇ ਕਿਤੇ ਖੜ੍ਹਾ ਹੈ ਹਰਿਆਲੀ ਭਰਿਆ। ਘੋਗੇ ਸਿੱਪੀਆਂ ਮੱਛੀਆਂ ਤੇ ਹੋਰ ਜੀਅ-ਜੰਤ ਸਣੇ। ਜੋਕਾਂ ਵੀ ਬਹੁਤ ਹੁੰਦੀਆਂ ਹਨ ਇਸ ਪਾਣੀ ਵਿਚ, ਜੋ ਚਰਦਿਆਂ ਜਾਂ ਪਾਣੀ ਵਿਚ ਵੜਿਆਂ ਡੰਗਰਾਂ ਦੇ ਆਮ ਲੱਗ ਜਾਂਦੀਆਂ ਹਨ।

ਇਧਰ ਜਦ ਵੀ ਅਸੀਂ ਕੱਖਾਂ ਨੂੰ ਆਉਂਦੀਆਂ ਹਾਂ - ਘੋਗੇ ਸਿੱਪਆਂ ਗੋਲ ਗੋਲ ਚਿੱਟੀਆਂ ਚਿੱਟੀਆਂ ਬੀਟੀਆਂ ਚੁਗਣੀਆਂ ਇਕੱਠੀਆਂ ਕਰਨੀਆਂ ਮੈਨੂੰ ਬਹੁਤ ਚੰਗਾ ਲਗਦਾ ਹੈ। ਕਦੀ ਕਦੀ ਕਿਸੀ ਪਤਲੀ ਜਿਹੀ ਵੇਲ ਤੋਂ 'ਰੱਤੀਆਂ' ਵੀ ਲੱਭ ਜਾਂਦੀਆਂ - ਮੈਨੂੰ - ਲਾਲ ਲਾਲ ਕਾਲੇ ਮੂੰਹ ਵਾਲੀਆਂ ਰੱਤਕਾਂ। ਮੈਂ ਬਹੁਤ ਸੌਕ ਨਾਲ ਤੋੜ ਲੈਂਦੀ ਹਾਂ। ਰੱਤੀਆਂ ਦੇ ਤਾਂ ਅਸੀਂ ਸਵਾਲ ਵੀ ਕਢਦੇ ਹਾਂ। ਸਾਨੂੰ ਦਸਿਆ ਗਿਆ ਹੈ ਭਾਰ ਅਨੁਸਾਰ 'ਅੱਠ ਚੌਲਾਂ' ਦੀ ਇਕ ਰੱਤੀ ਹੁੰਦੀ ਹੈ। ਅੱਠ ਰੱਤੀਆਂ ਦਾ ਇਕ ਮਾਸਾ ਤੇ ਬਾਰ੍ਹਾਂ ਮਾਸਿਆਂ ਦਾ ਇਕ ਤੋਲਾ।



ਚਮਕੌਰ ਤੋਂ ਬੇਲੇ ਵਲ ਨੂੰ ਆਉਂਦਿਆਂ ਖੱਬੇ ਹੱਥ ਦਰੇਸੀਓਂ ਪਾਰ ਇਕ ਬਹੁਤ ਵੱਡਾ 'ਬੀੜ' ਹੈ - ਸੇਮ ਦਲਦਲ ਕਈ ਤਰ੍ਹਾਂ ਦੇ ਘਾਹ, ਦਿੱਭ ਦਾ ਭਰਿਆ - ਬੀੜ ਤੋਂ ਪਰ੍ਹਾਂ ਹੇਠਾਂ ਵੱਲ ਕਈ ਪਿੰਡ ਹਨ - ਖਾਨਪੁਰ, ਬਰਾਮ ਪੁਰ (ਛੋਟਾ-ਵੱਡਾ ਦੋਨੋਂ ਹੀ) ਮਕਾਰਾ ਪੁਰ ਤੇ ਬਜੀਤ ਪੁਰ ਆਦਿ ਤੇ ਸੱਜੇ ਹੱਥ - ਟਪਰੀਆਂ, ਸਾਡਾ ਪਿੰਡ ਜਟਾਣਾ ਲੰਘ ਅੱਗੇ ਆ ਜਾਂਦਾ ਹੈ ਬੇਲਾ ਜੋ ਇਕ ਕਸਬਾ ਹੈ।

ਸਾਡੇ ਪਿੰਡ ਕੋਲ ਆ, ਸੂਆ ਪਾਰ ਕਰਨ ਲਈ ਇਕ ਤੰਗ ਜਿਹੀ ਪੱਕੀ ਪੁਲੀ ਬਣੀ ਹੋਈ ਹੈ, ਬਹੁਤ ਪੁਰਾਣੀ - ਅੰਗਰੇਜ਼ਾਂ ਦੇ ਵੇਲੇ ਦੀ ਬਣਾਈ - ਪੈਦਲ ਆਉਣ ਜਾਣ ਲਈ। ਗੱਡੇ ਗੱਡੀਆਂ ਤੇ ਮਾਲ ਡੰਗਰ ਲਈ ਹੇਠਾਂ ਸੂਏ ਵਿਚ ਨੂੰ ਹੀ ਰਾਹ ਬਣਿਆ ਹੋਇਆ ਹੈ - ਪੱਕਾ।

ਸੂਆ ਪਾਰ ਕਰ ਦੂਸਰੀ ਦਰੇਸੀ ਟੱਪ ਪੁਲੀ ਹੈ ਇਕ, ਸਾਡੇ ਪਿੰਡ ਦਾ ਪਾਣੀ ਸੂਏ ਵਿਚ ਪੈਣ ਲਈ ਤੇ ਐਨ ਪੁਲੀ ਦੇ ਨਾਲ ਸੱਜੇ ਹੱਥ ਸਿਵੇ ਹਨ - ਸਾਡੇ ਪਿੰਡ ਦੇ। ਸਾਡੇ ਲਈ ਸਭ ਤੋਂ ਵੱਧ ਖੌਫ਼ਨਾਕ-ਥਾਂ। ਇੱਥੋਂ ਲੰਘਣ ਲੱਗੇ ਤਾਂ ਮੈਂ ਮੂੰਹ ਹੀ ਦੂਜੇ ਪਾਸੇ ਕਰ ਲੈਂਦੀ ਹਾਂ ਕਿ ਕਿਤੇ ਗਲਤੀ ਨਾਲ ਵੀ ਐਧਰ ਨਾ ਦੇਖਿਆ ਜਾਵੇ। ਉਥੇ ਖਿੰਡੀ ਸਵਾਹ ਟੁੱਟੇ ਠੀਕਰੇ ਦੇਖ ਕੇ ਤਾਂ ਮੈਨੂੰ ਬਹੁਤ ਹੀ ਡਰ ਲਗਦਾ ਹੈ। ਇੱਥੋਂ ਲੰਘਦੇ ਹੋਏ ਤਾਂ ਅਸੀਂ ਹਮੇਸ਼ਾਂ ਮੂੰਹ ਵਿਚ 'ਵਹਿਗੁਰੂ... ਵਹਿਗੁਰੂ' ਕਰਦੇ ਜਾਂਦੇ ਹਾਂ ਕਿਉਂਕਿ ਬੀਜੀ ਨੇ ਦਸਿਆ ਹੋਇਆ ਹੈ ਜਦੋਂ ਵੀ ਇੰਜ ਦਾ ਡਰ ਲੱਗੇ -ਇਹੋ ਪਾਠ ਕਰੋ। ਇਸ ਨਾਲ ਕੋਈ ਬੁਰੀ ਸ਼ੈਅ ਕੋਲ ਨਹੀਂ ਆਉਂਦੀ। ਸੋ ਇਹ ਢਾਲ ਜੋ ਸਦਾ ਸਾਡੇ ਕੋਲ ਹੁੰਦੀ ਅਸੀਂ ਲੋੜ ਪੈਣ 'ਤੇ ਵਰਤ ਲੈਂਦੇ ਹਾਂ।

ਸਿਵੇ ਲੰਘ ਐਧਰ ਸੱਜੇ ਹੱਥ ਹੀ ਇਕ ਬਹੁਤ ਵੱਡਾ ਕੱਲਰ ਹੈ ਜਿੱਥੇ ਸਾਰੇ ਪਿੰਡ ਦਾ 'ਮਾਲ' 'ਕੱਠਾ ਹੁੰਦਾ ਹੈ। ਝਾੜ ਝੂੰਡ ਨਿੱਕੀਆਂ ਛੱਪੜੀਆਂ ਤੇ ਅੰਤਾਂ ਦਾ ਚੁਭਣ ਵਾਲਾ ਤਿੱਖਾ ਤਿੱਖਾ ਘਾਹ ਤੇ ਵਿਚ ਵਿਚ 'ਰੇਹੀ' (ਸੋਢਾ) ਦਾ ਤਾਂ ਅੰਤ ਹੀ ਨਹੀਂ ਹੈ। ਉਂਜ ਅਜਿਹੇ 'ਕੱਲਰ' ਤਾਂ ਸਾਡੇ ਪਿੰਡ ਦੇ ਆਸ ਪਾਸ ਨਿਰੇ ਹੀ ਹਨ, ਖਾਸ ਕਰ ਇੱਧਰ ਨੀਵੇਂ ਜਿਹੇ ਪਿੰਡ 'ਟਪਰੀਆਂ' ਵਾਲੇ ਪਾਸੇ - ਛੋਟੇ ਵੱਡੇ, ਸ਼ਰਬਤੀ ਜਿਹੇ ਰੰਗ ਦੀ ਮਿੱਟੀ ਵਿਚ ਉੱਫਣੇ ਹੋਏ ਰੇਹੀ ਦੇ ਚਿੱਟੇ ਚਿੱਟੇ ਫੁੱਲ ਜੋ ਧੁੱਪ ਵਿਚ ਟੀਸੀਆਂ 'ਤੇ ਪਈ ਬਰਫ਼ ਵਾਂਗ ਲਗਦੇ ਹਨ।

ਅਸੀਂ ਹੂੰਝ ਹੂੰਝ - ਉਂਜਲੇ ਭਰ ਭਰ - ਰੇਹੀ ਇਕੱਠੀ ਕਰ - ਬਾਲਟੀਆਂ ਤਸਲੇ ਭਰ ਲਿਆਉਂਦੇ ਹਾਂ ਘਰਾਂ ਨੂੰ। ਕੱਪੜੇ ਧੋਣ ਲਈ। ਇਹ ਮਿੱਟੀ ਮਿਲਿਆ ਸੋਢਾ ਘਰ ਆ ਪਾਣੀ ਪਾ ਭਿਉਂ ਦਿੱਤਾ ਜਾਂਦਾ ਹੈ ਫੇਰ ਪਾਣੀ ਨਿਤਾਰ ਕੇ, ਉਬਾਲ ਕੇ ਉਸ ਵਿਚ ਕੱਪੜੇ, ਖ਼ਾਸ ਕਰ ਮੋਟੇ ਕੱਪੜੇ - ਖੇਸ, ਖੇਸੀਆਂ, ਦਰੀਆਂ, ਚੱਦਰਾਂ ਭਿਓਂ ਕੇ - ਧੋ ਲਏ ਜਾਂਦੇ ਹਨ। ਇੰਜ ਇਹ ਰੇਹੀ ਨੁਮਾ ਸੋਢਾ ਵਰਤੋਂ ਵਿਚ ਲਿਆਉਣ ਲਈ ਪਿੰਡ ਵਾਸੀਆਂ ਨੂੰ - ਮੁਫ਼ਤ ਵਿਚ ਹੀ ਲੱਭ ਜਾਂਦਾ ਹੈ ਇੱਥੇ।

ਉਂਜ ਇਨ੍ਹਾਂ ਕੱਲਰਾਂ ਵਿੱਚ ਤਾਂ ਜੀਆ-ਜੰਤ ਦਾ ਵੀ ਅੰਤ ਨਹੀਂ ਹੈ - ਗਿੱਦੜ, ਸਹੇ, ਮੋਰ, ਤਿੱਤਰ, ਬਟੇਰ, ਸੱਪ, ਨਿਓਲੇ ਤੇ ਹੋਰ ਪਤਾ ਨਹੀਂ ਕੀ ਕੀ।

ਗਰਮੀਆਂ ਵਿਚ ਰਾਤਾਂ ਨੂੰ ਕੋਠਿਆਂ 'ਤੇ ਪਿਆਂ ਨੂੰ ਦੂਰੋਂ ਨੇੜਿਓ ਗਿੱਦੜਾਂ ਦੀਆਂ ਕੂਕਾਂ ਸੁਣਦੀਆਂ ਰਹਿੰਦੀਆਂ - ਅੱਧੀ ਅੱਧੀ ਰਾਤ ਤੱਕ। ਪਤਾ ਨਹੀਂ ਕਿਧਰੋਂ ਆ ਜਾਂਦੇ ਇਹ। ਇਕ ਬੋਲਦਾ ਫੇਰ ਦੂਜਾ, ਤੀਜਾ ਤੇ ਪਤਾ ਨਹੀਂ ਕਿੰਨੇ ਕੁ - ਜਿਵੇਂ ਰਾਤਾਂ ਨੂੰ ਕਚਿਹਰੀਆਂ ਲਾਉਂਦੇ ਹੋਣ ਕਿਤੇ ਜਾਂ ਸੁੱਖ ਸੁਨੇਹੇ ਦਿੰਦੇ ਹੋਣ ਆਪੋ ਵਿਚ। ਪਰ ਦਿਨ ਵੇਲੇ ਤਾਂ ਅਸੀਂ ਨਾ ਕਦੀ ਖੇਤਾਂ ਵਿਚ, ਨਾ ਇੱਖਾਂ ਵਿਚ ਕੋਈ ਗਿੱਦੜ ਨਹੀਂ ਦੇਖਿਆ ਕਦੇ। ਉਂਜ ਤਾਂ ਅਸੀਂ ਕਦੀ ਗਿੱਦੜ ਹੀ ਨਹੀਂ ਦੇਖਿਆ। ਘਰ ਤੇ ਬਸ ਇਨ੍ਹਾਂ ਕੁ ਹੀ ਦਸਦੇ ਹਨ ਕੁੱਤਿਆਂ ਵਰਗੇ ਹੁੰਦੇ ਹਨ - ਪਰ ਇਹ ਗਿੱਦੜ ਇਹ ਲੱਕੜ-ਬੱਗੇ ਸਦਾ ਬੁਝਾਰਤ ਬਣੇ ਰਹੇ ਸਾਡੇ ਲਈ - ਬਸ ਕਹਾਣੀਆਂ ਵਿਚ ਹੀ ਦੇਖਣ ਸੁਣਨ ਨੂੰ ਮਿਲਦੇ - ਇਹ ਕਾਲਪਨਿਕ ਕਿਰਦਾਰ। ਪਰ ਮੈਂ ਸੋਚਦੀ ਰਹਿੰਦੀ ਹਾਂ ਐਡੇ ਐਡੇ ਵੱਡੇ ਜਾਨਵਰ ਲੁਕ ਕਿੱਥੇ ਜਾਂਦੇ ਹਨ। ਅਕਸਰ ਇੱਖਾਂ ਵਿਚ ਕੱਖ ਖੋਤਣ ਵੀ ਜਾਂਦੀਆਂ ਹਾਂ ਅਸੀਂ ਪਰ ਕਦੀ ਭੁੱਲ ਕੇ ਵੀ ਨਹੀਂ ਦੇਖਿਆ, ਕੁਝ। ਹਾਂ ਝੂੰਡਾਂ ਵਿਚ ਇੱਖਾਂ ਵਿਚ ਸਹੇ ਜ਼ਰੂਰ ਦਿਖ ਜਾਂਦੇ ਸਾਨੂੰ ਟਪੂਸੀਆਂ ਮਾਰਦੇ ਐਧਰੋ ਉਧਰ ਨੱਠਦੇ ਜਾਨਾਂ ਬਚਾਉਂਦੇ। ਨਿੱਕੇ ਨਿੱਕੇ ਕੂਲੇ ਕੂਲੇ ਚਿੱਟੇ ਚਿੱਟੇ ਗੁਲਾਬੀ ਮੂੰਹਾਂ ਵਾਲੇ ਖ਼ਰਗੋਸ਼। ਜਿਨ੍ਹਾਂ ਨੂੰ ਪਿੰਡ ਦੇ ਮੁੰਡੇ ਸ਼ਿਕਾਰੀ ਜਾਂ ਲੰਡੂ-ਕੁੱਤੇ ਲੈ ਸੂਹਾਂ ਲੈਂਦੇ ਫਿਰਦੇ ਰਹਿੰਦੇ ਪੁਲਸੀਆਂ ਵਾਂਗ, ਪਤਾ ਨਹੀਂ ਉਨ੍ਹਾਂ ਨੂੰ ਕੁਝ ਲੱਭਦਾ ਵੀ ਜਾਂ ਨਾ। ਜਾਂ ਕੁੱਤੇ ਹੀ ਖਾ ਜਾਂਦੇ - ਇਹ ਸਾਨੂੰ ਕਦੇ ਪਤਾ ਹੀ ਨਹੀਂ ਲੱਗਿਆ।

ਸੱਪ ਨਿਓਲੇ ਦਾ ਵੈਰ ਹੁੰਦਾ ਹੈ। ਘਰ ਦੇ ਸਿਆਣੇ ਸਾਨੂੰ ਦਸਦੇ ਹਨ। ਕਿਉਂ ਇਹ ਨਹੀਂ ਪਤਾ। ਉਂਜ ਗੋਹਰਾਂ ਵਿਚ ਸਾਨੂੰ ਇਨ੍ਹਾਂ ਦੀਆਂ ਲੀਹਾਂ ਜ਼ਰੂਰ ਦਿਖ ਜਾਂਦੀਆਂ ਤਾਂ ਅਸੀਂ ਕਹਿਣਾ, "ਇਧਰੋਂ ਸੱਪ ਲੰਘਿਆ ਲੱਗਦਾ ਹੈ" ਤੇ ਕਦੀ ਕਦੀ ਝੂੰਡਾਂ ਵਿਚੋਂ ਅੱਧ ਪਚੱਧ ਸੱਪ ਦੀ ਕੁੰਜ ਵੀ ਲੱਭ ਜਾਂਦੀ ਸਾਨੂੰ। ਪਰ ਨਿਓਲੇ ਤਾਂ ਕਈ ਵਾਰ ਗੋਹਰਾਂ ਪਾਰ ਕਰਦੇ ਦਿਖ ਜਾਂਦੇ ਤੇ ਅਸੀਂ ਉਨ੍ਹਾਂ ਨੂੰ ਖੜ੍ਹ ਕੇ ਦੇਖਣ ਲੱਗ ਜਾਂਦੇ - ਜਦ ਵੀ ਕੋਈ ਮਿਲਦਾ ਤੇ ਦੇਖਦੇ ਸਾਰ ਅਸੀਂ ਸਾਰੇ ਹੀ ਗਾਉਣ ਲੱਗ ਪੈਂਦੇ:

"ਨਿਓਲੇ ਨਿਓਲੇ ਮੂੰਹ ਦਿਖਾ ਜਾ,
ਤੇਰਾ ਪਾਣੀ ਭਰ ਦੂੰਗਾ।"

ਤੇ ਜਦ ਉਸ ਨੇ ਆਵਾਜ਼ ਸੁਣ ਖੜ੍ਹ ਕੇ ਘਿੰਡੀ ਮਰੋੜ ਕੇ ਸਾਨੂੰ ਦੇਖਣਾ ਸਾਡੀ ਤਾਂ ਖ਼ੁਸ਼ੀ ਦਾ ਠਿਕਾਣਾ ਹੀ ਨਾ ਰਹਿਣਾ ਕਿਉਂਕਿ ਸਾਨੂੰ ਦਸਿਆ ਗਿਆ ਹੈ। ਨਿਓਲੇ ਦਾ ਮੂੰਹ ਦੇਖਣਾ ਬਹੁਤ ਚੰਗਾ ਹੁੰਦਾ ਹੈ। ਕਾਹਦੇ ਲਈ ਇਹ ਤਾਂ ਪਤਾ ਨਹੀਂ, ਦਸਣਾ ਵੀ ਕਹਿਨੇ ਹੁੰਦਾ ਹੈ ਇਕ ਨਿਆਣੇ ਨੇ ਦੂਜੇ ਨੂੰ, ਦੂਜੇ ਨੇ ਤੀਜੇ ਨੂੰ, ਤੇ ਫੇਰ ਰੱਬ ਦਾ ਫ਼ੁਰਮਾਨ ਸਮਝ ਕੇ ਮੰਨ ਲਿਆ ਜਾਂਦਾ, ਹੋਰ ਕੀ।

ਬਿੰਦ ਕੁ ਲਈ ਰੁਕੀ ਸੀ, ਪਤਾ ਨੀ ਕਿੱਧਰ ਨੂੰ ਤੁਰ ਪਈ। ਔਹ ਹੁਣ ਸਾਹਮਣੇ ਹੀ ਹੈ ਸਾਡਾ ਪਿੰਡ ਜਟਾਣਾ ਤੇ ਇਹ ਰਾਹ ਜੋ ਤੁਸੀਂ ਦੇਖ ਰਹੇ ਹੋ ਸੂਆ ਉਤਰ ਕੇ ਸਿੱਧਾ ਪਿੰਡ ਨੂੰ ਜਾਂਦਾ ਹੈ, ਚੌੜਾ ਕੱਚਾ ਤੇ ਡੂੰਘਾ - ਐਧਰ ਐਹ ਖੱਬੇ ਹੱਥ

ਬਾਕੀ ਸਫ਼ਾ 31 'ਤੇ


Sir Speedy Tustin
Printers to the Community
SUBWAY eat fresh.
OPEN 24 HOURS
DRY CLEANER
LIQUOR
PIZZA
Outdoor 3'x11' Promo Flag
Only $29/-
Pole & Spike $55/-
GURU NANAK SIKH TEMPLE
FAIRFIELD
Visit Our Website:
www.FairfieldGurudwara.com
Outdoor 3'x6' Durable Banner
All weather, durable to sunlight, rain and wear & tear. Text only.
Only $69/-
Baltimore Sikh Society Inc.
Nº 1001
Receipt Books
Customized with your information and design. 2 part carbonless with numbering and perforation.
Call for Price
Love
Cartier
Retractable 33"x 80" Banner
Includes stand and carry bag. Hi-res imaging, durable and Brilliant colors!
Only $225/-
ELEVEN
OPEN 24 HOURS
OPEN HOUSE!
Welcome
Century 21
Call Toll Free: 855 360-HOME
All Weather 18"x24" Yard Signs
Includes H-stakes. Single sided, durable to sunlight and rain. Reusable!
$49/- for 4
ਲੱਖ ਲੱਖ ਵਧਾਈ
11" Printed Balloons
Printed with your logo and info. One color, one location. Min. qty 1000
19¢ each
YOUR LOGO OR MESSAGE PRINTED HERE
White T-Shirts, 1 color screen printing in 1 position. Min Qty. 100
Your Printed T-Shirts
Only $4.99
1 color in 1 position. Min Qty. 100
YOUR LOGO HERE
Your Printed Caps
Only $4.99
DAILY TRIP ENVELOPE
Trip Envelopes Qty 1000
Only $199/-
What we can do for you today?
• Printing & Copying
• Creative Services
• Mailing Services
• Mailing List Aquisition
• Signs Posters & Banners
• Promotional Producst
• Website design and development
1045 East Main Street, Tustin, CA 92780
Call 562-881-7430
Fax: 714-731-8931
E-mail: sirspeedy_tustin@yahoo.com
www.sirspeedy.com/tustin
Jagjit Singh Bains
CUSTOMIZED SWEET BOXES
Thank You
South Asian Wedding Cards
CALL NOW

# ਪੰਜਾਬ ਸਰਕਾਰ ਵਲੋਂ ਚਾਰ ਨਿਗਮਾਂ ਤੇ 32 ਨਗਰ ਕੌਂਸਲਾਂ ਦੀਆਂ ਚੋਣਾਂ ਅੱਗੇ ਪਾਉਣ ਦਾ ਫੈਸਲਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੰਜਾਬ ਸਰਕਾਰ ਨੇ ਚਾਰ ਨਗਰ ਨਿਗਮਾਂ (ਜਲੰਧਰ, ਲੁਧਿਆਣਾ, ਪਟਿਆਲਾ, ਅੰਮ੍ਰਿਤਸਰ) ਅਤੇ 32 ਮਿਉਂਸਿਪਲ ਕਮੇਟੀਆਂ ਦੀਆਂ ਚੋਣਾਂ ਸਤੰਬਰ ਵਿੱਚ ਕਰਾਉਣ ਬਜਾਏ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ ਪਰ ਇਹ ਚੋਣਾਂ ਇਸ ਸਾਲ 31 ਦਸੰਬਰ ਤੋਂ ਪਹਿਲਾਂ ਕਰਾਈਆਂ ਜਾਣਗੀਆਂ। ਚਾਰ ਨਗਰ ਨਿਗਮਾਂ ਦੀ ਮਿਆਦ ਇਸ ਸਾਲ 13 ਸਤੰਬਰ ਤੋਂ ਪਹਿਲਾਂ ਖ਼ਤਮ ਹੋ ਰਹੀ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਤੇ ਸਥਾਨਕ ਸਰਕਾਰਾਂ ਵਿਭਾਗ ਦੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਸਬੰਧਤ ਨਗਰ ਨਿਗਮਾਂ ਦੇ ਵਿਧਾਇਕਾਂ ਨਾਲ ਗੱਲਬਾਤ ਬਾਅਦ ਚੋਣਾਂ ਅੱਗੇ ਪਾਉਣ ਦਾ ਫੈਸਲਾ ਕੀਤਾ ਹੈ। ਨਿਗਮ ਚੋਣਾਂ ਅੱਗੇ ਪਾਉਣ ਬਾਰੇ ਵੱਖ ਵੱਖ ਤਰਕ ਦਿੱਤੇ ਜਾ ਰਹੇ ਹਨ ਕਿ ਲੁਧਿਆਣਾ ਨਗਰ ਨਿਗਮ ਦੀ ਵਾਰਡਬੰਦੀ ਦਾ ਕੰਮ ਅਜੇ ਤਕ ਨਹੀਂ ਹੋ ਸਕਿਆ। ਇਹ ਕੰਮ ਇਸ ਦੀ ਮਿਆਦ ਖਤਮ ਹੋਣ ਭਾਵ 10 ਸਤੰਬਰ ਤਕ ਪੂਰਾ ਹੋਣ ਦੇ ਆਸਾਰ ਨਹੀਂ ਹਨ। ਦੂਜਾ ਕਾਂਗਰਸ ਸਰਕਾਰ ਸ਼ਹਿਰਾਂ ਵਿੱਚ ਵਿਕਾਸ ਕਾਰਜ ਕਰਵਾ ਕੇ ਆਪਣੀ ਪੈਂਠ ਬਣਾਉਣਾ ਚਾਹੁੰਦੀ ਹੈ। ਇਸੇ ਤਰ੍ਹਾਂ ਦੀ ਸਥਿਤੀ 32 ਮਿਉਂਸਿਪਲ ਕਮੇਟੀਆਂ ਦੀ ਹੈ। ਜਾਣਕਾਰੀ ਅਨੁਸਾਰ ਅਗਲੇ ਤਿੰਨ ਚਾਰ ਮਹੀਨਿਆਂ ਵਿਚ ਸ਼ਹਿਰਾਂ ਦੇ ਵਿਕਾਸ ਕੰਮਾਂ ਨੂੰ ਪਹਿਲ ਦਿੱਤੀ ਜਾਵੇਗੀ ਤੇ ਵਿਕਾਸ ਦੇ ਆਧਾਰ 'ਤੇ ਚੋਣਾਂ ਲੜੀਆਂ ਜਾਣਗੀਆਂ।

ਵਿਧਾਇਕਾਂ ਨਾਲ ਮੀਟਿੰਗ 'ਚ ਇਹ ਗੱਲ ਉਭਰ ਕੇ ਸਾਹਮਣੇ ਆਈ ਕਿ ਜੀਐਸਟੀ ਖ਼ਿਲਾਫ਼ ਛੋਟੇ ਵਪਾਰੀਆਂ ਤੇ ਕਾਰੋਬਾਰੀਆਂ ਵਿੱਚ ਰੋਸ ਹੈ। ਇਸ ਵਿਰੋਧ ਨੂੰ ਸ਼ਾਂਤ ਕਰਨ ਲਈ ਜਿਹੜੇ ਕਦਮ ਪੰਜਾਬ ਸਰਕਾਰ ਚੁੱਕ ਸਕਦੀ ਹੈ, ਉਹ ਚੁੱਕੇ ਜਾਣੇ ਚਾਹੀਦੇ ਹਨ ਅਤੇ ਜਿਹੜੇ ਮਸਲੇ ਜੀਐਸਟੀ ਕੌਂਸਲ ਨਾਲ ਸਬੰਧਤ ਹਨ, ਉਨ੍ਹਾਂ ਨੂੰ ਹੱਲ ਕਰਾਉਣ ਲਈ ਰਾਜ ਸਰਕਾਰ ਨੂੰ ਕੌਂਸਲ ਵਿਚ ਚਾਰਾਜੋਈ ਕਰਨੀ ਚਾਹੀਦੀ ਹੈ। ਸ੍ਰੀ ਜਾਖੜ ਨੇ ਕਿਹਾ ਕਿ ਜੀਐਸਟੀ ਦਾ ਕੰਮ ਤਾਂ ਕਾਂਗਰਸ ਸਰਕਾਰ ਨੇ ਸ਼ੁਰੂ ਕੀਤਾ ਸੀ ਪਰ ਭਾਜਪਾ ਸਰਕਾਰ ਨੇ ਇਸ ਨੂੰ ਲਾਗੂ ਕਰਨ ਸਮੇਂ ਇਸ ਦੀ ਆਤਮਾ ਬਦਲ ਕੇ ਇਸ ਨੂੰ ਬਹੁਤ ਗੁੰਝਲਦਾਰ ਬਣਾ ਦਿੱਤਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਾਰਟਡ ਅਕਾਊਂਟੈਂਟਾਂ ਦੀ ਕਾਨਫਰੰਸ ਵਿਚ ਦਿੱਤੇ ਭਾਸ਼ਣ ਤੋਂ ਵਪਾਰੀਆਂ ਵਿਚ ਡਰ ਹੈ ਕਿਉਂਕਿ ਉਨ੍ਹਾਂ ਨੂੰ 'ਚੋਰ' ਕਿਹਾ ਗਿਆ ਸੀ।

## *ਤਿੰਨ ਨਿਗਮਾਂ ਦੇ ਵਿਕਾਸ ਕਾਰਜਾਂ ਵਿਚ ਬੇਨਿਯਮੀਆਂ : ਸਿੱਧੂ*

*ਕੈਬਨਿਟ ਮੰਤਰੀ ਨਵਜੋਤ ਸਿੱਧੂ ਨੇ ਕਿਹਾ ਕਿ ਪਿਛਲੀ ਅਕਾਲੀ-ਭਾਜਪਾ ਗੱਠਜੋੜ ਸਰਕਾਰ ਨੇ ਤਿੰਨ ਸ਼ਹਿਰਾਂ ਵਿੱਚ ਸਿੰਗਲ ਟੈਂਡਰ ਉਤੇ ਕੰਮ ਕਰਵਾ ਕੇ 800 ਕਰੋੜ ਰੁਪਏ ਦੀਆਂ ਬੇਨਿਯਮੀਆਂ ਕੀਤੀਆਂ ਹਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਵਿੱਚ ਪਿਛਲੀ ਸਰਕਾਰ ਨੂੰ ਕਟਹਿਰੇ ਵਿੱਚ ਖੜ੍ਹਾ ਕਰਦਿਆਂ ਕਿਹਾ ਸੀ ਕਿ ਫਾਸਟਵੇਅ ਕੇਬਲ ਨੈੱਟਵਰਕ ਨੂੰ ਖੁੱਲ੍ਹੀ ਛੁੱਟੀ ਦਿੱਤੀ ਗਈ ਸੀ, ਜਿਸ ਕਾਰਨ ਰਾਜ ਸਰਕਾਰ ਨੂੰ 684 ਕਰੋੜ ਰੁਪਏ ਦਾ ਰਗੜਾ ਲੱਗਾ ਹੈ। ਉਨ੍ਹਾਂ ਕਿਹਾ ਕਿ ਇਹ ਪੈਸਾ ਇਸ ਕੰਪਨੀ ਕੋਲੋਂ ਹਰ ਹਾਲਤ ਵਿੱਚ ਵਸੂਲਿਆ ਜਾਵੇਗਾ ਅਤੇ ਇਸ ਦੀ ਜਾਣਕਾਰੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਦੇ ਦਿੱਤੀ ਹੈ। ਇਥੇ ਪੰਜਾਬ ਪ੍ਰਦੇਸ਼ ਕਾਂਗਰਸ ਭਵਨ ਵਿਚ ਸ੍ਰੀ ਸਿੱਧੂ ਨੇ ਕਿਹਾ ਕਿ ਕੇਵਲ ਤਿੰਨ ਨਗਰ ਨਿਗਮਾਂ ਅੰਮ੍ਰਿਤਸਰ, ਜਲੰਧਰ ਤੇ ਲੁਧਿਆਣਾ ਵਿੱਚ ਅਹਿਮ ਵਿਕਾਸ ਕਾਰਜ ਸਿੰਗਲ ਟੈਂਡਰ 'ਤੇ ਕਰਾਏ ਗਏ ਹਨ। ਉਨ੍ਹਾਂ ਨੂੰ ਜਾਣਕਾਰੀ ਮਿਲੀ ਹੈ ਕਿ ਹੋਰ ਥਾਵਾਂ 'ਤੇ ਵੀ ਵੱਡੀਆਂ ਬੇਨਿਯਮੀਆਂ ਬੇਨਕਾਬ ਹੋਣਗੀਆਂ। ਇਸ ਲਈ ਉਹ ਹਰੇਕ ਛੋਟੇ ਤੋਂ ਛੋਟੇ ਸ਼ਹਿਰ ਵਿਚ ਅਲਾਟ ਕੀਤੇ ਗਏ ਵਿਕਾਸ ਪ੍ਰਾਜੈਕਟਾਂ ਨੂੰ ਚੈੱਕ ਕਰਨਗੇ ਤੇ ਹਰੇਕ ਬੇਨਿਯਮੀ ਨੂੰ ਉਭਾਰਨਗੇ। ਉਨ੍ਹਾਂ ਕਿਹਾ ਕਿ ਰਿਪੋਰਟ ਤਿਆਰ ਕਰਨ ਦਾ ਕੰਮ ਸ਼ੁਰੂ ਹੋ ਚੁੱਕਾ ਹੈ ਅਤੇ ਮੁੱਖ ਮੰਤਰੀ ਨੂੰ ਰਿਪੋਰਟ ਜਲਦੀ ਸੌਂਪ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਫਾਸਟਵੇਅ ਕੇਬਲ ਨੈੱਟਵਰਕ ਦਾ ਮਾਮਲਾ ਸੀਨੀਅਰ ਵਿਧਾਇਕ ਸੁਖਜਿੰਦਰ ਸਿੰਘ ਰੰਧਾਵਾ ਨੇ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਸਦਨ ਦੇ ਅੰਦਰ ਤੇ ਬਾਹਰ ਉਠਾਇਆ ਸੀ ਅਤੇ ਜਾਂਚ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਵਿਧਾਨ ਸਭਾ ਵਿੱਚ ਇਸ ਮਾਮਲੇ ਦਾ ਜੁਆਬ ਦਿੱਤਾ ਸੀ ਪਰ ਉਸ ਸਮੇਂ ਮੁੱਖ ਮੰਤਰੀ ਸਦਨ ਵਿਚ ਹਾਜ਼ਰ ਨਹੀਂ ਸਨ। ਇਸ ਲਈ ਇਹ ਮਾਮਲਾ ਮੁੱਖ ਮੰਤਰੀ ਦੇ ਧਿਆਨ ਵਿੱਚ ਲਿਆਂਦਾ ਜਾਵੇਗਾ।*

## ਭਾਰਤ ਅਤੇ ਚੀਨ ਦਰਮਿਆਨ ਲਫ਼ਜ਼ੀ-ਜੰਗ ਹੋਰ ਭਖ਼ੀ

### *ਭਾਰਤ ਨੇ ਸਰਹੱਦੀ ਸਮਝੌਤੇ ਦੀ 'ਉਲੰਘਣਾ' ਕੀਤੀ : ਚੀਨ*

**ਪੇਈਚਿੰਗ/ਬਿਊਰੋ ਨਿਊਜ਼ :** ਭਾਰਤ ਅਤੇ ਚੀਨ ਦਰਮਿਆਨ ਜਾਰੀ ਲਫ਼ਜ਼ੀ-ਜੰਗ ਉਦੋਂ ਹੋਰ ਭਖ਼ ਗਈ ਜਦੋਂ ਗੁਆਂਢੀ ਮੁਲਕ ਨੇ ਦੋਸ਼ ਲਾਇਆ ਕਿ ਭਾਰਤ ਨੇ ਉਸ ਦੇ ਫ਼ੌਜੀਆਂ ਨੂੰ ਸਿੱਕਿਮ ਨੇੜੇ ਸੜਕ ਉਸਾਰੀ ਤੋਂ ਰੋਕ ਕੇ ਭਾਰਤ ਦੀਆਂ ਪਿਛਲੀਆਂ ਸਰਕਾਰਾਂ ਦੇ ਰੁਖ਼ ਦਾ 'ਉਲੰਘਣ' ਕੀਤਾ ਹੈ। ਚੀਨ ਨੇ ਕਿਹਾ ਕਿ ਭਾਰਤ ਨੂੰ ਉਥੋਂ ਆਪਣੇ ਫ਼ੌਜੀ ਲਾਜ਼ਮੀ ਹਟਾ ਲੈਣੇ ਚਾਹੀਦੇ ਹਨ। ਚੀਨੀ ਵਿਦੇਸ਼ ਮੰਤਰਾਲੇ ਦੇ ਤਰਜਮਾਨ ਗੇਂਗ ਸ਼ੁਆਂਗ ਨੇ ਕਿਹਾ ਕਿ ਸਿੱਕਿਮ ਸੈਕਟਰ ਵਿੱਚ ਭਾਰਤ-ਚੀਨੀ ਸਰਹੱਦ ਸਹੀ ਨਿਸ਼ਾਨਦੇਹੀ ਵਾਲੀ ਹੈ। ਉਨ੍ਹਾਂ ਕਿਹਾ, "ਚੀਨੀ ਇਲਾਕੇ ਵਿੱਚ ਦਾਖ਼ਲ ਹੋ ਕੇ ਤੇ ਚੀਨੀ ਫ਼ੌਜੀਆਂ ਦੀ ਆਮ ਸਰਗਰਮੀ ਰੋਕ ਕੇ ਭਾਰਤ ਨੇ ਮੌਜੂਦਾ ਸਰਹੱਦੀ ਸਮਝੌਤੇ ਅਤੇ ਕੌਮਾਂਤਰੀ ਕਾਨੂੰਨਾਂ ਦੇ ਬੁਨਿਆਦੀ ਸਿਧਾਂਤਾਂ ਦਾ 'ਉਲੰਘਣ' ਕੀਤਾ ਹੈ ਅਤੇ ਸਰਹੱਦੀ ਖੇਤਰ ਦੇ ਅਮਨ ਤੇ ਸਥਿਰਤਾ ਵਿੱਚ ਰੁਕਾਵਟ ਪਾਈ ਹੈ।" ਉਨ੍ਹਾਂ ਕਿਹਾ, "ਅਸੀਂ ਚਾਹੁੰਦੇ ਹਾਂ ਕਿ ਭਾਰਤ ਵੱਲੋਂ ਆਪਣੀਆਂ ਫ਼ੌਜਾਂ ਨੂੰ ਸਰਹੱਦ ਦੇ ਭਾਰਤ ਵਾਲੇ ਪਾਸੇ ਵਾਪਸ ਸੱਦਿਆ ਜਾਵੇ ਅਤੇ ਸਬੰਧਤ ਇਲਾਕੇ ਵਿੱਚ ਅਮਨ ਤੇ ਸਥਿਰਤਾ ਦੀ ਬਹਾਲੀ ਦਾ ਮਾਹੌਲ ਬਣਾਇਆ ਜਾਵੇ।"

# ਯਾਦਗਾਰ 'ਚ ਖਾੜਕੂਆਂ ਦੀਆਂ ਤਸਵੀਰਾਂ ਲਾਉਣ ਤੋਂ ਕੈਪਟਨ ਦਾ ਢਿੱਡ ਦੁਖਿਆ

## *ਸੱਤਾ ਖੁੱਸਦਿਆਂ ਹੀ ਬਾਦਲ ਪੰਜਾਬ ਦਾ ਮਾਹੌਲ ਵਿਗਾੜਨ ਲੱਗੇ : ਕੈਪਟਨ ਅਮਰਿੰਦਰ ਸਿੰਘ*

**ਚੰਡੀਗੜ੍ਹ/ਬਿਊਰੋ ਨਿਊਜ਼ :** ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਵਿੱਚ ਸਾਕਾ ਨੀਲਾ ਤਾਰਾ ਸਬੰਧੀ ਬਣਾਈ ਜਾਣ ਵਾਲੀ ਯਾਦਗਾਰ 'ਚ ਸ਼ਹੀਦਾਂ ਦੀਆਂ ਤਸਵੀਰਾਂ ਲਗਾਉਣ ਤੋਂ ਪੰਜਾਬ ਦੇ ਕਾਂਗਰਸੀ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਢਿੱਡ ਦੁਖਣ ਲੱਗਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਹਿੰਦੂ ਪੱਤਾ ਖੇਡ ਰਹੇ ਕੈਪਟਨ ਨੇ ਸ਼ਹੀਦ ਯਾਦਗਾਰੀ ਗੈਲਰੀ ਦਾ ਸਖ਼ਤ ਵਿਰੋਧ ਕਰਦਿਆਂ ਸਿੱਖ ਪੱਖੀ ਜਥੇਬੰਦੀਆਂ ਦੇ ਨਾਲ ਨਾਲ ਅਪਣੇ ਰਾਜਸੀ ਵਿਰੋਧੀਆਂ ਵਿਰੁਧ ਅਪਣੇ ਮਨ ਦੀ ਭੜਾਸ ਕੱਢੀ ਹੈ। ਕਾਂਗਰਸ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਮੰਗਲਵਾਰ ਨੂੰ ਇੱਥੇ ਆਪਣੀਆਂ ਪ੍ਰਾਪਤੀਆਂ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬ ਦਾ ਮਾਹੌਲ ਖਰਾਬ ਕਰਨ ਲਈ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਦੱਸਿਆ। ਉਨ੍ਹਾਂ ਕਿਹਾ ਕਿ 10 ਸਾਲ ਤਕ ਬਾਦਲਾਂ ਨੇ ਅਜਿਹੀ ਕੋਈ ਕਾਰਵਾਈ ਨਹੀਂ ਕੀਤੀ। ਹੁਣ ਜਦੋਂ ਸੱਤਾ ਤੋਂ ਬਾਹਰ ਹਨ ਤਾਂ ਫਿਰ ਪੰਜਾਬ ਦਾ ਮਾਹੌਲ ਖਰਾਬ ਕਰਨ 'ਚ ਜੁਟ ਗਏ ਹਨ। ਮੈਂ ਪਹਿਲੇ ਦਿਨ ਤੋਂ ਕਹਿ ਰਿਹਾ ਹਾਂ ਕਿ ਇਸ ਤਰ੍ਹਾਂ ਦੀਆਂ ਹਰਕਤਾਂ ਬਰਦਾਸ਼ਤ ਨਹੀਂ ਹੋਣਗੀਆਂ। ਬਾਦਲ ਜਿਹੇ ਲੋਕਾਂ ਨੂੰ ਸੱਤਾ ਤੋਂ ਬਾਹਰ ਰਹਿਣ 'ਤੇ ਹੀ ਅਜਿਹੀਆਂ ਚੀਜ਼ਾਂ ਯਾਦ ਆਉਂਦੀਆਂ ਹਨ।

ਕੈਪਟਨ ਨੇ ਪੁੱਛਿਆ ਕਿ ਆਖਰ ਅਜਿਹੀਆਂ ਚੀਜ਼ਾਂ ਪਿੱਛੇ ਤਰਕ ਕੀ ਹੈ? ਕਾਂਗਰਸ ਸਰਕਾਰ ਦੇ 100 ਦਿਨ ਪੂਰੇ ਹੋਣ 'ਤੇ ਆਪਣੀ ਪ੍ਰਾਪਤੀਆਂ ਨੂੰ ਮੀਡੀਆ 'ਚ ਰੱਖਦਿਆਂ ਕੈਪਟਨ ਇਕ ਸਵਾਲ ਦਾ ਜਵਾਬ ਦੇ ਰਹੇ ਸਨ। ਜ਼ਿਕਰਯੋਗ ਹੈ ਕਿ ਦਰਬਾਰ ਸਾਹਿਬ 'ਚ ਸਾਕਾ ਨੀਲਾ ਤਾਰਾ ਨੂੰ ਸਮਰਪਿਤ ਯਾਦਗਾਰ ਦੀ ਬੇਸਮੈਂਟ 'ਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਅਤੇ ਉਨ੍ਹਾਂ ਦੇ ਸਾਥੀਆਂ ਦੀਆਂ ਤਸਵੀਰਾਂ ਲਗਾਈਆਂ ਜਾਣਗੀਆਂ। ਮੰਗਲਵਾਰ ਨੂੰ ਸ੍ਰੀ ਅਖੰਡ ਪਾਠ ਆਰੰਭ ਹੋਏ ਹਨ ਅਤੇ ਵੀਰਵਾਰ ਨੂੰ ਭੋਗ ਤੋਂ ਬਾਅਦ ਸੇਵਾ ਸ਼ੁਰੂ ਹੋਵੇਗੀ।

### ਮਾਹੌਲ ਖਰਾਬ ਹੋਣ ਵਾਲੀ ਕੋਈ ਗੱਲ ਨਹੀਂ : ਬਡੂੰਗਰ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਇਸ ਨਾਲ ਮਾਹੌਲ ਖਰਾਬ ਹੋਣ ਵਾਲੀ ਕੋਈ ਗੱਲ ਨਹੀਂ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਪੂਰੇ ਸੂਬੇ 'ਚ ਹਰ ਜੰਗ ਅਤੇ ਜਾਤੀ-ਧਰਮ ਨੂੰ ਇਕੱਠਿਆਂ ਲੈ ਕੇ ਚਲਦਿਆਂ ਕਈ ਗੈਲਰੀਆਂ ਅਤੇ ਯਾਦਗਾਰਾਂ ਬਣਵਾਈਆਂ ਹਨ। ਉਨ੍ਹਾਂ ਕਿਹਾ ਕਿ ਯਾਦਗਾਰ ਜਦੋਂ ਬਣੀ ਉਦੋਂ ਪ੍ਰਧਾਨ ਮੱਕੜ ਸਨ।

## ਕੈਪਟਨ ਨੇ ਗਿਣਵਾਈਆਂ ਪ੍ਰਾਪਤੀਆਂ

ਜਵਾਬ ਦਿੰਦਿਆਂ ਕੈਪਟਨ ਨੇ ਕਿਹਾ ਕਿ ਕੇਬਲ ਮਾਫੀਆ 'ਤੇ ਨੱਥ ਪਾਉਣ ਲਈ ਕੋਈ ਅਥਾਰਟੀ ਨਹੀਂ ਬਣੇਗੀ। ਪੰਜਾਬ 'ਚ ਕੋਈ ਵੀ ਕੰਪਨੀ ਆਪਣਾ ਚੈਨਲ ਚਲਾ ਸਕਦੀ ਹੈ। ਤਿੰਨ ਨਵੇਂ ਚੈਨਲ ਪਹਿਲਾਂ ਤੋਂ ਹੀ ਲਾਂਚ ਹੋਏ ਹਨ, ਹੁਣ ਕਿਸੇ ਨੂੰ ਕੋਈ ਨਹੀਂ ਰੋਕ ਰਿਹਾ ਹੈ। ਇਸ ਨਾਲ ਅਜ਼ਾਰੇਦਾਰੀ ਆਪਣੇ ਆਪ ਟੁੱਟ ਰਹੀ ਹੈ, ਜਦਕਿ ਚੋਣਾਂ ਤੋਂ ਪਹਿਲਾਂ ਕੈਪਟਨ ਨੇ ਅਥਾਰਟੀ ਬਣਾਉਣ ਦਾ ਵਾਅਦਾ ਕੀਤਾ ਸੀ, ਤਾਂ ਕਿ ਕੋਈ ਇਕ ਵਿਅਕਤੀ ਇਸ 'ਤੇ ਮਨੋਪਲੀ ਨਾ ਕਰ ਸਕੇ।

ਦਿਲਚਸਪ ਗੱਲ ਇਹ ਹੈ ਕਿ 10 ਦਿਨ ਪਹਿਲਾਂ ਵਿਧਾਨ ਸਭਾ 'ਚ ਸਭਿਆਚਾਰਕ ਮਾਮਲਿਆਂ ਬਾਰੇ ਕੈਬਨਿਟ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕੇਬਲ ਵਾਲਿਆਂ ਨੂੰ ਕਰੜੇ ਹੱਥੀਂ ਲੈਂਦਿਆਂ ਕਿਹਾ ਸੀ ਕਿ ਪਿਛਲੀ ਅਕਾਲੀ-ਭਾਜਪਾ ਸਰਕਾਰ ਦੌਰਾਨ ਨਿਯਮਾਂ ਨੂੰ ਛਿੱਕੇ ਟੰਗ ਕੇ ਕੇਬਲ ਕੰਪਨੀ ਨੇ ਸਰਕਾਰ ਨੂੰ 684 ਕਰੋੜ ਰੁਪਏ ਦਾ ਚੂਨਾ ਲਗਾਇਆ ਹੈ। ਜੇ ਮੁੱਖ ਮੰਤਰੀ ਹੁਕਮ ਦੇਣ ਤਾਂ ਇਸ ਦੀ ਵਿਜੀਲੈਂਸ ਜਾਂਚ ਕਰਵਾਈ ਜਾਵੇ। ਪਤਾ ਲੱਗਿਆ ਹੈ ਕਿ ਮੁੱਖ ਮੰਤਰੀ ਨੇ ਵਿਜੀਲੈਂਸ ਜਾਂਚ ਦੇ ਆਦੇਸ਼ ਨਹੀਂ ਦਿੱਤੇ ਹਨ। ਕਿਸਾਨਾਂ ਦੇ ਕਰਜ਼ੇ ਮਾਫੀ ਬਾਰੇ ਮੁੱਖ ਮੰਤਰੀ ਨੇ ਕਿਹਾ ਕਿ ਸਿਰਫ ਖੇਤੀ ਨਾਲ ਸਬੰਧਤ ਕਰਜ਼ੇ ਹੀ ਸਰਕਾਰ ਮਾਫ਼ ਕਰੇਗੀ। ਕਿਸੇ ਹੋਰ ਚੀਜ ਲਈ ਲਏ ਗਏ ਕਰਜ਼ੇ ਦਾ ਸਰਕਾਰ ਨਾਲ ਕੋਈ ਸਬੰਧ ਨਹੀਂ ਹੈ। ਆੜ੍ਹਤੀਆਂ ਦੇ ਕਰਜ਼ਿਆਂ 'ਤੇ ਵੀ ਉਨ੍ਹਾਂ ਨੇ ਕੋਈ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ। ਚੋਣਾਂ 'ਚ ਕੈਪਟਨ ਨੇ ਸਾਰੇ ਕਰਜ਼ੇ ਮਾਫ ਕਰਨ ਦਾ ਵਾਅਦਾ ਕੀਤਾ ਸੀ।

**ਹਰ ਘਰ ਨੌਕਰੀ' ਦੀ ਸ਼ੁਰੂਆਤ ਖੁਨੀਮਾਜਰਾ 'ਚ 'ਜਾਬ ਫੈਸਟ' ਤੋਂ :**

ਕੈਪਟਨ ਨੇ ਕਿਹਾ ਕਿ ਹਰ ਘਰ ਨੌਕਰੀ' ਦੀ ਸ਼ੁਰੂਆਤ ਖੁਨੀਮਾਜਰਾ ਖਰੜ ਵਿਚ ਅਗਸਤ 'ਚ ਲੱਗਣ ਵਾਲੇ ਜਾਬ ਫੈਸਟ ਤੋਂ ਹੋਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਦੀ ਵਿੱਤੀ ਹਾਲਤ ਖਰਾਬ ਹੈ, ਫਿਰ ਵੀ ਅਸੀਂ ਸੀਮਤ ਸਰੋਤਾਂ ਨਾਲ ਖਾਲੀ ਪਈਆਂ ਅਧਿਆਪਕਾਂ ਅਤੇ ਡਾਕਟਰਾਂ ਦੀਆਂ ਪੋਸਟਾਂ ਭਰਾਂਗੇ।

**ਨਿੱਜੀ ਕਾਲਜਾਂ ਦੀ ਫੀਸ 'ਤੇ ਨਜ਼ਰ ਰੱਖਣ ਲਈ ਅਥਾਰਟੀ ਬਣੇਗੀ :**

ਕੈਪਟਨ ਨੇ ਕਿਹਾ ਕਿ ਸਿੱਖਿਆ ਦੇ ਨਾਂ 'ਤੇ ਚਲ ਰਿਹਾ ਧੰਦਾ ਬੰਦ ਕਰਾਂਗੇ। ਸਰਕਾਰ ਛੇਤੀ ਹੀ ਪ੍ਰਾਈਵੇਟ ਕਾਲਜਾਂ ਜਾਂ ਯੂਨੀਵਰਸਿਟੀਆਂ ਆਦਿ ਦੇ ਸਿਲੇਬਸ, ਫੀਸ, ਇਨਫਰਾਸਟਰੱਕਚਰ ਅਤੇ ਟੀਚਿੰਗ ਫੈਕਲਟੀ 'ਤੇ ਨਜ਼ਰ ਰੱਖਣ ਲਈ ਰੈਗੂਲੇਟਰੀ ਅਥਾਰਟੀ ਬਣਾਏਗੀ।

**ਗ੍ਰਾਊਂਡ ਵਾਟਰ ਰਿਵਾਇਵਲ ਲਈ ਨਵਾਂ ਵਿਭਾਗ ਬਣਾਵਾਂਗੇ :**

ਧਰਤੀ ਹੇਠਲੇ ਪਾਣੀ 'ਤੇ ਚਿੰਤਾ ਜਤਾਉਂਦਿਆਂ ਕੈਪਟਨ ਨੇ ਕਿਹਾ ਕਿ ਰਿਵਾਇਵਲ ਲਈ ਗ੍ਰਾਊਂਡ ਵਾਟਰ ਮੈਨੇਜਮੈਂਟ ਵਿਭਾਗ ਬਣਾਵਾਂਗੇ। ਰੇਨ ਵਾਟਰ ਹਾਰਵੈਸਟਿੰਗ ਸਿਸਟਮ ਨੂੰ ਮੈਂਡੇਟਰੀ ਬਣਾਇਆ ਜਾਵੇਗਾ।

ਐਨ.ਆਰ.ਆਈ. ਅਤੇ ਫ਼ੌਜੀਆਂ ਦੇ ਮਾਮਲਿਆਂ ਲਈ ਵਿਸ਼ੇਸ਼ ਅਦਾਲਤ :

ਐਨ.ਆਰ.ਆਈ. ਅਤੇ ਫ਼ੌਜੀਆਂ ਦੇ ਮਾਮਲਿਆਂ ਨੂੰ ਨਿਪਟਾਉਣ ਲਈ ਵਿਸ਼ੇਸ਼ ਅਦਾਲਤ 'ਤੇ ਵਿਚਾਰ ਚਲ ਰਿਹਾ ਹੈ। ਹਾਈਕੋਰਟ ਦੇ ਚੀਫ ਜਸਟਿਸ ਨੂੰ ਪ੍ਰਤੀਦਿਨ ਸੁਣਵਾਈ ਕਰਨ ਲਈ ਕਿਹਾ ਗਿਆ ਹੈ।

**ਗੈਂਗਸਟਰਾਂ ਨਾਲ ਸਖਤਾਈ ਵਰਤੀ ਜਾਵੇਗੀ :**

ਕੈਪਟਨ ਨੇ ਪੰਜਾਬ ਭਰ 'ਚ ਫੈਲੇ ਗੈਂਗਸਟਰਾਂ ਨੂੰ ਹਥਿਆਰ ਸੁੱਟਣ ਦੀ ਚਿਤਾਵਨੀ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਬਦਲ ਗਈ ਹੈ ਅਤੇ ਉਨ੍ਹਾਂ ਨੂੰ ਪਨਾਹ ਦੇਣ ਵਾਲਾ ਕੋਈ ਨਹੀਂ ਹੈ। ਉਹ ਹਥਿਆਰ ਸੁੱਟ ਦੇਣ, ਨਹੀਂ ਤਾਂ ਮੈਨੂੰ ਉਨ੍ਹਾਂ ਨਾਲ ਨਜਿੱਠਣਾ ਆਉਂਦਾ ਹੈ।

**ਪੀ.ਏ.ਯੂ. ਨਹੀਂ ਟੁੱਟੇਗੀ, ਅਬੋਹਰ 'ਚ ਹਾਰਟੀਕਲਚਰ ਯੂਨੀਵਰਸਿਟੀ ਬਣੇਗੀ :**

ਪੀ.ਏ.ਯੂ. ਨੂੰ ਤੋੜਨ ਦੀਆਂ ਖ਼ਬਰਾਂ ਗਲਤ ਹਨ। ਅਬੋਹਰ 'ਚ ਬਣਨ ਵਾਲੀ ਹਾਰਟੀਕਲਚਰ ਯੂਨੀਵਰਸਿਟੀ ਵੱਖਰੀ ਹੋਵੇਗੀ। ਇਸ ਲਈ 250 ਏਕੜ ਜ਼ਮੀਨ ਉਪਲੱਬਧ ਹੈ।

## ਭਾਰਤ ਤੇ ਇਜ਼ਰਾਈਲ ਵਿਚਾਲੇ ਬਣ ਗਿਐ ਤਕੜਾ ਗੱਠਜੋੜ

ਏਅਰਪੋਰਟ 'ਤੇ ਇਜ਼ਰਾਈਲ ਮੰਤਰੀ ਮੰਡਲ ਦੇ ਸਾਰੇ 11 ਮੰਤਰੀ ਮੋਦੀ ਦੇ ਸਵਾਗਤ ਲਈ ਖੜ੍ਹੇ ਸਨ, ਜਦਕਿ ਨੇਤਨਯਾਹੂ ਨੇ ਦੋਹਾਂ ਦੇਸ਼ਾਂ ਦੇ ਰਿਸ਼ਤਿਆਂ ਨੂੰ ਆਸਮਾਨ ਤੋਂ ਵੀ ਉੱਚਾ ਕਰਾਰ ਦਿੱਤਾ।

ਤਿੰਨ ਦਿਨਾਂ ਦੌਰੇ 'ਤੇ ਇਜ਼ਰਾਈਲ ਪੁੱਜੇ ਮੋਦੀ ਦਾ ਜਹਾਜ਼ ਉਤਰਦਿਆਂ ਹੀ ਨੇਤਨਯਾਹੂ ਨੇ ਗਰਮਜੋਸ਼ੀ ਨਾਲ ਉਨ੍ਹਾਂ ਨੂੰ ਗਲੇ ਲਗਾ ਲਿਆ। ਸ਼ਾਨਦਾਰ ਸਵਾਗਤ ਕਰਦਿਆਂ ਉਨ੍ਹਾਂ ਨੇ ਮੋਦੀ ਨੂੰ ਭਾਰਤ ਅਤੇ ਦੁਨੀਆ ਦਾ ਮਹਾਨ ਨੇਤਾ ਦੱਸਦਿਆਂ ਕਿਹਾ ਕਿ ਇਸ ਸਮੇਂ ਦਾ ਸਾਨੂੰ 70 ਸਾਲਾਂ ਤੋਂ ਇੰਤਜ਼ਾਰ ਸੀ। ਦੋਵੇਂ ਇਕ-ਦੂਜੇ ਨੂੰ ਤਿੰਨ ਵਾਰ ਗਲੇ ਮਿਲੇ। ਪ੍ਰੋਟੋਕਾਲ ਤੋੜਦਿਆਂ ਹੀ ਨੇਤਨਯਾਹੂ ਖੁਦ ਏਅਰਪੋਰਟ 'ਤੇ ਮੋਦੀ ਦੀ ਅਗਵਾਈ ਕਰਨ ਪੁੱਜੇ। ਅਜਿਹਾ ਸਨਮਾਨ ਇੱਥੇ ਅਮਰੀਕੀ ਰਾਸ਼ਟਰਪਤੀ ਤੇ ਪੋਪ ਨੂੰ ਹੀ ਦਿੱਤਾ ਜਾਂਦਾ ਹੈ। ਦੋਨਾਂ ਨੇਤਾਵਾਂ ਨੇ ਸਾਰੇ ਖੇਤਰਾਂ 'ਚ ਦੋ-ਪੱਖੀ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਅੱਤਿਵਾਦ ਜਿਹੇ ਖਤਰਿਆਂ ਨਾਲ ਮਿਲ ਕੇ ਨਜਿੱਠਣ ਦਾ ਵਾਅਦਾ ਕੀਤਾ। ਇਜ਼ਰਾਈਲੀ ਮਿਲਟਰੀ ਬੈਂਡ ਨੇ ਦੋਨਾਂ ਦੇਸ਼ਾਂ ਦੇ ਰਾਸ਼ਟਰ ਗੀਤ ਦੀ ਧੁਨ ਵਜਾਈ। ਇਸ ਤੋਂ ਬਾਅਦ ਮੋਦੀ ਨੂੰ ਗਾਰਡ ਆਫ ਆਨਰ ਵੀ ਦਿੱਤਾ ਗਿਆ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਜੱਫੀ ਦਾ ਟਰੇਡ ਮਾਰਕ ਇਥੇ ਮੁੜ ਦੇਖਣ ਨੂੰ ਮਿਲਿਆ ਜਦੋਂ ਦੋਵੇਂ ਪ੍ਰਧਾਨ ਮੰਤਰੀਆਂ ਨੇ ਤਿੰਨ ਵਾਰ ਇਕ ਦੂਜੇ ਨੂੰ ਗਲਵੱਕੜੀ ਪਾਈ। ਇਸ ਦੌਰਾਨ ਉਨ੍ਹਾਂ ਨੇ ਕਈ ਵਾਰ ਇਕ ਦੂਜੇ ਨੂੰ "ਮੇਰੇ ਦੋਸਤ" ਕਿਹਾ।

ਇਥੇ ਦੋਵਾਂ ਨੇਤਾਵਾਂ ਨੇ ਆਪਣੇ ਸੰਖੇਪ ਭਾਸ਼ਨ ਵਿਚ ਹਰ ਖੇਤਰ ਵਿਚ ਦੁਪਾਸੜ ਸਬੰਧਾਂ ਅਤੇ ਅੱਤਿਵਾਦ ਵਰਗੀਆਂ ਚੁਣੌਤੀਆਂ 'ਤੇ ਸਾਂਝੇ ਸਮਝੌਤਿਆਂ ਨੂੰ ਹੁਲਾਰਾ ਦੇਣ 'ਤੇ ਜ਼ੋਰ ਦਿੱਤਾ। ਨੇਤਨਯਾਹੂ ਦੀ ਪੂਰੀ ਕੈਬਨਿਟ ਹਵਾਈ ਅੱਡੇ 'ਤੇ ਸ੍ਰੀ ਮੋਦੀ ਦੇ ਸਵਾਗਤ ਲਈ ਪੁੱਜੀ ਹੋਈ ਸੀ, ਜਿਨ੍ਹਾਂ ਨੇ ਕ੍ਰੀਮ ਰੰਗ ਦਾ, " ਬੰਦ ਗਲਾ' ਕੋਟ, ਜਿਸ ਦੀ ਜੇਬ ਵਿਚ ਗੂੜ੍ਹੇ ਨੀਲੇ ਰੰਗ ਦਾ ਰੁਮਾਲ ਸੀ, ਪਹਿਨਿਆ ਹੋਇਆ ਸੀ। ਇਜ਼ਰਾਈਲ ਦੇ ਸ੍ਰੀ ਨੇਤਨਯਾਹੂ ਨੇ ਸ੍ਰੀ ਮੋਦੀ ਨੂੰ ਕਿਹਾ ਕਿ ਉਨ੍ਹਾਂ ਨੂੰ ਯਾਦ ਹੈ ਕਿ ਉਨ੍ਹਾਂ ਨੇ ਪਹਿਲੀ ਮੀਟਿੰਗ ਵਿਚ ਕਿਹਾ ਸੀ- ਜਦੋਂ ਭਾਰਤ ਅਤੇ ਇਜ਼ਰਾਈਲ ਦੇ ਸਬੰਧਾਂ ਦੀ ਗੱਲ ਆਉਂਦੀ ਹੈ ਤਾਂ ਉਸ ਦੀ ਸੀਮਾ ਅਸਮਾਨ ਤਕ ਹੈ। ਪਰ ਹੁਣ ਉਹ ਇਸ ਵਿਚ ਵਾਧਾ ਕਰਨਾ ਚਾਹੁੰਦੇ ਹਨ ਇਹ ਸਬੰਧ ਬਹੁਤ ਅੱਗੇ ਤਕ ਜਾਣਗੇ। ਉਨ੍ਹਾਂ ਕਿਹਾ ਕਿ ਉਹ ਪੁਲਾੜ ਵਿੱਚ ਵੀ ਸਹਿਯੋਗ ਦੇ ਰਹੇ ਹਨ। ਦੋਵਾਂ ਮੁਲਕਾਂ ਵਿਚਾਲੇ ਸਹਿਯੋਗ ਦੀਆਂ ਵੱਡੀਆਂ ਸੰਭਾਵਨਾਵਾਂ ਬਾਰੇ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ, "ਅਸੀਂ ਬਹੁਤ ਕੁਝ ਕਰਾਂਗੇ, ਮਿਲ ਕੇ ਬਿਹਤਰ ਕਰਾਂਗੇ।"

ਸ੍ਰੀ ਮੋਦੀ ਨੇ ਇਜ਼ਰਾਈਲੀ ਪ੍ਰਧਾਨ ਮੰਤਰੀ ਦੇ ਭਰਾ ਦੀ ਸ਼ਹਾਦਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅੱਜ ਦੇ ਦਿਨ ਹੀ 41 ਵਰ੍ਹੇ ਪਹਿਲਾਂ ਉਨ੍ਹਾਂ ਦੇ ਦੋਸਤ ਨੇ ਆਪਣਾ ਭਰਾ ਗੁਆ ਦਿੱਤਾ ਸੀ ਜਿਸ ਨੂੰ ਯੁਗਾਂਡਾ ਵਿੱਚ ਇਜ਼ਰਾਈਲੀ ਬੰਧਕਾਂ ਨੂੰ ਬਚਾਉਂਦਿਆਂ ਮਾਰ ਦਿੱਤਾ ਗਿਆ ਸੀ।

## ਮਹਾਰਾਜਾ ਦਲੀਪ ਸਿੰਘ ਭਾਰਤੀ ਆਜ਼ਾਦੀ ਸੰਗਰਾਮ ਦਾ ਅਣਗੌਲਿਆ ਨਾਇਕ : ਸਤਿੰਦਰ ਸਰਤਾਜ

ਹਾਲੀਵੁੱਡ ਪ੍ਰੋਡਕਸ਼ਨ 'ਦੀ ਬਲੈਕ ਪ੍ਰਿੰਸ' ਤਿੰਨ ਭਾਸ਼ਾਵਾਂ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਰਿਲੀਜ਼ ਹੋਵੇਗੀ। ਸਰਦਾਰ ਹਰੀ ਸਿੰਘ ਨਲਵਾ ਦੇ ਜੀਵਨ 'ਤੇ ਆਧਾਰਤ 'ਵਾਰ' ਇਥੋਂ ਦੇ ਗੋਬਿੰਦਗੜ੍ਹ ਕਿਲੇ ਵਿਚ ਰਿਲੀਜ਼ ਕੀਤੀ ਗਈ। ਜੀ.ਆਈ. ਰੈਂਡਜ਼ਵੋਸ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੌਰਾਨ ਸਰਤਾਜ ਨੇ ਆਪਣੇ ਪ੍ਰਸ਼ੰਸਕਾਂ ਨਾਲ ਵੀ ਮੁਲਾਕਾਤ ਕੀਤੀ। ਉਨ੍ਹਾਂ ਫ਼ਿਲਮ ਦੌਰਾਨ ਆਪਣੇ ਤਜਰਬੇ ਵੀ ਸਾਂਝੇ ਕੀਤੇ।

ਸਰਤਾਜ ਨੇ ਦੱਸਿਆ, "ਜਦੋਂ ਅਸੀਂ ਮਹਾਰਾਜਾ ਦਲੀਪ ਸਿੰਘ ਦੀ ਜ਼ਿੰਦਗੀ 'ਤੇ ਖੋਜ ਕਰ ਰਹੇ ਸੀ ਤਾਂ ਸਾਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਉਹ ਭਾਰਤੀ ਆਜ਼ਾਦੀ ਅੰਦੋਲਨ ਦਾ ਅਣਗੌਲਿਆ ਨਾਇਕ ਹੈ ਅਤੇ ਕਿਵੇਂ ਉਹ ਭਾਰਤ ਦੀ ਆਜ਼ਾਦੀ ਲਈ ਆਇਰਿਸ਼ ਬਾਗੀਆਂ ਨੂੰ ਮਦਦ ਲਈ ਮਿਲੇ ਅਤੇ ਰੂਸ ਤੱਕ ਦਾ ਸਫ਼ਰ ਕੀਤਾ।"

ਸਰਤਾਜ ਨੇ ਦੱਸਿਆ ਕਿ ਫ਼ਿਲਮ ਵੇਖ ਕੇ ਹੀ ਤੁਸੀਂ ਮਹਾਰਾਜਾ ਦਲੀਪ ਸਿੰਘ ਦੇ ਜੀਵਨ ਬਾਰੇ ਜਾਣ ਸਕਦੇ ਹੋ ਕਿ ਕਿਵੇਂ ਬਚਪਨ ਤੋਂ ਹੀ ਉਹ ਮਾਂ ਕੋਲੋਂ ਦੂਰ ਹੋਏ। ਉਨ੍ਹਾਂ ਨੂੰ ਇਸਾਈ ਧਰਮ ਕਬੂਲ ਕਰਵਾਇਆ ਗਿਆ। ਸਾਰੀ ਸੰਪਤੀ ਤੋਂ ਮਹਿਰੂਮ ਰੱਖਿਆ। ਕਿਵੇਂ ਵਰ੍ਹਿਆਂ ਬਾਅਦ ਮਾਂ ਨੂੰ ਮਿਲੇ ਅਤੇ ਭਾਰਤ ਦੀ ਆਜ਼ਾਦੀ ਲਈ ਸੰਘਰਸ਼ ਆਰੰਭਿਆ। ਮਹਾਰਾਜਾ ਦਲੀਪ ਸਿੰਘ ਲੰਡਨ ਵਿੱਚ ਸ਼ਾਹੀ ਜ਼ਿੰਦਗੀ ਜੀਅ ਰਹੇ ਸਨ। ਰਿਸ਼ਤੇ ਦੀ ਸਮਝ ਆਈ ਤਾਂ ਮੁੜ ਸਿੱਖੀ ਧਾਰਨ ਕੀਤੀ। ਇਸ ਫ਼ਿਲਮ 'ਚ ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦ ਕੌਰ ਦਾ ਕਿਰਦਾਰ ਬਾਲੀਵੁੱਡ ਦੀ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਨਿਭਾਇਆ ਹੈ।

ਸਰਤਾਜ ਨੇ ਇਸ ਕਿਰਦਾਰ ਵਿੱਚ ਢਲਣ ਅਤੇ ਵਿਕਟੋਰੀਅਨ ਅੰਗਰੇਜ਼ੀ ਬੋਲਣ ਲਈ ਵਿਸ਼ੇਸ਼ ਤੌਰ 'ਤੇ ਸਿਖਲਾਈ ਲਈ। ਸ਼ਬਾਨਾ ਨਾਲ ਭਾਸ਼ਾ ਬਾਰੇ ਆਪਣਾ ਤਜ਼ਰਬਾ ਸਾਂਝਾ ਕਰਦਿਆਂ ਸਰਤਾਜ ਨੇ ਕਿਹਾ ਕਿ ਉਹ ਸਵੇਰ ਦੇ ਖਾਣੇ ਸਮੇਂ ਜਦੋਂ ਮਿਲਦੇ ਤਾਂ ਸ਼ਬਾਨਾ ਜੀ ਅਕਸਰ ਕਹਿੰਦੇ, "ਲਿਖਿਆ ਹਿੰਦੀ ਵਿੱਚ ਹੈ ਤੇ ਬੋਲਣਾ ਪੰਜਾਬੀ ਵਿੱਚ ਹੈ।" ਸਰਤਾਜ ਨੇ ਕਿਹਾ ਕਿ ਪੰਜਾਬ ਦੇ ਇਸ ਅਣਗੌਲੇ ਇਤਿਹਾਸਕ ਪਹਿਲੂ ਨੂੰ ਜਾਣਨ ਲਈ ਇਹ ਫ਼ਿਲਮ ਜ਼ਰੂਰ ਵੇਖਣੀ ਚਾਹੀਦੀ ਹੈ।

## ਖੇਤੀਬਾੜੀ ਸੰਕਟ: ਸਰਕਾਰ ਤੇ ਸਮਾਜ ਦੇ ਜਾਗਣ ਦਾ ਵੇਲਾ

ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਇਸ ਦਾ ਆਧਾਰ ਨਹੀਂ ਬਣਾਉਂਦਾ। ਕੇਂਦਰ ਸਰਕਾਰ ਨੇ ਇਸ ਨੁਕਤਾਚੀਨੀ ਤੋਂ ਬਚਣ ਲਈ 23 ਫਰਵਰੀ, 1987 ਨੂੰ ਇਸ ਕਮਿਸ਼ਨ ਦਾ ਨਾਮ ਬਦਲ ਕੇ ਖੇਤੀਬਾੜੀ ਲਾਗਤਾਂ ਅਤੇ ਕੀਮਤਾਂ ਕਮਿਸ਼ਨ' ਰੱਖ ਕੇ ਇਹ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਜਿਵੇਂ ਇਹ ਕਮਿਸ਼ਨ ਖੇਤੀਬਾੜੀ ਜਿਨਸਾਂ ਦੀਆਂ ਘੱਟੋ-ਘੱਟ ਸਮਰਥਨ ਕੀਮਤਾਂ ਸਬੰਧੀ ਆਪਣੀਆਂ ਸਿਫ਼ਾਰਸ਼ਾਂ ਕਰਨ ਮੌਕੇ ਖੇਤੀਬਾੜੀ ਲਾਗਤਾਂ ਨੂੰ ਉਨ੍ਹਾਂ ਦਾ ਆਧਾਰ ਬਣਾਉਂਦਾ ਹੋਵੇ ਜਿਹੜਾ ਭੁਲੇਖਾਪਾਊ ਸਾਬਤ ਹੋਇਆ ਹੈ।

ਸੰਨ 1970 ਤੋਂ ਲੈ ਕੇ ਹੁਣ ਤੱਕ ਦੇ 48 ਸਾਲਾਂ, ਖ਼ਾਸ ਕਰਕੇ 1991 ਤੋਂ ਦੇਸ਼ ਵਿੱਚ ਅਪਣਾਈਆਂ ਗਈਆਂ ਨਵੀਆਂ ਆਰਥਿਕ ਨੀਤੀਆਂ' ਨੇ ਖੇਤੀਬਾੜੀ ਨੂੰ ਇੱਕ ਘਾਟੇ ਵਾਲਾ ਧੰਦਾ ਬਣਾ ਦਿੱਤਾ ਹੈ।

ਖੇਤੀਬਾੜੀ ਦੇ ਵਪਾਰੀਕਰਨ ਦੇ ਵਰਤਾਰੇ ਵਿੱਚੋਂ ਟੁੱਟ ਰਹੇ ਸਮਾਜਿਕ ਸਬੰਧ ਸਾਹਮਣੇ ਆਏ ਹਨ। ਕੁਰਦਤੀ ਆਫ਼ਤ, ਵਿੱਤੀ ਸੰਕਟ, ਬੇਟੀ ਦੇ ਵਿਆਹ, ਬਿਮਾਰੀ ਜਾਂ ਹਾਦਸੇ ਮੌਕੇ ਵੱਡੇ ਕਿਸਾਨਾਂ ਵੱਲੋਂ ਮੱਧ ਵਰਗ ਦੇ, ਛੋਟੇ ਕਿਸਾਨਾਂ ਅਤੇ ਮੁਜਾਰਿਆਂ, ਖੇਤ ਮਜ਼ਦੂਰਾਂ ਅਤੇ ਪੇਂਡੂ ਕਾਰੀਗਰਾਂ ਦੀ ਆਰਥਿਕ ਮਦਦ ਅਤੇ ਉਨ੍ਹਾਂ ਦੀ ਜ਼ਿੰਦਗੀ ਦੇ ਹੋਰ ਦੁੱਖਾਂ ਵਿੱਚ ਥੰਮਾਂ ਦੀ ਤਰ੍ਹਾਂ ਖੜ੍ਹਨਾ ਗਾਇਬ ਹੋ ਰਿਹਾ ਹੈ। ਦੇਸ਼ ਵਿੱਚ ਵਧ ਰਹੀਆਂ ਆਰਥਿਕ ਅਸਮਾਨਤਾਵਾਂ ਅਤੇ ਖੇਤੀਬਾੜੀ ਨੂੰ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ ਕਾਰਨ ਕਿਸਾਨਾਂ ਦੇ ਬੱਚਿਆਂ ਦਾ ਅਕਸਰ ਬਾਹਰਲੇ ਦੇਸ਼ਾਂ ਵਿੱਚ ਜਾਣ ਦੀ ਕੋਸ਼ਿਸ਼ ਕਰਨਾ ਜਾਂ ਜਾਣਾ ਵੀ ਨਵੀਆਂ ਸਮਾਜਿਕ ਸਮੱਸਿਆਵਾਂ ਨੂੰ ਪੈਦਾ ਕਰ ਰਿਹਾ ਹੈ ਜਿਹੜਾ ਕਿਸਾਨਾਂ ਦੀਆਂ ਖ਼ੁਦਕੁਸ਼ੀਆਂ ਦਾ ਇੱਕ ਕਾਰਨ ਬਣਦਾ ਹੈ।

ਵਿਰਸੇ ਦੇ ਤੌਰ ਉੱਤੇ ਪੰਜਾਬ ਦੇ ਖੇਤੀਬਾੜੀ ਖੇਤਰ ਵਿੱਚ ਕੰਮ ਕਰਨ ਵਾਲੇ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਬਹੁਤ ਮਿਹਨਤੀ ਅਤੇ ਜ਼ਿੰਦਗੀ ਦੀਆਂ ਵੱਖ ਵੱਖ ਸਮੱਸਿਆਵਾਂ ਤੋਂ ਕਦੇ ਵੀ ਹਾਰ ਨਾ ਮੰਨ ਕੇ ਸੰਘਰਸ਼ ਕਰਨ ਵਾਲੇ ਸਨ। ਖੇਤੀਬਾੜੀ ਦੇ ਵਪਾਰੀਕਰਨ ਅਤੇ ਘਾਟੇ ਵਾਲਾ ਧੰਦਾ ਬਣਾ ਦਿੱਤੇ ਜਾਣ ਵਿੱਚੋਂ ਉਪਜੀਆਂ ਸਮੱਸਿਆਵਾਂ ਨਾਲ ਸਿਝਣ ਦੀ ਬਜਾਏ ਉਹ ਹੁਣ ਆਪਣੀ ਸੱਭਿਆਚਾਰਕ ਪਛਾਣ ਦੇ ਗੁੰਮ-ਗੁਆਚ ਜਾਣ ਦਾ ਸ਼ਿਕਾਰ ਹਨ। ਬੇਸ਼ੱਕ ਇਸ ਮੁਸ਼ਕਲ ਨਾਲ ਸਿਝਣ ਦੇ ਸਰੋਤ ਮੁੱਕੇ ਨਹੀਂ ਹਨ, ਪੰਜਾਬ ਦੇ ਖੇਤੀਬਾੜੀ ਖੇਤਰ ਨਾਲ ਸਬੰਧਿਤ ਵਰਗਾਂ ਨੂੰ ਆਪਣੇ ਵਿਰਸੇ ਅਤੇ ਵਰਤਮਾਨ ਵਿੱਚ ਮੌਜੂਦ ਬੌਧਿਕ ਸਰੋਤਾਂ ਤੱਕ ਹਰ ਹਾਲ ਪਹੁੰਚ ਕਰਨੀ ਪਵੇਗੀ।

**ਖੇਤੀਬਾੜੀ ਸੰਕਟ: ਸੁਝਾਅ ਤੇ ਉਪਾਅ**

ਕਿਸਾਨ ਕਦੇ ਵੀ ਰਾਜਸੀ ਤੌਰ 'ਤੇ ਬਹੁਤ ਜਾਗਰੂਕ ਨਹੀਂ ਰਹੇ। ਦੇਸ਼ ਵਿੱਚ ਕਿਸਾਨਾਂ ਦੀਆਂ ਬਹੁਤ ਜਥੇਬੰਦੀਆਂ ਹਨ, ਪਰ ਇਨ੍ਹਾਂ ਵਿੱਚੋਂ ਜ਼ਿਆਦਾ ਇੱਕ ਜਾਂ ਕੁਝ ਵਿਅਕਤੀਆਂ ਦੇ ਪਿੱਛੇ ਚੱਲਦੀਆਂ ਹਨ। ਬਹੁਤ ਵਾਰ ਇਹ ਵਿਅਕਤੀ ਆਪਣੀਆਂ ਰਾਜਸੀ ਲਾਲਸਾਵਾਂ ਕਾਰਨ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕਰਨ ਦੀ ਥਾਂ, ਉਨ੍ਹਾਂ ਦੇ ਹਿੱਤਾਂ ਨੂੰ ਸ਼ਰੇਆਮ ਵੇਚਦੇ ਦਿਖਾਈ ਦਿੰਦੇ ਹਨ। ਪੰਜਾਬ ਵਿੱਚ 1960ਵਿਆਂ ਦੌਰਾਨ ਸ਼ੁਰੂ ਕੀਤੀ ਗਈ ਖੇਤੀਬਾੜੀ ਦੀ ਨਵੀਂ ਜੁਗਤ' ਸਦਕਾ ਕਣਕ ਦੀ ਉਤਪਾਦਕਤਾ ਅਤੇ ਉਤਪਾਦਨ ਵਿੱਚ ਹੋਏ ਅਥਾਹ ਵਾਧੇ ਅਤੇ ਇਸਦੇ ਕੇਂਦਰੀ ਅਨਾਜ ਭੰਡਾਰ ਵਿੱਚ ਪਾਏ ਯੋਗਦਾਨ ਨੂੰ ਦੇਖਦੇ ਹੋਏ, ਕੇਂਦਰ ਸਰਕਾਰ ਨੇ ਆਪਣੇ ਅਨਾਜ ਭੰਡਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਝੋਨੇ ਦੀ ਘੱਟੋ-ਘੱਟ ਸਮਰਥਨ ਕੀਮਤ, ਹੋਰ ਫਸਲਾਂ ਨਾਲੋਂ ਜ਼ਿਆਦਾ ਤੈਅ ਕਰਦਿਆਂ ਇਸ ਫ਼ਸਲ ਨੂੰ ਪੰਜਾਬ ਦੇ ਕਿਸਾਨਾਂ ਦੇ ਸਿਰ ਮੜ੍ਹ ਦਿੱਤਾ ਜਿਸਦੇ ਨਤੀਜੇ ਵਜੋਂ ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਿਹ ਲਗਾਤਾਰ ਥੱਲੇ ਜਾ ਰਹੀ ਹੈ।

ਝੋਨੇ ਦੀ ਫ਼ਸਲ ਦੀ ਸਿੰਚਾਈ ਲਈ ਪੰਜਾਬ ਵਿੱਚ ਟਿਊਬਵੈਲਾਂ ਦੀ ਗਿਣਤੀ ਵਿੱਚ ਬਹੁਤ ਵਾਧਾ ਹੋਇਆ। 1960-61 ਦੌਰਾਨ ਪੰਜਾਬ ਵਿੱਚ ਸਿਰਫ਼ 7445 ਟਿਊਬਵੈੱਲ ਸਨ ਅਤੇ 2014-15 ਤਕ ਇਹ ਗਿਣਤੀ ਵਧ ਕੇ 1,40,6000 ਹੋ ਗਈ। ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦੀ ਸਤਿਹ ਦੇ ਲਗਾਤਾਰ ਥੱਲੇ ਜਾਣ ਦੇ ਨਤੀਜੇ ਵਜੋਂ ਮੋਨੋਬਲਾਕ ਮੋਟਰਾਂ ਦੇ ਕੰਮ ਛੱਡਣ ਕਾਰਨ ਸਬਮਰਸੀਬਲ ਮੋਟਰਾਂ ਲਗਾਉਣਾ ਕਿਸਾਨਾਂ ਦੀ ਮਜਬੂਰੀ ਬਣਾ ਦਿੱਤੀ ਗਈ ਹੈ। ਇਸ ਕਾਰਨ ਨਿਮਨ ਕਿਸਾਨਾਂ ਸਿਰ ਕਰਜ਼ੇ ਦਾ ਭਾਰ ਲਗਾਤਾਰ ਵਧ ਰਿਹਾ ਹੈ। ਕਿਸਾਨਾਂ ਦੀ ਮਾੜੀ ਆਰਥਿਕ ਹਾਲਤ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਫ਼ਸਲਾਂ ਦੀ ਸਿੰਚਾਈ ਲਈ ਮੁਫ਼ਤ ਬਿਜਲੀ ਦੇ ਰਹੀ ਹੈ ਜਿਸ ਉੱਪਰ ਤਕਰੀਬਨ 5000 ਕਰੋੜ ਰੁਪਏ ਸਲਾਨਾ ਖ਼ਰਚ ਆ ਰਿਹਾ ਹੈ। ਕੇਂਦਰ ਸਰਕਾਰ ਦਰਿਆਈ ਪਾਣੀਆਂ ਦੀ ਵੰਡ ਸਬੰਧੀ ਪੰਜਾਬ ਨਾਲ ਲੰਬੇ ਸਮੇਂ ਤੋਂ ਬੇਇਨਸਾਫ਼ੀ ਕਰਦੀ ਆ ਰਹੀ ਹੈ।

ਪੰਜਾਬ ਵਿੱਚ ਰਸਾਇਣਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਂਸ਼ਕਾਂ ਦੀ ਵਰਤੋਂ ਬਾਕੀ ਸੂਬਿਆਂ ਦੇ ਮੁਕਾਬਲੇ ਕਿਤੇ ਜ਼ਿਆਦਾ ਹੋ ਰਹੀ ਹੈ। ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਵਿੱਚ ਵੀ ਕਾਫ਼ੀ ਵਾਧਾ ਹੋਇਆ ਹੈ। ਝੋਨੇ ਦੀ ਫ਼ਸਲ ਲਈ ਛੱਪੜ-ਸਿੰਚਾਈ ਅਤੇ ਕਣਕ ਦੀ ਨਾੜ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਕਾਰਨ ਰਾਜ ਵਿੱਚ ਪਾਣੀ ਅਤੇ ਹਵਾ ਦੇ ਪ੍ਰਦੂਸ਼ਣ ਵਿੱਚ ਖ਼ਤਰਨਾਕ ਵਾਧਾ ਹੋ ਰਿਹਾ ਹੈ ਜਿਸਦੀ ਕੀਮਤ ਲੋਕਾਂ ਨੂੰ ਵੱਖ ਵੱਖ ਬਿਮਾਰੀਆਂ ਝੱਲਣ ਅਤੇ ਕੁਝ ਨੂੰ ਆਪਣੀ ਜ਼ਿੰਦਗੀ ਤੋਂ ਹੱਥ ਧੋਣ ਦੇ ਰੂਪ ਵਿੱਚ ਦੇਣੀ ਪੈ ਰਹੀ ਹੈ।ਦੇਸ਼ ਵਿੱਚ ਉੱਚੇ ਮਿਆਰ ਦੀ ਅਨਾਜ ਸੁਰੱਖਿਆ ਬਣਾਈ ਰੱਖਣ ਅਤੇ ਖੇਤੀਬਾੜੀ ਸੰਕਟ ਨੂੰ ਹੱਲ ਕਰਨ ਲਈ ਲੋੜੀਂਦੀਆਂ ਖੇਤੀਬਾੜੀ ਜਿਨਸਾਂ ਦੀਆਂ ਖੇਤਰਵਾਰ, ਜਿੱਥੇ ਕੁਦਰਤੀ ਤੌਰ 'ਤੇ ਫ਼ਸਲਾਂ ਜ਼ਿਆਦਾ ਵਧੀਆ ਹੋ ਸਕਣ, ਦੀ ਖੇਤੀ ਅਤੇ ਉਨ੍ਹਾਂ ਦੀਆਂ ਲਾਂਹੇਵੰਦ ਕੀਮਤਾਂ ਯਕੀਨੀ ਬਣਾਵੇ।ਇਨ੍ਹਾਂ ਉਪਰ ਸਰਕਾਰੀ ਨਿਯੰਤਰਣ ਹੋਵੇ।

ਖੇਤੀਬਾੜੀ ਸਬੰਧੀ ਖੋਜ ਅਤੇ ਵਿਕਾਸ ਕਾਰਜਾਂ ਨੂੰ ਜਨਤਕ ਖੇਤਰ ਤੱਕ ਸੀਮਤ ਕੀਤਾ ਜਾਵੇ, ਤਾਂ ਕਿ ਇਸ ਸਬੰਧੀ ਕਾਰਪੋਰੇਟ ਜਗਤ ਦੀ ਲੁੱਟ ਸਮਾਪਤ ਹੋ ਸਕੇ। ਕੁਦਰਤੀ ਆਫ਼ਤਾਂ ਕਾਰਨ ਹੋਏ ਫ਼ਸਲਾਂ ਦੇ ਨੁਕਸਾਨ ਦੀ ਭਰਪਾਈ ਕਰਨ ਲਈ ਫ਼ਸਲੀ ਬੀਮਾ ਯੋਜਨਾ ਨੂੰ ਲਾਗੂ ਕੀਤਾ ਜਾਵੇ, ਪਰ ਫ਼ਸਲੀ ਬੀਮੇ ਦਾ ਪ੍ਰੀਮੀਅਮ ਸਰਕਾਰ ਜਾਂ ਮੰਡੀਕਰਨ ਬੋਰਡ ਦੇਵੇ। ਕਿਸਾਨਾਂ ਦੀ ਸਹਿਕਾਰੀ ਮਾਲਕੀ ਵਾਲੇ ਐਗਰੋ ਪ੍ਰੋਸੈਸਿੰਗ ਉਦਯੋਗਾਂ ਨੂੰ ਉਤਸ਼ਾਹਿਤ ਕੀਤਾ ਜਾਵੇ ਜਿਸ ਨਾਲ ਪੇਂਡੂ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਵਧਣਗੇ ਅਤੇ ਮੁੱਲ ਵਾਧੇ ਦਾ ਫ਼ਾਇਦਾ ਵੀ ਕਿਸਾਨਾਂ ਨੂੰ ਹੋਵੇਗਾ।

ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦਾ ਕਰਜ਼ਾ ਮੁਆਫ਼ ਕੀਤਾ ਜਾਵੇ ਅਤੇ ਅੱਗੇ ਲਈ ਇਨ੍ਹਾਂ ਵਰਗਾਂ ਨੂੰ ਬਿਨਾ ਵਿਆਜ ਕਰਜ਼ਾ ਲੋੜਾਂ ਅਨੁਸਾਰ ਠੀਕ ਸਮੇਂ ਉੱਪਰ ਦਿੱਤਾ ਜਾਵੇ। ਅਜਿਹਾ ਉਦੋਂ ਤਕ ਜਾਰੀ ਰਹੇ ਜਦੋਂ ਤੱਕ ਉਨ੍ਹਾਂ ਦੀ ਆਮਦਨ, ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਨਹੀਂ ਹੋ ਜਾਂਦੀ। ਛੋਟੇ ਕਿਸਾਨਾਂ, ਖੇਤ ਮਜ਼ਦੂਰਾਂ ਅਤੇ ਪੇਂਡੂ ਛੋਟੇ ਕਾਰੀਗਰਾਂ ਦੇ ਹੱਕ ਵਿੱਚ ਜ਼ਮੀਨੀ ਸੁਧਾਰ ਯਕੀਨੀ ਬਣਾਏ ਜਾਣ।

ਪੰਜਾਬ ਸਿਰ ਥੋਪੀ ਝੋਨੇ ਦੀ ਫ਼ਸਲ ਤੋਂ ਖਹਿੜਾ ਛੁਡਾਉਣ ਲਈ ਜ਼ਰੂਰੀ ਹੈ ਕਿ ਇਥੋਂ ਦੇ ਖੇਤੀਬਾੜੀ ਜਲਵਾਯੂ ਅਨੁਸਾਰ ਮੱਕੀ, ਨਰਮਾ/ਕਪਾਹ, ਬਾਸਮਤੀ ਅਤੇ ਹੋਰ ਜਿਨਸਾਂ ਦੀਆਂ ਕੀਮਤਾਂ ਝੋਨੇ ਦੇ ਮੁਕਾਬਲੇ ਜ਼ਿਆਦਾ ਤੈਅ ਹੋਣ। ਦਰਿਆਈ ਪਾਣੀਆਂ ਦੀ ਵੰਡ ਸਮੇਂ 'ਰਿਪੇਰੀਅਨ ਸਿਧਾਂਤ' ਨੂੰ ਆਧਾਰ ਬਣਾਇਆ ਜਾਵੇ। ਵਾਤਾਵਰਨ ਦੇ ਗੰਧਲੇਪਣ ਦੀ ਸਮੱਸਿਆ ਨੂੰ ਹੱਲ ਕਰਨ ਲਈ ਰਸਾਇਣਿਕ ਖਾਦਾਂ, ਕੀਟਨਾਸ਼ਕਾਂ ਅਤੇ ਨਦੀਨਨਾਸ਼ਕਾਂ ਦੀ ਵਰਤੋਂ ਨੂੰ ਨਿਯੰਤਰਣ ਕਰਦੇ ਹੋਏ ਕੁਦਰਤੀ ਖੇਤੀਬਾੜੀ ਦੇ ਵਿਕਾਸ ਲਈ ਖੋਜ ਅਤੇ ਵਿਕਾਸ ਕਾਰਜਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਣਾ ਬਣਦਾ ਹੈ। ਖੇਤੀਬਾੜੀ ਉਤਪਾਦਨ ਵਿੱਚ ਵਾਧਾ ਹੋਵੇ ਅਤੇ ਕੁਦਰਤੀ ਖੇਤੀਬਾੜੀ ਉਤਪਾਦ ਆਮ ਖ਼ਪਤਕਾਰਾਂ ਦੀ ਪਹੁੰਚ ਵਿੱਚ ਵੀ ਹੋਣ।

ਕਿਸਾਨਾਂ ਨੂੰ ਆਪਣੇ ਹਿੱਤਾਂ ਦੀ ਰਾਖੀ ਕਰਨ ਲਈ ਮੌਕਾਪ੍ਰਸਤ ਅਤੇ ਅਖੌਤੀ ਲੀਡਰਾਂ ਤੋਂ ਖਹਿੜਾ ਛੁਡਵਾਉਣਾ ਪਵੇਗਾ। ਸਮੂਹਿਕ ਲੀਡਰਸ਼ਿਪ ਜ਼ਿਆਦਾ ਕਾਰਗਾਰ ਸਾਬਤ ਹੋਵੇਗੀ। ਇਸ ਤਰ੍ਹਾਂ ਦੀ ਲੀਡਰਸ਼ਿਪ ਦਾ ਪਹਿਲਾ ਫਰਜ਼ ਬਣਦਾ ਹੈ ਕਿ ਉਹ ਕਿਸਾਨਾਂ ਦੀਆਂ ਸਮੱਸਿਆਵਾਂ ਬਾਰੇ ਜਾਣੇ ਅਤੇ ਇਨ੍ਹਾਂ ਨੂੰ ਵਿਚਾਰੇ। ਉਨ੍ਹਾਂ ਨੂੰ ਮੀਡੀਆ ਰਾਹੀਂ ਸਮਾਜ ਅਤੇ ਸਰਕਾਰ ਤੱਕ ਪਹੁੰਚਾਇਆ ਜਾਵੇ। ਸਰਕਾਰ ਅਤੇ ਉਸਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਕੇ ਕਿਸਾਨ ਸਮੱਸਿਆਵਾਂ ਨੂੰ ਹੱਲ ਕਰਨ ਲਈ ਪ੍ਰੇਰਿਆ ਜਾਵੇ। ਜੇ ਲੋੜ ਪਵੇ ਤਾਂ ਦਬਾਅ ਵੀ ਪਾਇਆ ਜਾਵੇ। ਜੇਕਰ ਅਜਿਹਾ ਕਾਰਗਰ ਸਾਬਤ ਨਾ ਹੋਵੇ ਤਾਂ ਅਮਨਪੂਰਬਕ ਤਰੀਕੇ ਨਾਲ ਕਿਸਾਨਾਂ ਨੂੰ ਜੱਦੋਜਹਿਦ ਕਰਨ ਲਈ ਤਿਆਰ ਕੀਤਾ ਜਾਵੇ। ਸਮੇਂ ਦੀ ਲੋੜ ਹੈ ਕਿ ਦੇਸ਼ ਦਾ ਆਰਥਿਕ ਮਾਡਲ, ਲੋਕ ਅਤੇ ਕੁਦਰਤ ਪੱਖੀ ਬਣਾਇਆ ਜਾਵੇ।

' ਪ੍ਰੋਫ਼ੈਸਰ, ਅਰਥ ਵਿਗਆਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।

## ਕੰਨ੍ਹੇੜੀ ਚੜ੍ਹੇ ਵਰ੍ਹੇ

ਦੂਰ ਦੂਰ ਤਕ ਜੋ ਇੱਖ ਲੱਗੇ ਹੋਏ ਹਨ ਇਸ ਹਿੱਸੇ ਨੂੰ ਵੀ 'ਬੀੜ' ਹੀ ਕਹਿੰਦੇ ਹਨ। ਇਹ ਸਾਰਾ ਬਹੁਤ ਨੀਵਾਂ ਪਾਸਾ ਹੈ। ਬਰਸਾਤ ਵਿਚ ਜਦ ਮੀਂਹ ਪੈਂਦੇ ਹਨ, ਇਹ ਸਾਰਾ ਪਾਣੀ ਦਾ ਭਰ ਜਾਂਦਾ ਹੈ। ਖਾਸ ਕਰ ਇਹ ਰਾਹ। ਇਹ ਤਾਂ ਨਹਿਰ ਹੀ ਬਣ ਜਾਂਦਾ ਹੈ - ਇਕ ਛੋਟੀ ਨਹਿਰ - ਫੇਰ ਲੰਘੀ ਜਾਓ ਲੱਕ ਲੱਕ ਪਾਣੀ ਵਿਚ ਨੂੰ ਕੱਪੜੇ ਟੰਗ ਟੰਗ ਕੇ। ਜੇ ਕਿਤੇ ਤਿੰਨ ਚਾਰ ਦਿਨ ਦੀ ਝੜੀ ਲੱਗ ਜਾਏ ਫੇਰ ਖਤਰਾ ਹੀ ਖਤਰਾ - ਤਾਂ ਸੂਆ ਵੱਢਣਾ ਪੈਂਦਾ। ਝਗੜੇ ਦੀ ਜੜ੍ਹ - ਹੇਠਲੇ ਪਿੰਡਾਂ ਵਿਚ ਪਾਣੀ ਭਰਨ ਦਾ ਡਰ - ਤੇ ਲੱਗ ਜਾਂਦੇ ਫੇਰ ਪਿੰਡਾਂ ਦੇ ਸੂਏ 'ਤੇ ਪਹਿਰੇ ਆਪਣਾ ਆਪਣਾ ਬਚਾਓ ਕਰਨ ਲਈ। ਉਂਜ ਇਸ ਤਰ੍ਹਾਂ ਉਦੋਂ ਹੀ ਹੁੰਦਾ, ਖ਼ਾਸ ਕਰ ਜਦ ਹੜ੍ਹ ਦਾ ਖਤਰਾ ਬਣਾ ਜਾਂਦਾ ਤਾਂ ਹਰ ਕੋਈ ਕਹਿੰਦਾ ਸੁਣਦਾ "ਦਰਿਆ (ਸਤਲੁਜ) ਪੁੱਠਾ ਚਲ ਪਿਆ" - ਬਸ ਫੇਰ ਕੀ - ਫੇਰ ਤਾਂ ਰੱਬ ਹੀ ਰਾਖਾ ਹੁੰਦਾ ਇਨ੍ਹਾਂ ਬੇਟ ਦੇ ਪਿੰਡਾਂ ਦਾ। ਪਿੰਡ ਕੋਲ ਆ ਕੇ ਇਹ ਰਾਹ ਫਿਰਨੀ ਨੂੰ ਮਿਲ ਜਾਂਦਾ ਹੈ। ਇਹ ਜੋ ਸਾਰੇ ਪਿੰਡ ਦੇ ਦੁਆਲੇ ਬਣੀ ਹੋਈ ਹੈ - ਗੱਡੇ-ਗੱਡੀਆਂ ਲਈ।

ਆ ਜਾਓ ਹੁਣ ਸਿੱਧੇ ਪਿੰਡ ਵਿਚ ਨੂੰ। ਆਹ ਸੱਜੇ ਹੱਥ ਘੁਮਾਰਾਂ ਦੇ ਘਰ ਚਮਾੜੀ ਤੇ ਸਾਹਮਣੇ ਸਿੰਘਾਂ ਦੇ ਘਰ ਹਨ। ਖੱਬੇ - ਤਖਾਣਾਂ ਲੁਹਾਰਾਂ ਤੇ ਝੀਊਰਾਂ ਦੇ - ਊਂ ਤਾਂ ਸਾਰਾ ਪਿੰਡ ਸੈਣੀਆਂ ਦਾ ਹੈ ਇਕ ਦੋ ਘਰ ਜੱਟਾਂ ਦੇ ਛੱਡ ਕੇ। ਇਹ ਰਾਹ ਜਿਸ 'ਤੇ ਅਸੀਂ ਜਾ ਰਹੇ ਹਾਂ - 'ਬੀਹੀ ਗਲੀ' ਹੈ। ਇਸ ਬੀਹੀ ਨੂੰ ਉਂਜ 'ਬੀਹੀ ਗਲੀ' ਹੀ ਕਹਿੰਦੇ ਹਾਂ। ਇਹ ਲਗਭਗ ਪਿੰਡ ਦੇ ਐਨ ਵਿਚਕਾਰੋਂ ਦੀ ਲੰਘਦੀ ਹੈ। ਸੱਜੇ ਖੱਬੇ ਤੋਂ ਕਈ ਛੋਟੀਆਂ ਛੋਟੀਆਂ ਗਲੀਆਂ ਆਂ ਇਸ ਵਿਚ ਮਿਲਦੀਆਂ ਹਨ। ਐਧਰ ਇਕ ਪਾਸੇ ਜੱਟਾਂ ਦੇ 'ਗਹਿਰ-ਗੰਭੀਰਾਂ' ਦੇ 'ਭੂਤਾਂ' ਦੇ ਘਰਾਂ ਤੋਂ ਬਿਨਾਂ ਇਸ ਗਲੀ ਨਾਲ ਹੀ ਲੱਗਦੇ ਹਨ - ਦੋ ਤਿੰਨ ਘਰ ਭਾਪਾ ਜੀ ਦੇ ਨਿੱਘੇ ਮਿੱਤਰ ਕਰਮ ਸਿਓਂ ਤੇ ਹਜ਼ੂਰਾ ਸਿੰਘ ਦੇ - ਤੇ ਭੱਠੀ ਆਲੀ ਦਾ - ਐਧਰ ਬੰਤੇ ਡੈਂਗੇ ਦਾ - ਖੱਬੇ ਪਾਸੇ - ਵੱਲ 'ਡੈਂਗਿਆਂ' ਦੇ 'ਰਾਮ-ਰਈਏ' - 'ਰਾਗੀਆਂ' ਦੇ ਘਰ ਹਨ। ਬੀਹੀ ਗਲੀ ਵਿਚ ਹੀ ਇਕ ਘਰ ਹੈ - 'ਰੋਡੀ' ਕੇ ਪਰਕਾਸ਼ ਦਾ।

ਤੇ ਪਿੰਡ ਦੇ ਐਨ ਵਿਚਕਾਰ ਹੈ - ਇਹ ਪਿਲਕਣ - ਮੂਹਰੇ ਔਹ ਗੁਰਦੁਆਰਾ। ਪਰ੍ਹਾਂ ਪਿੱਪਲ ਪਿੱਛੇ ਕੂਈ ਆਲੇ ਪਿਆਰਾ ਸਿਓਂ ਤੇ ਘੁੰਗਰੂ ਹੋਰਾਂ ਦੇ ਘਰ - ਤੇ ਐਧਰ ਆਹ ਖੂਹ - ਮਿੱਠੇ ਪਾਣੀ ਦਾ, ਪੀਣ ਲਈ ਇਸੇ ਖੂਹ ਦਾ ਪਾਣੀ ਵਰਤਿਆ ਜਾਂਦਾ ਹੈ - ਆਮ ਐਧਰ। ਉਂਜ ਆਸੇ ਪਾਸੇ ਹੋਰ ਵੀ ਖੂਹ ਹਨ, ਖ਼ਾਰੇ ਪਾਣੀ ਦੇ, ਡੰਗਰਾਂ ਨੂੰ ਨੁਆਣ - ਧੁਆਣ ਲਈ। ਖੂਹ ਦੇ ਨਾਲ ਐਧਰ 'ਫੱਲੀਆਂ' ਦੇ ਘਰ ਤੇ ਬਾੜੇ। ਪਿੱਛੇ ਸਾਡੇ 'ਲੱਖਿਆਂ' ਦਾ ਘਰ ਤੇ ਬੂਆ ਲੇਡਣ ਦਾ ਬਾੜਾ ਹੈ।

ਸਾਡਾ ਪੜਦਾਦਾ ਸ੍ਰ. ਲੱਖਾ ਸਿੰਘ 'ਬਾਰ' ਤੋਂ ਆ ਇੱਥੇ ਵਸੇ ਸਨ। ਕਹਿੰਦੇ ਜ਼ਮੀਨ ਲੱਗੀ ਸੀ ਉਨ੍ਹਾਂ ਦੇ ਨਾਂਓਂ ਇੱਥੇ। ਉਦੋਂ ਤੋਂ ਹੀ ਹੋ ਗਿਆ ਇਹ ਲੱਖਿਆਂ ਦਾ ਨਾਉਂ। ਉਂਜ ਭਾਪਾ ਜੀ ਤੇ ਬਾਊ ਜੀ (ਤਾਇਆ ਬਖਸ਼ੀਸ਼ ਸਿੰਘ) ਲਾਹੌਰ ਵਿਚ ਕੰਮ ਕਰਦੇ ਹਨ - ਸਰਕਾਰੀ, ਜਿਸ ਕਰਕੇ ਦੋਹਾਂ ਪਰਿਵਾਰਾਂ ਨੂੰ ਕਰਤਾਰ ਸਿਓਂ ਲਾਹੌਰੀਆ ਤੇ ਬਖਸ਼ੀਸ਼ ਸਿਓਂ ਲਾਹੌਰੀਆ ਕਰਕੇ ਜਾਣਿਆ ਜਾਂਦਾ ਹੈ।

ਸਾਡੇ ਘਰਾਂ ਤੋਂ ਅੱਗੇ ਲਗਭਗ ਪਿੰਡ ਮੁੱਕ ਜਾਂਦਾ ਹੈ, ਬਾੜੇ ਹੀ ਬਾੜੇ ਹਨ ਮੂਹਰੇ ਪਰ ਔਧਰ ਪਰਾਂ ਕੁਝ ਘਰ 'ਰਾਗੀਆਂ' ਦੇ ਹੋਰ ਤੇ ਪਰ੍ਹਾਂ 'ਟੋਭੇ-ਪੁਰੀਆਂ ਦੇ - ਸਾਡੇ ਟੋਭੇ ਤੋਂ ਬਿਨਾਂ ਇਕ ਹੋਰ ਟੋਭਾ ਹੈ ਉਧਰ - 'ਟੋਭੇ ਪੁਰੀਆਂ' ਤੇ 'ਰਾਗੀਆਂ' ਦੀਆਂ ਦੋ ਕੁੜੀਆਂ 'ਬਾਂਸੋ' ਤੇ 'ਨੇਰੋ' ਮੇਰੀਆਂ ਸਹੇਲੀਆਂ ਹਨ। ਨੇਰੋ ਸੋਹਣੀ ਹੈ ਬਾਂਸੋ ਸੁਹਣੀ ਵੀ ਤੇ ਮਿੱਠ-ਬੋਲੜੀ ਵੀ।

ਚਲੋ ਆਪਾਂ ਘੜੀ ਕੁ ਪਿਲਕਣ ਕੋਲ ਦਮ ਲੈਂਦੇ ਆਂ। ਬਹੁਤ ਭਾਗਾਂ ਵਾਲੀ ਹੈ ਇਹ ਪਿਲਕਣ। ਬਹੁਤ ਪੁਰਾਣੀ ਵੀ। ਨੱਕੜ-ਦਾਦਿਆਂ ਦੇ ਵੇਲੇ ਦੀ ਸ਼ਾਇਦ - ਜਾਂ ਜਦੋਂ ਤੋਂ ਪਿੰਡ ਵਸਿਆ ਹੋਣਾ ਹੈ ਉਦੋਂ ਦੀ। ਖ਼ਬਰਨੀ ਕਿੰਨੀਆਂ ਕੁ ਪੀੜ੍ਹੀਆਂ ਦੇਖੀਆਂ ਹਨ ਇਹਨੇ, ਕਿੰਨੇ ਜੰਮਣੇ ਕਿੰਨੇ ਮਰਨੇ ਤੇ ਕਿੰਨੇ ਕੁ ਵਿਆਹ, ਜਿਵੇਂ ਇਹ ਪਿੰਡ ਦੀ ਕੋਈ ਨੱਕੜ-ਦਾਦੀ ਹੋਵੇ। ਅਮਰ ਦਾਦੀ - ਦੁੱਖਾਂ ਸੁੱਖਾਂ ਨੂੰ ਬੁੱਕਲ ਵਿਚ ਲਕੋਈ ਬੈਠੀ।

ਪਿਲਕਣ ਦੇ ਆਸ ਪਾਸ ਇਕ ਬਹੁਤ ਵੱਡਾ ਚੌਂਤਰਾ ਹੈ, ਕੱਚਾ - ਪਰ ਪੱਕੀ ਮੰਢੌਲ ਵਾਲਾ ਜਿਹਦੇ 'ਤੇ ਨਿਆਣਿਆਂ ਨੇ ਕਈ ਤਰ੍ਹਾਂ ਦੇ ਚੱਕੇ (ਸਰੀਏ-ਫੱਟੇ) ਚਲਾ ਚਲਾ ਝੂਟੇ ਲੈ ਲੈ, ਬੈਠ-ਬੈਠ, ਖੇਡ ਖੇਡ ਘਸਾਇਆ ਪਿਆ ਹੈ। ਦਿਨ ਵਿਚ ਤਾਂ ਆਂਏ ਲਗਦਾ ਹੈ ਜਿਵੇਂ ਇੱਥੇ ਨਿਆਣਿਆਂ ਦਾ ਹੀ ਰਾਜ ਹੋਵੇ। ਉਂਜ ਰਾਜ ਇੱਥੇ ਕੀਹਦਾ ਨਹੀਂ - ਪੰਛੀਆਂ-ਜਨੌਰਾਂ, ਬੁੜ੍ਹੇ-ਬੁੜੀਆਂ, ਕੁੜੀਆਂ-ਚਿੜੀਆਂ, ਗੱਭਰੂ ਜੁਆਨਾਂ, ਮੁੰਡਿਆਂ ਖੁੰਡਿਆਂ-ਬਰਾਤਾਂ ਮੇਲਿਆਂ ਸਣੇ - ਸਭ ਦਾ ਲਗਦਾ ਹੈ।

ਗਰਮੀਆਂ ਸਰਦੀਆਂ ਦੁਪਹਿਰਾਂ ਵੇਲੇ ਜਾਂ ਸੱਝਾਂ ਨੂੰ ਆ ਜੁੜਦੇ ਹਨ ਪਿੰਡ ਦੇ ਬੁੜੇ ਬੁੜੀਆਂ ਮੰਜੀਆਂ ਪੀੜ੍ਹੀਆਂ ਹੱਥਾਂ ਵਿਚ ਪੱਖੀਆਂ ਜਾਂ ਕੋਈ 'ਖੇਡ' - ਗੋਦੀ ਬਾਲ ਲੈ। ਫੇਰ ਸਾਰੇ ਪਿੰਡ, ਕੋੜਮੇ ਸਕੀਰੀ ਤੇ ਜੱਗ-ਜਹਾਨ ਦੀਆਂ ਗੱਲਾਂ, ਜਿਵੇਂ ਕੋਈ ਆਕਾਸਬਾਣੀ ਹੋਵੇ ਇੱਥੇ।

ਸਾਉਣ ਮਹੀਨੇ ਤਾਂ ਭਰ ਮੇਲਾ ਭਰਦਾ ਕੁੜੀਆਂ ਚਿੜੀਆਂ ਬਹੂਆਂ ਦਾ, ਅੱਧੀ ਅੱਧੀ ਰਾਤ ਤੱਕ। ਇਕਹਿਰੀਆਂ ਦੂਹਰੀਆਂ ਪੀਘਾਂ - ਲੰਮੇ ਲੰਮੇ ਗੀਤ, ਹਾਸੇ ਠੱਠੇ - 'ਆਈਆਂ' ਦੇ ਚਾਓ, ਗਈਆਂ ਦੇ ਹੇਰਵੇ - ਭੁੱਲ ਜਾਂਦੇ ਹਨ, ਸੁਣ - ਪੰਛੀ ਆਪਣਾ ਚਹਿਕਣਾ।

ਉਂਜ ਪਿਲਕਣ 'ਤੇ ਤਾਂ ਪੰਛੀਆਂ ਦੀ ਆਪਣੀ ਇਕ ਰਿਆਸਤ ਹੈ - ਵੱਡੇ ਵੱਡੇ ਪੰਛੀਆਂ - ਮੋਰਾਂ ਗਿੱਧਾਂ ਇੱਲ੍ਹਾਂ ਤੋਂ ਲੈ ਘੁੱਗੀਆਂ-ਗਟਾਰਾਂ, ਤੋਤੇ, ਚਿੜੀਆਂ ਕਾਂ ਕਬੂਤਰਾਂ ਤੱਕ ਤੇ ਖੋੜਾਂ ਵਿਚ ਬਿਲ-ਬਤੋਰੀਆਂ ਉੱਲੂ, ਕਾਟੋਆਂ ਚਮਗਾਦੜਾਂ ਤੋਂ ਬਿਨਾਂ ਬੀਡਿਆਂ ਟਟਹਿਣਿਆਂ ਦੇ ਸੰਗੀਤ ਤੇ ਜਗਮਗਾਉਂਦੇ ਲੂਟੂਆਂ ਸਣੇ - ਕੀ ਨਹੀਂ ਹੈ ਐਥੇ - ਸੰਝਾਂ ਨੂੰ ਨੇੜ੍ਹੇ ਪਏ ਤਾਂ ਐਂ ਲਗਦਾ ਜਿਵੇਂ ਚਾਮਚੜਿਕਾਂ ਨੇ ਤੂਫ਼ਾਨ ਚੁੱਕਿਆ ਹੋਇਆ ਹੋਵੇ - ਐਧਰ ਉਧਰ ਉਡਦੀਆਂ 'ਮਾਰਚ' ਕਰਦੀਆਂ ਪਹਿਰੇ ਦਿੰਦੀਆਂ ਹੋਣ ਜਿਵੇਂ। ਇੱਥੋਂ ਲੰਘਦਿਆਂ ਹੇਠਾਂ ਨੂੰ ਹੋ ਹੋ ਲੰਘਦੇ ਹਾਂ ਅਸੀਂ - ਕਿਤੇ ਮੂੰਹ ਹੀ ਨਾ ਭੰਨ੍ਹ ਦੇਣ। ਇਹ ਵੱਡੇ ਛੋਟੇ ਪੰਛੀਆਂ ਦਾ ਵਾਸਾ - ਪੂਰਾ ਇਕ ਰਾਮ ਰਾਜ।

ਵਿਆਹਾਂ ਮੁਕਲਾਵਿਆਂ ਨੂੰ ਜਦ ਤਿੰਨ ਤਿੰਨ ਦਿਨ ਰਹਿੰਦੀਆਂ ਹਨ ਜੰਨਾ ਇੱਥੇ, ਫੇਰ ਸੰਝਾਂ ਸਵੇਰਾਂ ਦੁਪਹਿਰਾਂ ਦੀਆਂ ਰੌਣਕਾਂ - ਭਾਂਤ ਭਾਂਤ ਦੇ ਵਾਜੇ - ਬੈਂਡ ਵਾਜੇ ਪੀਪਨੀਆਂ ਆਲੇ - ਗਾਉਣ ਵਾਲੇ, ਅਲਗੋਜ਼ਿਆਂ ਤੂੰਬੀਆਂ ਵਾਲੇ - ਸਣੇ ਨਚਾਰਾਂ, ਨਕਲੀਆਂ ਦੇ - ਫੇਰ ਕੰਧਾਂ ਕੋਠੇ ਭੰਨ ਦਿੰਦੇ ਹਨ ਬਹਿੰਦੇ ਖਹਿੰਦੇ ਪਿੰਡ ਦੇ ਵਿਹਲੜ ਸ਼ੁਕੀਨ ਮੁੰਡੇ ਖੁੰਡੇ ਤੇ ਕੋਠੇ-ਬਨੇਰੇ ਪਿੰਡ ਦੀਆਂ ਅਲਗਰਜ਼ ਅਲ੍ਹੜ ਕੁੜੀਆਂ ਚਿੜੀਆਂ ਮੁਟਿਆਰਾਂ। ਉਂਜ ਐਥੇ ਕੀਹਦੀ ਕੌਣ ਸੁਣਦਾ ਹੈ ਪਾਈ ਜਾਓ - ਰਾਮਰੌਲਾ - ਘਸਮਾਣ ਜੋ ਜੀ ਆਉਂਦਾ ਹੈ - ਬੈਠੀ ਤਾਂ ਹੈ ਸਭ ਸੁਨਣ ਸਹਿਣ ਨੂੰ ਨਕੜ-ਦਾਦੀ, ਅੰਮਾ - ਪਿਲਕਣ।

ਉਂਜ ਸਾਡਾ ਪਿੰਡ ਬਹੁਤ ਨੀਵਾਂ ਹੈ ਚਮਕੌਰ ਸਾਹਿਬ ਦੇ ਮੁਕਾਬਲੇ। ਚਮਕੌਰ ਦੇ ਗੁਰਦੁਆਰੇ, ਗੜ੍ਹੀ ਸਾਹਿਬ ਤੇ ਕਤਲਗੜ੍ਹ ਸਾਹਿਬ ਥੋੜ੍ਹੀ ਉਚਾਈ 'ਤੇ ਹਨ, ਉੱਚੇ ਟਿੱਲੇ 'ਤੇ।

ਰੋਜ਼ ਸੰਝਾਂ ਨੂੰ ਕਤਲਗੜ੍ਹ ਸਾਹਿਬ ਗੁਰਦੁਆਰੇ 'ਤੇ 'ਕੁਦਰਤੀ' ਕੋਈ ਜੋਤ ਜਗਦੀ ਹੈ, ਰਹਿਰਾਸ ਸਾਹਿਬ ਦੇ ਪਾਠ ਵੇਲੇ ਬੀਜੀ ਸਾਨੂੰ ਕੋਠੇ ਤੇ ਭੇਜ ਦਿੰਦੇ ਹਨ, ਜੋਤ ਨੂੰ ਮੱਥਾ ਟੇਕਣ ਲਈ। ਜੋਤ ਨੂੰ ਮੱਥਾ ਟੇਕ, ਦਰਸ਼ਨ ਕਰ ਅਸੀਂ ਹੇਠਾਂ ਆਉਂਦੇ ਹਾਂ - ਇਸ 'ਜੋਤ' ਦੇ ਦਰਸ਼ਨ ਚਮਕੌਰ ਸਾਹਿਬ ਦੇ ਬਸੀਮੇ (ਹੱਦ) ਅੰਦਰ ਨਹੀਂ ਹੁੰਦੇ ਹਨ। ਅਜਿਹਾ ਲੋਕ ਕਹਿੰਦੇ ਹਨ ਪਰ ਸਾਨੂੰ ਤਾਂ ਪਤਾ ਨਹੀਂ ਹੈ। ਅਸੀਂ ਕਦੇ ਉੱਥੇ ਜਾ ਕੇ ਦੇਖਿਆ ਹੀ ਨਹੀਂ ਹੈ। ਬਸ ਆਪਣੇ ਆਪਣੇ ਕੋਠੇ ਤੋਂ ਹੀ ਮੱਥਾ ਟੇਕ ਦਿੰਦੇ ਹਾਂ - ਰੋਜ਼।

ਸਾਡੇ ਪਿੰਡ ਕਈ ਤਰ੍ਹਾਂ ਦੇ ਰੁੱਖ ਹਨ - ਪਿੱਪਲ, ਪਿਲਕਣ, ਬੋਹੜ, ਜਾਮਣ, ਜਮੋਏ ਪਰ ਕਿੱਕਰਾਂ ਖਜੂਰਾਂ ਬਹੁਤ ਹਨ। ਨਿੰਮ, ਡੇਕ, ਤੂਤ ਘੱਟ ਅੰਬ ਤਾਂ ਬਹੁਤ ਹੀ ਘੱਟ। ਅੰਬ, ਟਾਹਲੀ, ਤੂਤ ਨਿੰਮਾਂ ਡੇਕਾਂ ਬਹੁਤੀਆਂ ਮੇਰੇ ਨਾਨਕੀ ਹੁੰਦੀਆਂ ਹਨ, ਐਧਰ ਟਪਰੀਆਂ-ਰੋਪੜ ਵੱਲ।

ਆਓ ਤਾਂ ਰਤਾ ਐਧਰ ਸਾਡੇ ਟੋਭੇ ਵੱਲ - ਇਧਰ ਦਾ ਤਾਂ ਨਜ਼ਾਰਾ ਹੀ ਹੋਰ ਹੈ - ਇੱਥੇ ਦੋ ਜਮੋਏ ਲੱਗੇ ਹੋਏ ਹਨ, ਮਾਸੀ ਜੀ ਹੋਣਾ ਦੇ ਬਾੜੇ ਵਿਚ ਐਨੇ ਟੋਭੇ ਦੇ ਕੰਢੇ ਤੇ ਔਧਰ ਪਰਲੇ ਪਾਸੇ ਦੂਜੇ ਕੰਢੇ ਨਿਰੇ ਝੂੰਡ ਕਿੱਕਰਾਂ ਤੇ ਖਜੂਰਾਂ ਬਿਜੜਿਆਂ ਦੇ ਆਲ੍ਹਣਿਆਂ ਨਾਲ ਭਰੀਆਂ - ਜਿੱਥੇ ਦਿਨ ਰਾਤ ਚੀਕ ਚਿਹਾੜਾ ਬੀਂਡਿਆਂ ਦੀਆਂ ਆਵਾਜ਼ਾਂ, ਇਕ ਅਜੀਬ ਜਿਹਾ ਰੰਗ ਬੰਨ੍ਹੀ ਰਖਦੀਆਂ ਉਥੇ ਜੁਗਨੂੰਆਂ ਦੀ ਝਿਲਮਿਲ ਝਿਲਮਿਲ ਇੰਜ ਲਗਦੀ ਹੈ ਜਿਵੇਂ ਅੰਬਰ ਦਾ ਕੋਈ ਟੋਟਾ ਟੁੱਟ ਕੇ ਇੱਥੇ ਆ ਲੱਗਾ ਹੋਵੇ ਧਰਤੀ 'ਤੇ ਖ਼ਾਸ ਕਰ ਉਸ ਵੱਡੀ ਕਿੱਕਰ ਦੇ ਦੁਆਲੇ।

ਉਂਜ ਇਹ ਬਾੜਾ ਭਾਵੇਂ ਡੰਗਰਾਂ ਜੋਗਾ ਹੈ ਪਰ ਇਹਦਾ ਵਿਹੜਾ ਤੀਮੀਆਂ ਦੇ ਨਹਾਉਣ ਦੀ ਇਕ ਖ਼ਾਸ ਥਾਂ। ਇਕ ਪਾਸੇ ਇਕ ਪੁਰਾਣਾ ਚੱਕੀ ਦਾ ਪੁੜ ਪਿਆ ਹੈ ਮੂਹਰੇ ਇਕ ਅੱਧ ਟੁੱਟੀ ਜੀ ਮੰਜੀ ਖੜ੍ਹੀ ਰਹਿੰਦੀ ਹੈ - ਨਹਾਉਣ ਵਾਲੇ ਕੱਪੜੇ ਲਾਹ ਕੇ ਧਰਨ ਨੂੰ ਤੇ ਓਹਲੇ ਨੂੰ - ਪਾਣੀ ਦੀ ਵੀ ਕਿੱਲਤ ਨਹੀਂ ਹੈ। ਕੋਲ ਹੀ ਤਾਂ ਹੈ ਬਾਊ ਜੀ ਹੋਰਾਂ ਦਾ ਹੈਂਡ ਪੰਪ - ਬਾਲਟੀ ਭਰੋ ਅਰਾਮ ਨਾਲ ਨਹਾਓ ਧੋਓ, ਨਾ ਕਿਸੇ ਦੀ ਰੋਕ, ਨਾ ਟੋਕ। ਨਾ ਕਿਸੇ ਆਏ ਗਏ ਦਾ ਡਰ। ਗੰਦਾ ਪਾਣੀ ਵੀ ਪਿੱਛੇ ਟੋਭੇ ਵਿਚ ਜਾਣ ਲਈ ਇਕ ਖਾਲ਼ ਹੈ। ਉਂਜ ਮੈਂ ਇੱਧਰ ਸ਼ਾਮ ਨੂੰ ਅਕਸਰ ਆਉਂਦੀ ਹਾਂ, ਆਨੇ-ਬਹਾਨੇ। ਨਿੱਕੀ ਜਿਹੀ ਕੰਧ 'ਤੇ ਖੜ੍ਹ, ਐਧਰ ਜਮੋਇਆਂ ਹੇਠਾਂ ਦੇਖਦੀ ਰਹਿੰਦੀ ਹਾਂ - ਸੱਪਾਂ ਨੂੰ ਸਿਰੀਆਂ ਕੱਢੀ ਤੈਰਦੇ - ਇਕ ਸਿਰੇ ਤੋਂ ਦੂਜੇ ਵੱਲ ਨੂੰ - ਦੋ ਦੋ ਤਿੰਨ ਤਿੰਨ ਤੇ ਚਾਰ ਚਾਰ ਵੀ ਇਕੱਠੇ -ਇਕੋ ਹੀ ਸੀਧ ਵਿਚ - ਅੱਗੇ ਨੂੰ ਵਧਦੇ ਫੌਜੀਆਂ ਵਾਂਗ - ਇਹ ਨਜ਼ਾਰਾ ਮੈਨੂੰ ਅਜੀਬ ਵੀ ਬਹੁਤ ਲਗਦਾ, ਪਰ ਚੰਗਾ ਵੀ।

ਨਿੱਕੀ ਨਿੱਕੀ ਹਵਾ ਚਲ ਰਹੀ ਹੁੰਦੀ - ਨਿੱਕੀਆਂ ਨਿੱਕੀਆਂ ਲਹਿਰਾਂ ਬਣਾਉਂਦੀ - ਇੰਜ ਲਗਦਾ ਹੈ ਜਿਵੇਂ ਪਾਣੀ ਨਾਲ ਅਠਖੇਲੀਆਂ ਕਰਦੀ ਹੈ ਇਹ - ਤੇ ਰੁੱਖਾਂ ਬੂਟਿਆਂ ਨਾਲ ਸਰਗੋਸ਼ੀਆਂ।

ਪਾਣੀ ਵਿਚ ਬਨਸਪਤੀ ਦੇ ਪਰਛਾਂਵੇਂ ਜਿਵੇਂ ਉਹਦੀ ਤਲੀ 'ਤੇ ਆਪਣੇ ਆਪਣੇ ਸਿਰਨਾਵੇਂ ਧਰਦੇ ਹੋਣ। ਮੈਂ ਕਦ ਦੀ ਇੱਥੇ ਆਈ ਹੁੰਦੀ ਹਾਂ ਕਾਹਦੇ ਲਈ ਆਈ ਹੁੰਦੀ ਹਾਂ, ਮੈਂ ਨਹੀਂ ਜਾਣਦੀ। ਘੰਟਿਆਂ ਬੱਧੀ ਖੜ੍ਹੀ ਰਹਿੰਦੀ ਹਾਂ ਇੱਥੇ - ਟੋਭੇ ਕੰਢੇ-ਚਿੱਕੜ ਵਿਚ ਟਟੀਰੀਆਂ ਬਗਲੇ ਟਹਲਦੇ ਗਾਉਂਦੇ - ਮੈਨੂੰ ਇੰਜ ਲਗਦਾ ਹੁਣ ਖ਼ਬਰੇ ਕਿਹੜੀ ਕਾਰੇ ਰੁੱਝੇ ਹੋਏ ਹਨ ਇਹ - ਸੁਚੇਤ ਚੁਕੰਨੇ ਜੋ ਮਿਲਦਾ ਖਾ ਲੈਂਦੇ ਹਨ, ਆਪਣੇ ਆਪਣੇ ਭੋਜਨ ਦੀ ਭਾਲ ਵਿਚ। ਟੋਭੇ ਕੰਢੇ ਚਿੱਕੜ ਵਿਚ ਟਪੂਸੀਆਂ ਲਾਉਂਦੀਆਂ ਜਾਨਾਂ ਬਚਾਉਂਦੀਆਂ ਜਾਨਾਂ ਗਵਾਉਂਦੀਆਂ ਵਿਚਾਰੀਆਂ ਨਿੱਕੀਆਂ ਨਿੱਕੀਆਂ ਮੱਛੀਆਂ - ਕਦ ਕੀ ਹੋ ਜਾਣਾ ਹੁੰਦਾ ਹੈ ਨਹੀਂ ਜਾਣਦੀਆਂ ਹਨ ਉਹ। ਉਂਜ ਕਦ ਕੀ ਹੋ ਜਾਣਾ ਹੁੰਦਾ ਹੈ, ਇਹ ਤਾਂ ਕੋਈ ਨਹੀਂ ਜਾਣਦਾ। ਮੈਨੂੰ ਵੀ ਉਦੋਂ ਹੀ ਪਤਾ ਲਗਦਾ ਜਦੋਂ ਹਾਕਾਂ ਮਾਰਦੇ, ਗਾਲ੍ਹਾਂ ਕਢਦੇ ਬੀਜੀ ਆ ਧਮਕਦੇ। "ਹੈਥੇ ਖੜੀ ਰਿਹਾ ਕਰ, 'ਬਾਬਿਆਂ' (ਸੱਪਾਂ) ਦੇ ਸਿਰਹਾਣੇ - ਨਾ ਦੁੱਧ ਦਿੰਦੇ ਆ ਇਹ ਤੈਨੂੰ, ਭੇਜੋ ਕਿਤੇ ਜਾ ਪੁੱਜਦੀ ਕਿਤੇ।" ਫੇਰ ਮੈਨੂੰ ਗਾਲ੍ਹਾਂ ਕੱਢਦੇ ਡੰਗਰਾਂ ਵਾਂਗ ਹੱਕਦੇ - ਕਦ ਘਰ ਨੂੰ ਲੈ ਤੁਰਦੇ, ਕਦ ਭਾਣਾ ਵਰਤ ਜਾਂਦਾ, ਬਸ ਮੈਂ ਜਾਣਦੀ ਜਾਂ ਮੇਰਾ ਰੱਬ।

(ਬਾਕੀ ਅਗਲੇ ਅੰਕ 'ਚ)

# ਬਾਬਾ ਦੀਪ ਸਿੰਘ ਜੀ ਸ਼ਹੀਦ



**ਹਰਮਨਜੋਤ ਸਿੰਘ ਰੋਮਾਣਾ,**
ਤਲਵੰਡੀ ਸਾਬੋ (ਮੋਬਾਇਲ: 94170 90930)

1682 ਦਿਨ ਸੋਮਵਾਰ ਜਨਮ ਹੋਇਆ ਸੀ 14 ਮਾਘ ਨੂੰ,
ਮਾਤਾ-ਪਿਤਾ ਨਾਲ ਇੱਕ ਦਿਨ ਚੱਲੇ ਆਨੰਦਪੁਰ ਸਾਹਿਬ ਨੂੰ,
ਗੁਰੂ ਜੀ ਆਪਣੇ ਕੋਲ ਰੱਖਿਆ ਯੋਗ ਪੁਰਸ਼ ਦੀ ਨੀਤ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

ਭਾਈ ਮਨੀ ਸਿੰਘ ਜੀ ਪਾਸੋਂ ਕਈ ਵਿਦਿਆ ਵੀ ਪੜੀਆਂ,
ਬੰਦਾ ਸਿੰਘ ਬਹਾਦਰ ਨਾਲ ਕਈ ਲੜਾਈਆਂ ਵੀ ਲੜੀਆਂ,
ਹਿੱਕ ਠੋਕ ਪਹਿਰਾ ਦਿੱਤਾ ਚਲਾਈ ਹੋਈ ਗੁਰੂ ਦੀ ਰੀਤ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

ਆਪਣੇ ਹੱਥੀਂ ਦਮਦਮਾ ਸਾਹਿਬ ਪਾਣੀ ਦਾ ਖੂਹ ਲਵਾ ਕੇ,
ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ 4 ਬੀੜਾਂ ਤਿਆਰ ਕਰਾ ਕੇ,
ਭੇਜੀਆਂ ਅਕਾਲ ਤਖਤ, ਕੇਸਗੜ੍ਹ, ਪਟਨਾ ਸਾਹਿਬ ਤੀਕ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

ਦਰਬਾਰ ਸਾਹਿਬ ਤੋਂ ਗੁਰੂ ਦਾ ਲਾਲ ਸੁਨੇਹਾ ਲਿਆਇਆ,
ਬਾਬਾ ਜੀ ਨੂੰ ਆ ਕੇ ਹਾਲ ਉਥੋਂ ਦਾ ਸਾਰਾ ਸੁਣਾਇਆ,
ਆਖਰ ਤੱਕ ਉਨ੍ਹਾਂ ਸਾਥ ਨਿਭਾਇਆ ਗੁਰੂ ਨਾਲ ਪ੍ਰੀਤ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

ਰੱਖ ਕੇ ਕਲਮ ਬਜ਼ੁਰਗ ਉਮਰ ਵਿੱਚ ਖੰਡਾ ਚੁੱਕ ਕੇ,
ਜਿਨ੍ਹਾਂ ਨੇ ਸਿਰ ਦੇਣਾ ਕਹਿ ਖਿੱਚ ਤੀ ਲਕੀਰ ਰੁੱਕ ਕੇ,
ਮਿੰਟਾਂ ਦੇ ਹਜ਼ਾਰਾਂ ਸਿੰਘ ਪਾਰ ਕਰ ਗਏ ਸੀ ਲੀਕ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

ਚਿਹਰਾ ਭਖਦਾ ਅੱਖਾਂ 'ਚ ਲਾਲੀ ਹੱਥ ਜੋੜ ਕਰੀ ਅਰਦਾਸ,
ਮਾਲਵੇ ਮਾਝੇ ਦੇ ਸਿੰਘ ਰਲਦੇ ਗਏ ਕਰਦੇ-ਕਰਦੇ ਜਾਪ,
ਗੁਰੂ ਦੇ ਚਰਨੀਂ ਪਾਈ ਸ਼ਹੀਦੀ 1757 ਕੱਤਕ 28 ਤਰੀਕ ਨੂੰ,
ਕਰਾਂ ਮੈਂ ਪ੍ਰਣਾਮ ਹਮੇਸ਼ਾ ਸਿਰ ਝੁਕਾ ਸਿੰਘ ਬਾਬਾ ਦੀਪ ਨੂੰ,
ਤਲੀ ਉੱਪਰ ਟਿਕਾ ਕੇ ਜਿਹੜੇ ਲੈ ਕੇ ਗਏ ਸੀ ਸੀਸ ਨੂੰ ।

**Office for Lease in Union City, CA**



Nice clean office
1200 to 1500 Sq feet in the business area of Union City.
Best for Trucking company if extra warehouse needed.
Call at:
510-875-3279

## ਅਮਰੀਕਾ ਵਲੋਂ ਭਾਰਤੀ ਪੁਲੀਸ ਅਧਿਕਾਰੀ ਨੂੰ ਇਨਾਮ ਐਵਾਰਡ

ਲਏ ਬਿਨਾਂ ਪਾਕਿਸਤਾਨ ਨੇ ਕਿਹਾ ਸੀ ਕਿ ਉਹ ਕਸ਼ਮੀਰੀ ਲੋਕਾਂ ਦੇ ਸੰਘਰਸ਼ ਨੂੰ ਸਿਆਸੀ, ਕੂਟਨੀਤਕ ਅਤੇ ਨੈਤਿਕ ਪੱਖੋਂ ਹਮਾਇਤ ਦਿੰਦਾ ਰਹੇਗਾ। ਸਲਾਹੂਦੀਨ ਨੇ ਵੀ ਮਕਬੂਜ਼ਾ ਕਸ਼ਮੀਰ ਵਿਚ ਪ੍ਰੈੱਸ ਕਾਨਫਰੰਸ ਕਰ ਕੇ ਆਖਿਆ ਕਿ ਉਹ 'ਦਹਿਸ਼ਤਗਰਦ ਨਹੀਂ ਸਗੋਂ ਆਜ਼ਾਦੀ ਘੁਲਾਟੀਆ' ਹੈ।

ਪਾਕਿਸਤਾਨ ਨੇ ਅਮਰੀਕਾ ਵੱਲੋਂ ਹਿਜ਼ਬੁਲ ਮੁਜਾਹਿਦੀਨ ਮੁਖੀ ਸੱਯਦ ਸਲਾਹੂਦੀਨ ਨੂੰ ਆਲਮੀ ਦਹਿਸ਼ਤਗਰਦ ਨਾਮਜ਼ਦ ਕਰਨ ਦੇ ਫ਼ੈਸਲੇ ਨੂੰ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ। ਪ੍ਰਧਾਨ ਮੰਤਰੀ ਦੇ ਵਿਦੇਸ਼ ਮਾਮਲਿਆਂ ਬਾਰੇ ਸਲਾਹਕਾਰ ਸਰਤਾਜ ਅਜ਼ੀਜ਼ ਨੇ ਕਿਹਾ ਕਿ ਇਹ ਸੰਯੁਕਤ ਰਾਸ਼ਟਰ ਦਾ ਫ਼ੈਸਲਾ ਨਹੀਂ ਹੈ ਸਗੋਂ ਟਰੰਪ ਪ੍ਰਸ਼ਾਸਨ ਨੇ ਭਾਰਤ ਨੂੰ ਖ਼ੁਸ਼ ਕਰਨ ਲਈ ਕਦਮ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਭਾਰਤ ਕਸ਼ਮੀਰ ਦੇ ਮਸਲੇ ਨੂੰ ਲੰਬੇ ਸਮੇਂ ਤੋਂ ਅਣਗੌਲਿਆਂ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਪਰ ਸਥਾਨਕ ਪੱਧਰ 'ਤੇ ਮੁਜ਼ਾਹਰਿਆਂ ਨੇ ਭਾਰਤੀ ਪੱਖ ਨੂੰ ਬਦਲ ਕੇ ਰੱਖ ਦਿੱਤਾ ਹੈ। ਅਜ਼ੀਜ਼ ਨੇ ਕਿਹਾ ਕਿ ਕਸ਼ਮੀਰ ਮੁੱਦੇ ਨੂੰ ਏਜੰਡੇ 'ਤੇ ਰੱਖੇ ਬਿਨਾਂ ਭਾਰਤ ਨਾਲ ਗੱਲਬਾਤ ਕਰਨ ਦਾ ਕੋਈ ਸਵਾਲ ਨਹੀਂ ਹੈ। ਉਂਜ ਪਾਕਿਸਤਾਨ ਆਪਣੇ ਗੁਆਂਢੀਆਂ ਨਾਲ ਸਾਰੇ ਮੁੱਦਿਆਂ 'ਤੇ ਵਾਰਤਾ ਕਰਨ ਦਾ ਇੱਛੁਕ ਹੈ।

ਭਾਰਤ ਦੇ ਪੱਖ ਦੀ ਹੋਈ ਤਸਦੀਕ

ਨਵੀਂ ਦਿੱਲੀ : ਭਾਰਤੀ ਗ੍ਰਹਿ ਮੰਤਰਾਲੇ ਨੇ ਹਿਜ਼ਬੁਲ ਮੁਜਾਹਿਦੀਨ ਮੁਖੀ ਸੱਯਦ ਸਲਾਹੂਦੀਨ ਵੱਲੋਂ ਭਾਰਤ ਖ਼ਿਲਾਫ਼ ਉਗਲੇ ਜ਼ਹਿਰ ਦੀ ਆਲੋਚਨਾ ਕਰਦਿਆਂ ਕਿਹਾ ਕਿ ਅਮਰੀਕਾ ਵੱਲੋਂ ਉਸ ਨੂੰ ਆਲਮੀ ਦਹਿਸ਼ਤਗਰਦ ਨਾਮਜ਼ਦ ਕਰਨਾ ਬਿਲਕੁਲ ਠੀਕ ਹੈ। ਗ੍ਰਹਿ ਮੰਤਰਾਲੇ ਦੇ ਤਰਜਮਾਨ ਅਸ਼ੋਕ ਪ੍ਰਸਾਦ ਨੇ ਕਿਹਾ ਕਿ ਸਰਕਾਰ ਲੰਬੇ ਸਮੇਂ ਤੋਂ ਸਲਾਹੂਦੀਨ ਨੂੰ ਦਹਿਸ਼ਤਗਰਦ ਆਖਦੀ ਆ ਰਹੀ ਹੈ ਅਤੇ ਹੁਣ ਉਸ ਦੇ ਬਿਆਨਾਂ ਨੇ ਇਸ ਦੀ ਤਸਦੀਕ ਕਰ ਦਿੱਤੀ ਹੈ। ਸ੍ਰੀ ਪ੍ਰਸਾਦ ਨੇ ਕਿਹਾ ਕਿ ਸਲਾਹੂਦੀਨ ਦਹਿਸ਼ਤਗਰਦਾਂ ਦੇ ਨਾਲ ਨਾਲ ਵੱਖਵਾਦੀਆਂ ਨੂੰ ਫੰਡ ਮੁਹੱਈਆ ਕਰਵਾਉਣ ਤੋਂ ਇਲਾਵਾ ਉਨ੍ਹਾਂ ਹੋਰ ਸਹਾਇਤਾ ਵੀ ਦਿੰਦਾ ਸੀ।

## ਟਰੰਪ ਦੀ ਫਿਸਲਪੱਟੀ 'ਤੇ ਜ਼ਰਾ ਸੰਭਲ ਕੇ ਚੱਲੋ !

ਆਰਡਰ ਅਮਰੀਕਾ ਨੂੰ ਅੱਜ ਤਕ ਕਿਸੇ ਵੀ ਦੇਸ਼ ਤੋਂ ਨਹੀਂ ਮਿਲਿਆ। ਅਮਰੀਕਾ ਭਾਰਤ ਨੂੰ 'ਸੀ ਗਾਰਡੀਅਨ ਡਰੋਨ' ਵੀ ਵੇਚਣਾ ਚਾਹੁੰਦਾ ਹੈ, ਜਿਨ੍ਹਾਂ ਦੀ ਕੀਮਤ 2 ਅਰਬ ਡਾਲਰ ਹੈ। ਟਰੰਪ ਨੇ ਮੋਦੀ ਦੇ ਦਿਮਾਗ਼ ਵਿਚ ਇਹ ਗੱਲ ਬਿਠਾ ਦਿੱਤੀ ਹੈ ਕਿ ਤੁਸੀਂ ਅਮਰੀਕੀ ਮਾਲ ਲਈ ਭਾਰਤ ਦੇ ਦਰਵਾਜ਼ੇ ਖੋਲ੍ਹ ਦਿਓ। ਟਰੰਪ ਨੂੰ ਫ਼ਿਕਰ ਇਹ ਹੈ ਕਿ ਭਾਰਤ-ਅਮਰੀਕੀ ਵਪਾਰ ਵਿਚ ਜੋ 30 ਅਰਬ ਡਾਲਰ ਦਾ ਅਸੰਤੁਲਨ ਆ ਗਿਆ ਹੈ, ਉਹ ਕਿਵੇਂ ਦੂਰ ਹੋਵੇ।

ਮੋਦੀ ਨੇ ਵੀ ਟਰੰਪ ਨੂੰ ਖ਼ੁਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੀ। ਉਨ੍ਹਾਂ ਨੇ ਅਮਰੀਕਾ ਵਿਚ ਕੰਮ ਕਰ ਰਹੇ ਭਾਰਤੀਆਂ ਦੇ ਐਚ1ਬੀ ਵੀਜ਼ਾ ਦੀ ਗੱਲ ਤੱਕ ਨਹੀਂ ਛੇੜੀ। 5 ਲੱਖ ਪਰਵਾਸੀ ਭਾਰਤੀ ਜਿਸ ਗੱਲ ਨਾਲ ਪ੍ਰਭਾਵਤ ਹੋਣਗੇ, ਉਸ ਦਾ ਜ਼ਿਕਰ ਤੱਕ ਨਾ ਹੋਵੇ, ਕੀ ਇਹ ਹੈਰਾਨੀਜਨਕ ਨਹੀਂ ਹੈ? ਸ਼ਾਇਦ ਮੋਦੀ ਨੇ ਇਹ ਸੋਚਿਆ ਕਿ ਪਹਿਲਾਂ ਟਰੰਪ ਨਾਲ ਵਿਅਕਤੀਗਤ ਸਮੀਕਰਨ ਬਣ ਜਾਣ, ਉਸ ਤੋਂ ਬਾਅਦ ਇਸ ਮੁੱਦੇ ਨੂੰ ਛੇੜਨਾ ਠੀਕ ਰਹੇਗਾ। ਇਸੇ ਤਰ੍ਹਾਂ ਜਲਵਾਯੂ ਸਮਝੌਤੇ ਨੂੰ ਰੱਦ ਕਰਦਿਆਂ ਟਰੰਪ ਨੇ ਭਾਰਤ 'ਤੇ ਅਰਬਾਂ-ਖ਼ਰਬਾਂ ਡਾਲਰ ਝਾੜਨ ਦਾ ਜੋ ਫੂਹੜ ਦੋਸ਼ ਲਾਇਆ ਸੀ, ਉਸ 'ਤੇ ਮੋਦੀ ਨੇ ਚੁੱਪੀ ਧਾਰ ਲਈ। ਇਸੇ ਤਰ੍ਹਾਂ ਭਾਰਤ-ਅਮਰੀਕੀ ਪਰਮਾਣੂ-ਸਮਝੌਤੇ ਦੇ ਜਿਸ ਮੁੱਦੇ 'ਤੇ ਮਨਮੋਹ ਸਰਕਾਰ ਡਿੱਗਦੇ ਡਿੱਗਦੇ ਬਚੀ, ਉਹ ਅੱਜ ਵੀ ਅੱਧ-ਵਿਚਾਲੇ ਕਿਉਂ ਲਟਕਿਆ ਹੋਇਆ ਹੈ? ਇਹ ਸਵਾਲ ਵੀ ਰਹਿ ਗਿਆ।

ਜਿੱਥੋਂ ਤੱਕ ਪਾਕਿਸਤਾਨ ਦਾ ਸਵਾਲ ਹੈ, ਉਸ 'ਤੇ ਅਮਰੀਕਾ ਜ਼ਬਰਦਸਤ ਜ਼ੁਬਾਨੀ ਜਮ੍ਹਾ-ਖ਼ਰਚ ਕਰਦਾ ਰਿਹਾ ਹੈ। ਪਾਕਿਸਤਾਨ ਨੂੰ ਅਤਿਵਾਦੀ ਰਾਸ਼ਟਰ ਬਣਾਉਣ ਦੀ ਸਾਰੀ ਜ਼ਿੰਮੇਵਾਰੀ ਅਮਰੀਕਾ ਤੇ ਸਾਊਦੀ ਅਰਬ ਦੀ ਹੈ। ਪਹਿਲਾਂ ਮੁਜਾਹਿਦੀਨ ਤੇ ਤਾਲਿਬਾਨ ਦਾ ਸਮਰਥਨ ਕੀ ਅਮਰੀਕਾ, ਸਾਊਦੀ ਅਰਬ ਤੇ ਪਾਕਿਸਤਾਨ ਨਹੀਂ ਕਰਦੇ ਰਹੇ ਹਨ? ਸੀਰੀਆ ਤੇ ਇਰਾਕ ਵਿਚ 'ਦਾਇਸ਼' ਦੇ ਅਤਿਵਾਦੀਆਂ ਦੀ ਪਿੱਠ ਸਭ ਤੋਂ ਪਹਿਲਾਂ ਕਿਸ ਨੇ ਠੋਕੀ ਸੀ? ਹੁਣ ਜਦੋਂ ਅਮਰੀਕਾ ਅਤਿਵਾਦ ਖ਼ਿਲਾਫ਼ ਲੜਨ ਦੀ ਗੱਲ ਕਹਿੰਦਾ ਹੈ ਤਾਂ ਉਹ ਸਿਰਫ਼ ਉਸ ਅਤਿਵਾਦ ਖ਼ਿਲਾਫ਼ ਹੈ, ਜੋ ਗੋਰੇ ਰਾਸ਼ਟਰਾਂ ਵਿਚ ਖ਼ੂਨ ਵਹਾਉਂਦਾ ਹੈ। ਉਸ ਨੇ ਅਫ਼ਗਾਨਿਸਤਾਨ ਵਿਚ ਭਾਰਤ ਦੀ ਭੂਮਿਕਾ ਦੀ ਤਾਰੀਫ਼ ਵੀ ਇਸ ਲਈ ਕੀਤੀ ਹੈ ਕਿ ਅਫ਼ਗਾਨ-ਅਤਿਵਾਦ ਦੇ ਤਾਰ ਯੂਰਪ ਤੇ ਅਮਰੀਕਾ ਤੱਕ ਫੈਲੇ ਹੋਏ ਹਨ। ਅਮਰੀਕਾ ਨੂੰ ਭਾਰਤ-ਵਿਰੋਧੀ ਅਤਿਵਾਦ ਦੀ ਕੋਈ ਚਿੰਤਾ ਨਹੀਂ ਹੈ। ਉਸ ਨੇ ਸਲਾਹੂਦੀਨ ਨੂੰ ਵਿਸ਼ਵ-ਅਤਿਵਾਦੀ ਐਲਾਨ ਕੇ ਕਿਹੜਾ ਤੀਰ ਮਾਰ ਦਿੱਤਾ ਹੈ। ਹਾਫ਼ਿਜ਼ ਸਈਦ ਦੇ ਸਿਰ 'ਤੇ ਤਾਂ ਕਰੋੜਾਂ ਡਾਲਰ ਦਾ ਇਨਾਮ ਹੈ ਪਰ ਉਸ ਦਾ ਕੋਈ ਬਾਲ ਵੀ ਵਿੰਗਾ ਨਹੀਂ ਕਰ ਸਕਿਆ।

ਕਸ਼ਮੀਰ ਦੇ ਸਵਾਲ 'ਤੇ ਵੀ ਅਮਰੀਕਾ ਦੁਵਿਧਾ ਵਿਚ ਹੈ। ਸਲਾਹੂਦੀਨ ਵਾਲੇ ਬਿਆਨ ਵਿਚ ਉਸ ਨੇ 'ਜੰਮੂ-ਕਸ਼ਮੀਰ' ਨੂੰ 'ਭਾਰਤ ਵਲੋਂ ਪ੍ਰਸ਼ਾਸਤ ਖੇਤਰ' ਦੱਸਿਆ ਹੈ। ਭਾਰਤ ਸਰਕਾਰ ਨੂੰ ਇਸ ਬਿਆਨ ਦਾ ਵਿਰੋਧ ਕਰਨਾ ਚਾਹੀਦਾ ਹੈ। ਟਰੰਪ ਤੇ ਮੋਦੀ ਨੇ ਜੋ ਜੋ ਐਲਾਨ ਇਸ ਮੁਲਾਕਾਤ ਦੌਰਾਨ ਕੀਤੇ ਹਨ, ਜੇਕਰ ਉਨ੍ਹਾਂ ਨੂੰ ਉਪਰੀ ਤੌਰ 'ਤੇ ਦੇਖਿਆ ਜਾਵੇ ਤਾਂ ਅਜਿਹਾ ਲੱਗੇਗਾ ਕਿ ਅਮਰੀਕਾ ਦੇ ਮਿੱਤਰ ਦੇ ਰੂਪ ਵਿਚ ਪਾਕਿਸਤਾਨ ਦੀ ਥਾਂ ਹੁਣ ਭਾਰਤ ਲੈ ਰਿਹਾ ਹੈ। ਅਮਰੀਕੀ ਹਿਤਾਂ ਦੀ ਰੱਖਿਆ ਲਈ ਭਾਰਤ ਹੁਣ ਦੱਖਣੀ ਏਸ਼ੀਆ, ਪੱਛਮੀ ਏਸ਼ੀਆ ਤੇ ਦੱਖਣ-ਪੂਰਬ ਏਸ਼ੀਆ ਵਿਚ ਮੋਹਰੀ ਦਸਤੇ ਵਾਂਗ ਕੰਮ ਕਰੇਗਾ ਜਦਕਿ ਚੀਨ ਤੇ ਪਾਕਿਸਤਾਨ ਦੀ ਭਾਰਤ ਵਿਰੋਧੀ ਮਿਲੀਭੁਗਤ ਨੂੰ ਕੱਟਣ ਲਈ ਅਮਰੀਕਾ ਪੂਰੀ ਤਾਕਤ ਲਗਾ ਦੇਵੇਗਾ। ਟਰੰਪ ਦੇ ਕਾਰਜਕਾਲ ਦੌਰਾਨ ਭਾਰਤ-ਅਮਰੀਕੀ ਸਬੰਧ ਬੁਸ਼ ਤੇ ਓਬਾਮਾ ਦੇ ਦੌਰ ਨਾਲੋਂ ਵੀ ਬਿਹਤਰ ਹੋਣਗੇ। ਇਹ ਸਤਹੀ ਸੋਚ ਹੈ। ਕੌਮਾਂਤਰੀ ਸਿਆਸਤ ਵਿਚ ਜੋ ਡੂੰਘੇ ਉਤਰੇ ਹੋਏ ਹਨ, ਉਹ ਇਸ ਫਿਸਲਪੱਟੀ 'ਤੇ ਫੂਕ-ਫੂਕ ਕੇ ਕਦਮ ਰੱਖਣ ਦੀ ਹੀ ਸਲਾਹ ਦੇਣਗੇ।

(ਭਾਰਤੀ ਵਿਦੇਸ਼ ਨੀਤੀ ਪ੍ਰੀਸ਼ਦ ਦੇ ਮੁਖੀ)

## ਬ੍ਰਿਟਿਸ਼ ਕੋਲੰਬੀਆ 'ਚ ਲਿਬਰਲ ਪਾਰਟੀ ਦੀ ਸਰਕਾਰ ਦਾ ਪਿਆ ਭੋਗ

### *ਗਵਰਨਰ ਨੇ ਮੁੱਖ ਵਿਰੋਧੀ ਧਿਰ ਐਨਡੀਪੀ ਨੂੰ ਸਰਕਾਰ ਬਣਾਉਣ ਦਾ ਸੱਦਾ ਦਿੱਤਾ*

**ਵੈਨਕੂਵਰ/ ਗੁਰਮਲਕੀਅਤ ਸਿੰਘ ਕਾਹਲੋਂ:** ਬ੍ਰਿਟਿਸ਼ ਕੋਲੰਬੀਆ ਵਿਧਾਨ ਸਭਾ ਦੀਆਂ ਨੌਂ ਮਈ ਨੂੰ ਹੋਈਆਂ ਚੋਣਾਂ ਵਿੱਚ ਕਿਸੇ ਪਾਰਟੀ ਨੂੰ ਬਹੁਮਤ ਨਾ ਮਿਲਣ ਤੋਂ ਬਾਅਦ ਅਗਲੀ ਸਰਕਾਰ ਵਿੱਚ ਬਣੇ ਰਹਿਣ ਲਈ ਸੱਤਾਧਾਰੀ ਪਾਰਟੀ ਵੱਲੋਂ ਕੀਤੀ ਜਾ ਰਹੀ ਜ਼ੋਰ-ਅਜ਼ਮਾਈ ਦਾ ਸ਼ੁਕਰਵਾਰ ਨੂੰ ਭੋਗ ਪੈ ਗਿਆ। ਲਿਬਰਲ ਪਾਰਟੀ ਸੱਤਾ ਤੋਂ ਬਾਹਰ ਹੋ ਗਈ ਹੈ ਤੇ ਹੁਣ ਐਨਡੀਪੀ ਤੇ ਗਰੀਨ ਪਾਰਟੀ ਨਵੀਂ ਸਰਕਾਰ ਬਣਾਏਗੀ। ਲੈਫਟੀਨੈਂਟ ਗਵਰਨਰ ਨੇ ਕਾਰਜਕਾਰੀ ਪ੍ਰੀਮੀਅਰ ਕ੍ਰਿਸਟੀ ਕਲਾਰਕ ਦਾ ਅਸਤੀਫ਼ਾ ਪ੍ਰਵਾਨ ਕਰਕੇ ਜੌਹਨ ਹੌਰਗਨ ਨੂੰ ਸਰਕਾਰ ਬਣਾਉਣ ਦਾ ਸੱਦਾ ਦੇ ਦਿੱਤਾ ਹੈ, ਇਸ ਨਾਲ ਬੀ ਸੀ ਲਿਬਰਲ ਪਾਰਟੀ 16 ਸਾਲ 2 ਮਹੀਨੇ ਸੱਤਾ 'ਤੇ ਕਾਬਜ਼ ਰਹਿਣ ਤੋਂ ਬਾਅਦ ਅੱਜ ਬਾਹਰ ਹੋ ਗਈ ਹੈ। ਬੇਸ਼ੱਕ ਕ੍ਰਿਸਟੀ ਕਲਾਰਕ ਵੱਲੋਂ ਅੰਦਰਖਾਤੇ ਮੁੜ ਚੋਣਾਂ ਕਰਾਉਣ ਦੀ ਵਕਾਲਤ ਕਰਨ ਦੇ ਯਤਨ ਕੀਤੇ ਜਾ ਰਹੇ ਸਨ ਪਰ ਗਵਰਨਰ ਨੇ ਦੇਰ ਸ਼ਾਮ ਜੌਹਨ ਹੌਰਗਨ ਨੂੰ ਰਾਜ ਭਵਨ ਸੱਦ ਕੇ ਸਰਕਾਰ ਬਣਾਉਣ ਲਈ ਆਖ ਦਿੱਤਾ ਹੈ। 22 ਜੂਨ ਨੂੰ ਸ਼ੁਰੂ ਹੋਏ ਵਿਧਾਨ ਸਭਾ ਸੈਸ਼ਨ ਵਿੱਚ ਗਵਰਨਰ ਦੇ ਉਦਘਾਟਨੀ ਸੰਬੋਧਨ ਵਿੱਚ ਸੱਤਾਧਾਰੀ ਪਾਰਟੀ ਨੇ ਵਿਰੋਧੀਆਂ ਦੇ ਏਜੰਡੇ ਨੂੰ ਆਪਣੇ ਕੰਮਾਂ ਵਿੱਚ ਸ਼ਾਮਲ ਕਰ ਲਿਆ ਸੀ ਪਰ ਉਹ ਵਿਰੋਧੀ ਪਾਰਟੀ ਦੇ ਇੱਕ ਵੀ ਵਿਧਾਇਕ ਦੀ ਹਮਾਇਤ ਨਾ ਜੁਟਾ ਸਕੇ। ਇਸੇ ਕਰਕੇ 3 ਜੂਨ ਨੂੰ ਉਹ ਭਰੋਸੇ ਦੇ ਮਤਦਾਨ ਵਿੱਚ ਬਹੁਮਤ ਹਾਸਲ ਨਹੀਂ ਕਰ ਸਕੇ।

## ਡਾਕਟਰ ਗੁਰਮੀਤ ਸਿੰਘ ਔਲਖ ਨੂੰ ਸ਼ਰਧਾਜਲੀਆਂ

ਸਿੱਖ ਕੌਮ ਤੇ ਹੋਏ ਜ਼ੁਲਮਾਂ ਦੀ ਦਾਸਤਾਨ ਨੂੰ ਦੁਨੀਆਂ ਦੇ ਸਾਹਮਣੇ ਰੱਖਣ ਦਾ ਯਤਨ ਕੀਤਾ, ਉਹ ਬਹੁਤ ਵੱਡਾ ਯੋਗਦਾਨ ਹੈ। ਡਾ. ਔਲਖ ਨੇ ਨਿਧੜਕਤਾ ਨਾਲ ਕੌਮੀ ਆਵਾਜ਼ ਨੂੰ ਅਮਰੀਕਾ ਅਤੇ ਹੋਰ ਦੇਸ਼ਾਂ ਵਿਚ ਬੁਲੰਦ ਕੀਤਾ।

ਬੁਲਾਰਿਆਂ ਨੇ ਇਸ ਮੌਕੇ ਡਾਕਟਰ ਔਲਖ ਵਲੋਂ ਕੀਤੇ ਕਾਰਜਾਂ ਦੀ ਸ਼ਲਾਘਾ ਕਰਦਿਆਂ, ਗੁਰੂ ਚਰਨਾਂ ਵਿਚ ਜਾ ਵਿਰਾਜੇ ਡਾਕਟਰ ਗੁਰਮੀਤ ਸਿੰਘ ਔਲਖ ਦੀ ਆਤਮਿਕ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ।

ਭਾਈ ਰਾਮ ਸਿੰਘ ਵੱਲੋਂ ਗੁਰਦੁਆਰਾ ਸਾਹਿਬ ਫਰੀਮਾਂਟ ਅਤੇ ਸਮੁੱਚੀ ਸੰਗਤ ਵੱਲੋਂ ਡਾਕਟਰ ਗੁਰਮੀਤ ਸਿੰਘ ਔਲਖ ਦੇ ਪਰਿਵਾਰ ਨੂੰ ਪਲੇਕ ਦੇ ਕੇ ਸਨਮਾਨਿਤ ਕੀਤਾ।

## ਸਿੱਖ ਵਿਦਿਆਰਥੀ ਜੇ.ਜੇ. ਕਪੂਰ ਨੇ ਕੌਮੀ ਭਾਸ਼ਣ ਮੁਕਾਬਲਾ ਜਿੱਤਿਆ

ਚੈਂਪੀਅਨਸ਼ਿਪ ਟਰਾਫੀ ਚੁੰਮੀ। ਵੈਸਟ ਡੇਜ਼ ਮੋਇਨੀਜ਼, ਆਇਓਵਾ ਵਿੱਚ ਵੈਲੀ ਹਾਈ ਸਕੂਲ ਜੂਨੀਅਰ ਜੇਜੇ ਕਪੂਰ ਨੇ ਆਪਣੇ ਤਜਰਬੇ ਸਾਂਝੇ ਕਰਦਿਆਂ 9/11 ਅਤਿਵਾਦੀ ਹਮਲੇ ਬਾਅਦ ਸਿੱਖ ਤੇ ਮੁਸਲਿਮ ਪਛਾਣ ਬਾਰੇ ਬਣੀ ਧਾਰਨਾ ਨੂੰ ਉਭਾਰਿਆ। ਉਸ ਨੇ ਦੱਸਿਆ ਕਿ 11 ਸਤੰਬਰ, 2011 ਨੂੰ ਹੋਏ ਹਮਲੇ ਸਮੇਂ ਉਹ ਮਹਿਜ਼ ਦੋ ਸਾਲਾਂ ਦਾ ਸੀ। ਉਸ ਦਾ ਪਰਿਵਾਰ ਖ਼ਬਰਾਂ ਦੇਖ ਰਿਹਾ ਸੀ ਜਦੋਂ ਉਸ ਨੇ ਸੋਚਿਆ ਕਿ ਉਸ ਦੇ ਪਿਤਾ ਦੀ ਟੀਵੀ ਸਕਰੀਨ 'ਤੇ ਤਸਵੀਰ ਆ ਰਹੀ ਹੈ ਅਤੇ ਉਸ ਨੇ ਇਹ ਆਪਣੇ ਪਰਿਵਾਰ ਨੂੰ ਦਿਖਾਈ। ਅਸਲ ਵਿੱਚ ਇਹ ਤਸਵੀਰ ਅਲ-ਕਾਇਦਾ ਦੇ ਸਾਬਕਾ ਆਗੂ ਓਸਾਮਾ ਬਿਨ ਲਾਦਿਨ ਦੀ ਸੀ। ਇਸ ਅੱਲ੍ਹੜ ਨੂੰ ਇਹ ਘਟਨਾ ਨਹੀਂ ਯਾਦ ਪਰ ਇਸ ਨਾਲ ਉਸ ਦੇ ਪਿਤਾ ਦੀ ਜ਼ਿੰਦਗੀ ਵਿੱਚ ਇਕ ਨਵਾਂ ਮੋੜ ਆਇਆ। ਉਸ ਨੂੰ ਮਹਿਸੂਸ ਹੋਇਆ ਕਿ ਉਸ ਨੂੰ ਤੇ ਉਸ ਦੇ ਪਰਿਵਾਰ ਨੂੰ ਲੋਕ ਕੀ ਸਮਝਣਗੇ। ਇਸ ਵਿਸ਼ੇ ਵਿਚ ਉਸ ਦੀ ਰੁਚੀ ਉਦੋਂ ਹੋਰ ਤੀਬਰ ਹੋ ਗਈ ਜਦੋਂ ਇਕ ਰੇਸਤਰਾਂ ਵਿੱਚ ਅਣਪਛਾਤੇ ਵਿਅਕਤੀਆਂ ਨੇ ਉਸ ਨੂੰ ਕਿਹਾ, 'ਓਸਾਮਾ, ਘਰ ਜਾਓ।' ਉਸ ਨੇ ਕਿਹਾ, 'ਮੈਂ ਅਮਰੀਕੀ ਹਾਂ। ਮੈਂ ਆਪਣੀ ਸਾਰੀ ਉਮਰ ਇਥੇ ਰਿਹਾ ਹਾਂ। ਇਹ ਮੇਰਾ ਘਰ ਹੈ। ਘੱਟ ਗਿਣਤੀ ਸਿੱਖ ਭਾਈਚਾਰੇ ਨਾਲ ਸਬੰਧਤ ਹੋਣ ਨਾਤੇ ਮੈਂ ਭਾਸ਼ਣ ਤੇ ਬਹਿਸ ਰਾਹੀਂ ਸਿੱਖਾਂ ਦੀ ਆਵਾਜ਼ ਬੁਲੰਦ ਕਰਨਾ ਚਾਹੁੰਦਾ ਹਾਂ। ਇਸ ਪਲੇਟਫਾਰਮ ਦੀ ਮੈਂ ਵਰਤੋਂ ਕੀਤੀ ਹੈ।'

## ਭਾਰਤ ਵਿਚ ਸਿੱਖ ਯਾਤਰੀਆਂ ਉੱਤੇ ਰੋਕਾਂ ਵਿਰੁਧ ਨਨਕਾਣਾ ਸਾਹਿਬ ਤੇ ਲਾਹੌਰ 'ਚ ਰੋਸ ਮੁਜ਼ਾਹਰੇ

ਵਿਸ਼ੇਸ਼ ਰੇਲ ਗੱਡੀ ਜੋ ਵਾਹਗਾ ਸਟੇਸ਼ਨ ਤੋਂ ਭਾਰਤੀ ਫਾਟਕ ਆ ਕੇ ਖੜ੍ਹੀ ਸੀ ਅਤੇ ਔਕਾਫ਼ ਟਰੱਸਟ ਪ੍ਰਾਪਰਟੀ ਬੋਰਡ ਪਾਕਿਸਤਾਨ ਵੱਲੋਂ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਦੇ ਕੇਅਰ ਟੇਕਰ ਅਜਰ ਅੱਬਾਸ ਅਤੇ ਸਾਥੀ ਸਿੰਘਾਂ ਲਈ ਚਾਹ ਅਤੇ ਲੰਗਰ ਲਿਆ ਕੇ ਬੈਠੇ ਰਹੇ ਅਤੇ ਸਿੱਖ ਯਾਤਰੀਆਂ ਨੂੰ ਜੀ ਆਇਆ ਕਹਿਣ ਲਈ ਚੇਅਰਮੈਨ ਸਦੀਕ ਉਲ ਫਰੂਕ ਐਡੀਸ਼ਨਲ ਸੈਕਟਰੀ, ਸਦੀਕ ਡਿਪਟੀ ਸੈਕਟਰੀ, ਇਮਰਾਨ ਖ਼ਾਨ ਗੋਂਦਲ ਅਤੇ ਜਨਰਲ ਸਕੱਤਰ ਫਰਾਜ ਅੱਬਾਸ, ਪ੍ਰਧਾਨ ਤਾਰਾ ਸਿੰਘ, ਰੇਸ਼ਮ ਸਿੰਘ ਅਰੋੜਾ ਮੰਤਰੀ ਪੰਜਾਬ, ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ, ਮੈਂਬਰ ਮਹਿੰਦਰ ਸਿੰਘ, ਸਾਬਕਾ ਪ੍ਰਧਾਨ ਬਿਸ਼ਨ ਸਿੰਘ, ਲਾਹੌਰ ਦੇ ਮੇਅਰ, ਡਿਪਟੀ ਕਮਿਸ਼ਨਰ, ਡੀ.ਆਈ.ਜੀ., ਐੱਸ.ਐੱਸ.ਪੀ ਪੁਲਿਸ ਅਤੇ ਹੋਰ ਅਧਿਕਾਰੀ ਸ਼ਾਮ 5 ਵਜੇ ਤੱਕ ਬੈਠੇ ਰਹੇ, ਪਰ ਫਿਰ ਵੀ ਰੇਲ ਗੱਡੀ ਵਾਪਸ ਭੇਜ ਦਿੱਤੀ ਗਈ। ਸਿੱਖਾਂ ਨੂੰ ਪਤਾ ਲੱਗਣ 'ਤੇ ਕਿ ਭਾਰਤ ਤੋਂ ਸਿੱਖ ਯਾਤਰੀਆਂ ਨੂੰ ਪਾਕਿ ਨਹੀਂ ਆਉਣ ਦਿੱਤਾ ਗਿਆ ਤਾਂ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ, ਜਿਸ ਦੇ ਰੋਸ ਵਜੋਂ ਸਿੱਖਾਂ ਵੱਲੋਂ ਨਾਅਰੇਬਾਜ਼ੀ ਕੀਤੀ ਗਈ।

## ਰਾਸ਼ਟਰਪਤੀ ਲਈ ਰਾਮ ਨਾਥ ਕੋਵਿੰਦ ਬਣੇ ਬੈਂਸ ਭਰਾਵਾਂ ਦੀ ਪਸੰਦ

ਪਾਰਟੀ ਨੇ ਭਰੋਸਾ ਦਿੱਤਾ ਹੈ ਕਿ ਉਨ੍ਹਾਂ ਦੀਆਂ ਦੋਵੇਂ ਵੋਟਾਂ ਐਨਡੀਏ ਉਮੀਦਵਾਰਾਂ ਦੇ ਹੱਕ ਵਿੱਚ ਹੀ ਜਾਣਗੀਆਂ। ਸ੍ਰੀ ਬੈਂਸ ਨੇ ਆਖਿਆ ਕਿ ਕਾਂਗਰਸ ਦੀ ਸਰਕਾਰ ਨੇ ਤਿੰਨ ਮਹੀਨਿਆਂ ਵਿੱਚ ਸੂਬੇ ਦਾ ਬੁਰਾ ਹਾਲ ਕਰ ਦਿੱਤਾ ਹੈ, ਇਸ ਲਈ ਉਹ ਐਨਡੀਏ ਨੂੰ ਸਮਰਥਨ ਦੇਣਗੇ। ਇਸ ਮੌਕੇ ਵਿਜੇ ਸਾਂਪਲਾ ਨੇ ਵੀ ਪੁਸ਼ਟੀ ਕੀਤੀ ਕਿ ਉਹ ਐਨਡੀਏ ਦੇ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਦੇ ਸਮਰਥਨ ਬਾਰੇ ਬੈਂਸ ਭਰਾਵਾਂ ਨੂੰ ਮਿਲੇ ਸਨ ਤੇ ਉਨ੍ਹਾਂ ਨੇ ਸਮਰਥਨ ਦਾ ਭਰੋਸਾ ਦਿੱਤਾ ਹੈ। ਇਸ ਦੌਰਾਨ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦਾ 'ਆਪ' ਨਾਲ ਗਠਜੋੜ ਬਰਕਰਾਰ ਰਹੇਗਾ ਪਰ ਉਹ ਰਾਸ਼ਟਰਪਤੀ ਅਹੁਦੇ ਲਈ ਐਨਡੀਏ ਉਮੀਦਵਾਰ ਦਾ ਸਾਥ ਹੀ ਦੇਣਗੇ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਕਿਸ ਨੂੰ ਸਮਰਥਨ ਦੇਵੇਗੀ, ਇਸ ਬਾਰੇ ਉਹ ਕੁੱਝ ਨਹੀਂ ਕਹਿ ਸਕਦੇ।


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Katha
Kirtan
News
Debate
Discussion
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889

# RESIDENTIAL, COMMERCIAL AND SOLAR FARMS

**with Sunpreme High Performance Bifacial Smart Panels**

## ਆਪਣੇ ਘਰ ਅਤੇ ਕਾਰੋਬਾਰ ਤੇ ਸੋਲਰ ਸਿਸਟਮ ਲਗਾਉਣ ਲਈ ਸਤਨਾਮ ਸਿੰਘ ਖਾਲਸਾ ਨਾਲ ਅੱਜ ਹੀ ਸੰਪਰਕ ਕਰੋ




## ਬਿਜਲੀ ਦੇ ਬਿਲ ਤੋਂ ਹਮੇਸ਼ਾਂ ਲਈ ਛੁਟਕਾਰਾ

**Satnam Singh Khalsa 510.706.1300**

info@sunsolarmax.com

SUNPREME
Premium Bifacial Thin Film Solar


THATH
ਵੱਖਰੇ
BIKKAR
BADSHAH
ENTERTAINMENT
BULLET
JUS 24x7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24x7
9x TASHAN
4 channels for only $14.99 on dish | sling
Call 1-888-246-6242 to Subscribe
and get a gift card worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com


Canadian
Highest Grade Wheat
Say Bana
SHER
SHER
DURUM ATTA
DESI STYLE
20 lb
9.07 kg
SHER ATTA GHAR LAAO
www.sherbrarmills.com